ਮਹਾਂਬਲੀ
ਗੁਰੂ ਗੋਬਿੰਦ ਸਿੰਘ ਜੀ



ਪੰਥ ਰਤਨ ਗਿ: ਸੰਤ ਸਿੰਘ ਜੀ ਮਸਕੀਨ

ਦੇ ਚੋਣਵੇਂ ਲੈਕਚਰ

35

ਮਗਾਂਬਲੀ
ਗੁਰੂ ਗੋਬਿੰਦ ਸਿੰਘ ਜੀ

੧ੴ ਸਤਿਗੁਰ ਪ੍ਰਸਾਦਿ ॥

ਮਹਾਂਬਲੀ
ਗੁਰੂ ਗੋਬਿੰਦ ਸਿੰਘ ਜੀ

ਪੰਥ ਰਤਨ
ਗਿ: ਸੰਤ ਸਿੰਘ ਜੀ ਮਸਕੀਨ

ਦੇ ਚੋਣਵੇਂ ਲੇਖਾਂ ਦੀ ਪੁਸਤਕ

ਸੰਪਾਦਕ :
ਮਨਜਿੰਦਰ ਸਿੰਘ

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

ISBN : 81-7601-838-4

ਪਹਿਲੀ ਵਾਰ ਜੂਨ 2007

ਦੂਜੀ ਵਾਰ ਅਗਸਤ 2011

ਭੇਟਾ : 100-00

An ISO 9001:2008 Certified Publishing House No. 101809-A01

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974

ਫੈਕਸ : (0183) 5017488

E-mail : csjssales@hotmail.com

: csjspurchase@yahoo.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 0183-2705003, 5095774

Printed & Bound in India

ਵਿਸ਼ੇਸ਼ ਧੰਨਵਾਦ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੈਂਕਾਕ

ਅਤੇ

ਸਾਧ ਸੰਗਤ ਬੈਂਕਾਕ ਅਤੇ ਥਾਈਲੈਂਡ

ਜਿੰਨਾਂ ਦੇ ਸਹਿਯੋਗ ਸਦਕਾ ਇਹ ਪੁਸਤਕ ਆਪ ਜੀ ਤਕ ਪੰਹੁਚੀ।

—ਸੰਪਾਦਕ

ਤਤਕਰਾ

☆☆☆

ਸ਼ਲਾਘਾ ਯੋਗ ਉਪਰਾਲਾ

ਸਿੱਖ-ਪੰਥ ਦੇ ਮਹਾਨ ਅਨੁਭਵੀ ਵਿਦਵਾਨ, ਪੰਥ-ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਵਿਸ਼ਾਲ ਗਿਆਨ ਭੰਡਾਰ ਦੇ ਸਾਗਰ, ਸਿੱਖ ਸੰਗਤਾਂ ਦੇ ਦਿਲਾਂ ਦੀ ਧੜਕਣ, ਜਿਹਨਾਂ ਨੇ ਸੰਸਾਰ ਭਰਮਣ ਕਰਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਦੀ ਬਦੌਲਤ ਜਿਹਨਾਂ ਮੁਲਕਾਂ ਵਿਚ ਹਾਲੇ ਸਿੱਖੀ ਦਾ ਪ੍ਰਚਾਰ ਨਹੀਂ ਸੀ ਹੋ ਰਿਹਾ, ਉਹਨਾਂ ਮੁਲਕਾਂ ਵਿਚ ਵੀ ਸਿੱਖ ਧਰਮ ਦੇ ਪ੍ਰਚਾਰ ਦੇ ਕੇਂਦਰ ਬਣ ਗਏ। ਮਸਕੀਨ ਜੀ ਜਿਥੇ ਜਿਥੇ ਵੀ ਗਏ, ਸੰਗਤਾਂ ਨੇ ਭਰਪੂਰ ਮਾਣ ਸਤਿਕਾਰ ਨਾਲ ਨਿਵਾਜਿਆ। ਫਿਰ ਸੰਗਤਾਂ ਨੇ ਮਸਕੀਨ ਜੀ ਦੇ ਅਨਮੋਲ ਬਚਨਾਂ ਨੂੰ ਰਿਕਾਰਡ ਕਰਕੇ ਸੰਭਾਲਿਆ। ਐਸੇ ਵਿਦਵਾਨ ਕੁਦਰਤ ਕਈ ਸਦੀਆਂ ਬਾਅਦ ਹੀ ਪੈਦਾ ਕਰਦੀ ਹੈ। ਸਿੱਖ ਪੰਥ ਵਲੋਂ ਜਿਤਨਾ ਸਤਿਕਾਰ ਮਸਕੀਨ ਜੀ ਨੂੰ ਮਿਲਿਆ, ਸ਼ਾਇਦ ਕਿਸੇ ਵਿਰਲੇ ਨੂੰ ਹੀ ਮਿਲਿਆ ਹੋਵੇ।

ਅਜੋਕੇ ਯੁੱਗ ਵਿਚ ਐਸੇ ਸਾਧਨ ਮੌਜੂਦ ਹਨ ਕਿ ਕਿਸੇ ਮਹਾਨ ਵਿਅਕਤੀ ਦੇ ਵਿਚਾਰ ਸਦੀਆਂ ਤੱਕ ਸੰਭਾਲੇ ਜਾ ਸਕਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਤੋਂ ਮਾਰਗ-ਦਰਸ਼ਨ ਕਰ ਸਕਣ। ਮਸਕੀਨ ਜੀ ਆਪਣੀ ਮਿਸਾਲ ਆਪ ਹੀ ਸਨ, ਇਹਨਾਂ ਦੀ ਕਿਸੇ ਦੂਸਰੇ ਵਿਦਵਾਨ ਨਾਲ ਤੁਲਨਾ ਨਹੀਂ ਹੋ ਸਕਦੀ।

ਗੁਰਸਿੱਖਾਂ ਦੇ ਮਹਾਨ ਉਪਰਾਲੇ ਸਦਕਾ ਅੱਜ ਵੀ ਹਰ ਰੋਜ਼ ਮਸਕੀਨ ਜੀ ਦੇ ਵਿਚਾਰ ਤੁਸੀਂ ਈ.ਟੀ.ਸੀ. ਚੈਨਲ 'ਤੇ ਸਰਵਣ ਕਰ ਸਕਦੇ ਹੋ। ਇਹ ਉਸ ਮਹਾਨ ਵਿਦਵਾਨ ਪ੍ਰਤੀ ਸ਼ਰਧਾਂਜਲੀ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੈਂਕੋਕ ਦੀ ਸੰਗਤ ਨੇ ਵੀ ਉਪਰਾਲਾ ਕੀਤਾ ਹੈ ਮਸਕੀਨ ਜੀ ਦੇ ਵਿਚਾਰਾਂ ਨੂੰ ਰਿਕਾਰਡ ਕਰਕੇ। ਫਿਰ ਇਹ ਸਿਦਕ ਨਾਲ ਮਹਿਸੂਸ ਕੀਤਾ ਗਿਆ ਕਿ ਇਹਨਾਂ ਕੈਸਟਾਂ ਤੋਂ ਲਿਖਤੀ ਰੂਪ ਵਿਚ ਉਤਾਰਾ ਕਰਕੇ, ਇਹਨਾਂ ਨੂੰ ਛਪਾਈ ਦਾ ਜਾਮਾ ਪਹਿਨਾਇਆ ਜਾ ਸਕੇ। ਗੁਰਸਿੱਖਾਂ ਦਾ ਇਹ ਕਦਮ ਬੜਾ ਹੀ ਸ਼ਲਾਘਾ ਯੋਗ ਹੈ। ਇਸ ਨਾਲ ਇਹ ਵਿਚਾਰ ਘਰ-ਘਰ ਤੇ ਸਾਰੀ ਦੁਨੀਆਂ ਤੱਕ ਪਹੁੰਚ ਸਕਣਗੇ।

ਇਸੇ ਲੜੀ ਦੀ ਇਹ ਹੱਥਲੀ ਪੁਸਤਕ ਮਹਾਂਬਲੀ ਗੁਰੂ ਗੋਬਿੰਦ ਸਿਘ ਜੀ ਹਾਜ਼ਰ ਹੈ। ਇਸ ਵਿਚ ਮਸਕੀਨ ਜੀ ਦੇ ਪੰਜ ਲੈਕਚਰ ਹਨ : ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ, ਬਿਨੁ ਨਾਵੈ ਜੀਵਨੁ ਬਿਰਥਾ, ਸੁਪਨੈ ਸੁਖੁ ਨ ਹੋਈ, ਗੁਰ ਕੇ ਚਰਨ ਜੀਅ ਕਾ ਨਿਸਤਾਰਾ, ਤੂ ਦਾਤਾ

ਦਾਤਾਰੁ ਦਰਜ ਹਨ ਆਸ ਹੈ ਕਿ ਇਸ ਉਪਰਾਲੇ ਨੂੰ ਸਿੱਖ ਸੰਗਤਾਂ ਭਰਪੂਰ ਹੁੰਗਾਰਾ ਦੇਣਗੀਆਂ।

—ਮਨਜਿੰਦਰ ਸਿੰਘ
ਸੰਪਾਦਕ

ਬੀ 1/284, ਮਕਸੂਦਾਂ,
ਜਲੰਧਰ

ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ

ਸਨਮਾਨ ਯੋਗ, ਗੁਰੂ ਸਰੂਪ ਸਾਧ ਸੰਗਤ ਜੀ!

ਸਨਿਮਰ ਫ਼ਤਹਿ ਪ੍ਰਵਾਨ ਕਰੋ :

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਦੋ ਪੰਗਤੀਆਂ ਦੁਆਰਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਾਰੇ ਤੁੱਛ ਬੁੱਧੀ ਅਨੁਸਾਰ ਥੋੜ੍ਹੇ ਜਿਹੇ ਸ਼ਬਦ ਸ਼ਰਧਾਂਜਲੀ ਦੇ ਰੂਪ ਵਿੱਚ ਉਹਨਾਂ ਦੇ ਕਦਮਾਂ ਵਿੱਚ ਭੇਟ ਕਰਾਂਗਾ :

ਜਦੋਂ ਮੇਰਾ ਪਿਆਰਾ ਮੇਰੇ ਸਾਹਮਣੇ ਆਉਂਦਾ ਹੈ, ਆਪਣੇ ਮੁਖਾਰਬਿੰਦ ਤੋਂ ਕੁਝ ਬੋਲ ਕੱਢਦਾ ਹੈ, ਇਹ ਬਾਹਰ ਚੜ੍ਹੇ ਹੋਏ ਸੂਰਜ 'ਤੇ ਮੇਰੇ ਪਿਆਰੇ ਦੇ ਬੋਲ ਲੱਖਾਂ ਲਾਹਨਤਾਂ ਪਾਉਂਦੇ ਹਨ। ਕਿਉਂ? ਨੰਦ ਲਾਲ ਕਹਿੰਦੇ ਹਨ, ਅਨੰਤ ਕਾਲ ਤੋਂ ਇਹ ਸੂਰਜ ਚੜ੍ਹਿਆ ਹੋਇਆ ਹੈ, ਮੇਰੇ ਦਿਲ ਦਾ ਗ਼ੁਬਾਰ ਇਸਨੇ ਦੂਰ ਨਹੀਂ ਕੀਤਾ। ਮੇਰੇ ਦਿਲ ਦਾ ਅੰਧਕਾਰ ਇਸ ਨੇ ਦੂਰ ਨਹੀਂ ਕੀਤਾ। ਸਤਿਗੁਰੂ ਦੇ ਬੋਲਾਂ ਨਾਲ ਚਾਨਣਾ ਹੋ ਗਿਆ।

ਅਵਤਾਰਾਂ ਦਾ ਜਿਹੜਾ ਆਉਣਾ ਹੁੰਦਾ ਹੈ, ਇਸ ਦੇ ਨਾਲ ਜਨਮ ਦੀ ਕਿਰਿਆ ਅਸੀਂ ਨਹੀਂ ਜੋੜਦੇ। ਕਾਰਨ?

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥

(ਅੰਗ ੨੯੫)

ਕੁਝ ਮੁਕਤ ਰੂਹਾਂ ਜਗਤ ਦੇ ਕਲਿਆਣ ਹਿੱਤ ਆਪਣੀ ਮਰਜ਼ੀ ਨਾਲ ਆ ਜਾਂਦੀਆਂ ਹਨ, ਜਿਸਨੂੰ ਗੁਰਬਾਣੀ ਇੰਝ ਵੀ ਕਹਿੰਦੀ ਹੈ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

(ਅੰਗ ੭੪੯)

ਨਾ ਇਸ ਤਰ੍ਹਾਂ ਦੇ ਜੀਵਨ ਦੀ ਲਾਲਸਾ ਹੈ ਤੇ ਨਾ ਮਰਨ ਦਾ ਭੈਅ ਹੈ। ਮੁਕਤ ਹੈ ਪਰ ਆ ਗਏ ਹਨ। ਕਿਉਂ? ਜਗਤ ਨੂੰ ਮੁਕਤ ਕਰਨ ਲਈ। ਸਮੇਂ ਸਮੇਂ ਦੇ ਮੁਤਾਬਿਕ ਇਹ ਲੋੜ ਪੈਂਦੀ ਹੈ। ਖੱਤਰੀ ਲੋਕਾਂ ਦਾ ਹੰਕਾਰ ਇੰਨਾ ਸਿਖਰ 'ਤੇ ਪਹੁੰਚ ਗਿਆ, ਕਦਮ-ਕਦਮ 'ਤੇ ਖ਼ੂਨ

ਖ਼ਰਾਬੇ, ਥੋੜ੍ਹੀ-ਥੋੜ੍ਹੀ ਜ਼ਮੀਨ ਦੇ ਟੁਕੜੇ ਲਈ ਸੈਂਕੜਿਆਂ ਦੀਆਂ ਲਾਸ਼ਾਂ ਵਿਛਾਅ ਦੇਣੀਆਂ। ਇਹ ਚਾਰੋਂ ਪਾਸੇ ਖ਼ੂਨ ਖ਼ਰਾਬਾ ਜਾਰੀ ਸੀ, ਉਸ ਸਮੇਂ ਦੋ ਅਵਤਾਰਾਂ ਦਾ ਆਉਣਾ ਹੋਇਆ ਭਾਰਤ ਦੇ ਵਿੱਚ। ਇੱਕ ਮਹਾਤਮਾ ਬੁੱਧ, ਇੱਕ ਸੁਆਮੀ ਮਹਾਂਵੀਰ। ਉਹਨਾਂ ਨੇ ਨਾਹਰਾ ਲਾਇਆ, *'ਅਹਿੰਸਾ ਪਰਮੋ ਧਰਮੰ'* ਕਿਉਂਕਿ ਖ਼ੂਨ ਖ਼ਰਾਬਾ ਬਹੁਤ ਹੋ ਰਿਹਾ ਸੀ। ਜਿਹੜਾ ਤਾਕਤਵਰ ਸੀ ਕਮਜ਼ੋਰ ਨੂੰ ਖ਼ਤਮ ਕਰ ਦਿੰਦਾ ਸੀ। ਅਜਿਹੇ ਸਮੇਂ ਵਿੱਚ ਇਹਨਾਂ ਦੋ ਪੁਰਸ਼ਾਂ ਨੇ ਅਹਿੰਸਾ ਦਾ ਨਾਅਰਾ ਲਾਇਆ। ਇਹਨਾਂ ਦੀ ਵਿਚਾਰਧਾਰਾ ਦੀ ਲਪੇਟ ਵਿਚ ਸਮੇਂ ਦੇ ਬੜੇ ਬੜੇ ਰਾਜੇ ਮਹਾਰਾਜੇ ਆਏ। ਅਹਿੰਸਾ ਇੰਨੀ ਫੈਲ ਗਈ, ਅਹਿੰਸਾ ਦੇ ਇੰਨੇ ਲੋਕ ਪਾਬੰਧ ਹੋ ਗਏ ਕਿ ਇਹਨਾਂ ਦੇ ਅੰਦਰ ਸੂਰਵੀਰਤਾ ਵੀ ਖ਼ਤਮ ਹੋ ਗਈ। ਹੋਇਆ ਕੀ? ਸਿਰਫ਼ 500 ਸਿਪਾਹੀ ਬਾਬਰ ਲੈ ਕੇ ਆਇਆ, ਉਸਨੇ ਸਾਰੇ ਭਾਰਤ ਨੂੰ ਗ਼ੁਲਾਮ ਕਰ ਦਿੱਤਾ। ਬੜੀ ਭਿਅੰਕਰ ਕਤਲੇਆਮ ਕੀਤੀ। ਪਹਿਲੇ ਇਹ ਸੂਰਵੀਰ ਸਨ; ਕਮਜ਼ੋਰਾਂ ਦਾ ਕਤਲ ਕਰਦੇ ਸਨ, ਫਿਰ ਸਹਿਜੇ ਸਹਿਜੇ ਆਪ ਕਾਇਰ ਹੋ ਗਏ। ਮੁਗ਼ਲ ਆਏ ਤੇ ਉਹਨਾਂ ਨੇ ਕਤਲੇਆਮ ਕੀਤੀ। ਉਸ ਸਮੇਂ ਪਹਿਲਾਂ ਧੰਨ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ: ਬਾਬਰ ਤੂੰ ਜਾਬਰ ਹੈਂ। ਇਹ ਤਾਂ

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

(ਅੰਗ ੭੨੨)

ਤੂੰ ਪਾਪੀਆਂ ਦੀ ਜੰਞ ਬਣਾ ਕੇ ਲਿਆਇਆ ਹੈਂ। ਲੁਟੇਰਿਆਂ ਨੂੰ ਨਾਲ ਲੈ ਕੇ ਆਇਆ ਹੈਂ। ਇਥੇ ਇੱਕ ਤਰਕ ਹੁੰਦੀ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ; ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਕਰਦੇ ਹਨ, ਭਾਣਾ ਮੰਨਣ ਦਾ ਬਾਰ-ਬਾਰ ਉਪਦੇਸ਼ ਕਰਦੇ ਹਨ ਅਤੇ ਭਾਣਾ ਮੰਨਣਾ ਬੜਾ ਔਖਾ ਦੱਸਦੇ ਹਨ, ਇਸਦੀ ਪਾਲਣਾ ਕਰਨੀ ਹੈ, ਇਹ ਬਾਰ ਬਾਰ ਸਮਝਾਉਂਦੇ ਹਨ, ਪਰ ਇਥੇ ਆ ਕੇ ਪਰੀਪੂਰਨ ਪ੍ਰਮਾਤਮਾ ਦੇ ਸਾਹਮਣੇ ਫ਼ਰਿਆਦ ਕਰਦੇ ਹਨ ਕਿ ਹੇ ਪ੍ਰਭੂ! ਇਹ ਠੀਕ ਨਹੀਂ ਹੋ ਰਿਹਾ। ਤੁਸੀਂ ਸਮੇਂ ਦੇ ਅਵਤਾਰੀ ਪੁਰਸ਼ ਹੋ ਕੇ ਅਜਿਹਾ ਕਹਿੰਦੇ ਹੋ। ਤਾਂ ਸਾਹਿਬ ਕਹਿੰਦੇ ਹਨ :

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

(ਅੰਗ ੩੬੦)

ਸ਼ੇਰ, ਸ਼ੇਰ ਦੇ ਨਾਲ ਲੜੇ, ਮਹਾਰਾਜ ਕਹਿੰਦੇ ਹਨ, ਮੈਂ ਤੇਰੇ ਕੋਲ ਫ਼ਰਿਆਦ ਨਹੀਂ ਕਰਨੀ। ਮੈਨੂੰ ਕਹਿਣ ਦੀ ਲੋੜ ਨਹੀਂ। ਲੜਦੇ ਪਏ ਹਨ ਦੋਵੇਂ ਸ਼ੇਰ। ਪਰ ਤਾਕਤਵਰ ਸ਼ੇਰ ਗਊਆਂ ਦੇ ਵੱਗ ਉੱਤੇ ਟੁੱਟ ਪਏ ਤੇ ਗਊਆਂ ਨੂੰ ਚੀਰ ਫਾੜ ਕੇ ਖਾਣ ਲੱਗ ਪਵੇ, ਮੈਂ ਮਾਲਕ ਦੇ ਕੋਲੋਂ ਜ਼ਰੂਰ ਪੁੱਛਾਂਗਾ, ਅਜਿਹਾ ਕਿਉਂ ਹੋ ਰਿਹਾ ਹੈ?

ਸਹਿਜੇ ਸਹਿਜੇ ਇਹ ਅਵਾਜ਼ ਗੁਰੂ ਘਰ ਤੋਂ ਬੁਲੰਦ ਹੋਈ। ਪਰ ਬਹੁਤ ਕੁਝ ਕਤਲੇਆਮ ਹੋ ਗਿਆ, ਬੜੀ ਬਰਬਾਦੀ ਹੋ ਗਈ। ਉਸ ਸਮੇਂ ਦਸਵੇਂ ਗੁਰੂ ਨਾਨਕ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਵਾਜ਼ ਉਠਾਈ : ਜੇ ਸ਼ੇਰ ਆਪਣਾ ਸੁਭਾਅ ਨਹੀਂ ਬਦਲਦਾ ਤਾਂ ਮਜਬੂਰਨ ਮੈਨੂੰ ਗਊਆਂ ਨੂੰ ਸ਼ੇਰ ਬਣਾਉਣਾ ਪਵੇਗਾ। ਭਾਵੇਂ ਭਾਰਤ ਦੇ ਪ੍ਰਾਚੀਨ ਰਿਸ਼ੀਆਂ, ਮੁਨੀਆਂ ਨੇ ਸਹੀ ਚੁਣਾਓ ਕੀਤਾ ਸੀ। ਤੁਸੀਂ ਪ੍ਰਾਚੀਨ ਇਤਿਹਾਸਕ ਮੰਦਿਰ ਭਾਰਤ ਦੇ ਦੇਖੋਗੇ, ਮੰਦਿਰ ਦੇ ਬਾਹਰ ਸ਼ੇਰ ਦੀ ਮੂਰਤੀ ਹੈ, ਗਊਆਂ ਦੀ ਮੂਰਤੀ ਹੈ। ਅੰਦਰ ਤਾਂ ਕਿਸੇ ਅਵਤਾਰ ਦੀ ਮੂਰਤੀ ਹੋਵੇਗੀ। ਇਹ ਪ੍ਰਤੀਕ ਹੈ ਕਿ ਪ੍ਰਮਾਤਮਾ ਤੱਕ ਉਹ ਹੀ ਪਹੁੰਚ ਸਕਦਾ ਹੈ, ਜਿਸਦੇ ਕੋਲ ਗਊ ਵਰਗੀ ਸ਼ਰਾਫਤ ਹੈ ਤੇ ਨਿਰਮਾਣਤਾ ਹੈ। ਜਿਸਦੇ ਕੋਲ ਸ਼ੇਰ ਵਰਗਾ ਸਾਹਸ ਹੈ, ਦਲੇਰੀ ਹੈ, ਹਿੰਮਤ ਹੈ। ਮੁਗ਼ਲਾਂ ਕੋਲ ਸਾਹਸ ਸੀ, ਹਿੰਮਤ ਸੀ, ਦਲੇਰੀ ਸੀ ਪਰ ਵਿਨਿਮਰਤਾ ਨਹੀਂ ਸੀ। ਭਾਰਤ ਵਾਸੀਆਂ ਕੋਲ ਵਿਨਿਮਰਤਾ ਬੜੀ ਸੀ, ਨਿਰਮਾਣਤਾ ਬੜੀ ਸੀ, ਦਲੇਰੀ ਨਹੀਂ ਸੀ। ਗਊ ਸਿਰਫ਼ ਗਊ ਸੀ, ਸ਼ੇਰ ਸਿਰਫ਼ ਸ਼ੇਰ ਸੀ। ਸਤਿਗੁਰੂ ਮਹਾਰਾਜ ਜੀ ਨੇ ਕਿਹਾ: ਮੈਂ ਉਹ ਸੂਰਵੀਰ ਬਣਾਉਣਾ ਹੈ, ਜੋ ਗਊ ਵੀ ਹੋਵੇਗਾ, ਸ਼ੇਰ ਵੀ ਹੋਵੇਗਾ। ਭਲੇਮਾਣਸੀ ਵਿੱਚ ਸਿੱਖਰਤਾ ਨੂੰ ਛੂਹੇਗਾ ਅਤੇ ਦਲੇਰੀ ਵਿੱਚ ਵੀ ਸਿੱਖਰਤਾ ਨੂੰ ਛੂਹੇਗਾ।

ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਬੜਾ ਕੀਮਤੀ ਵਾਕ ਹੈ,

ਆਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥

(ਅੰਗ ੩੨੭)

ਮੈਂ ਵਿਸਥਾਰ ਕਰਨ ਤੋਂ ਪਹਿਲਾਂ ਇੰਨਾ ਅਰਜ਼ ਕਰ ਦੇਵਾਂ: ਹਰ ਅਵਤਾਰੀ ਪੁਰਸ਼ ਦਾ ਆਪਣਾ ਇਤਿਹਾਸ ਹੁੰਦਾ ਹੈ, ਫਿਰ ਕੁਝ ਉਸਦਾ ਸਿਧਾਂਤ ਹੁੰਦਾ ਹੈ, ਕੁਝ ਉਸਦਾ ਸੰਸਾਰ ਦੇ ਪ੍ਰਤੀ ਉਪਦੇਸ਼ ਹੁੰਦਾ ਹੈ। ਇਤਿਹਾਸ ਵੀ ਲਾਜ਼ਮੀ ਰਪੀਟ ਹੋਣਾ ਚਾਹੀਦਾ ਹੈ। ਕਹਿੰਦੇ ਹਨ ਜਿੰਨ੍ਹਾਂ ਕੌਮਾਂ ਦਾ ਇਤਿਹਾਸ ਮਿੱਟ ਜਾਂਦਾ ਹੈ, ਉਹ ਕੌਮਾਂ ਮਿੱਟ ਜਾਂਦੀਆਂ ਹਨ। ਸਾਡੇ ਨੌਜਵਾਨ ਤੇ ਬਹੁਤੇ ਸਿੱਖ ਫ਼ਿਲਮ ਸਟਾਰਾਂ ਬਾਰੇ ਤਾਂ ਬਹੁਤ ਕੁਝ ਜਾਣਦੇ ਹਨ ਪਰ ਪੰਜ ਪਿਆਰਿਆਂ ਬਾਰੇ ਕੁਝ ਵੀ ਨਹੀਂ ਜਾਣਦੇ। ਭਾਈ ਮਨੀ ਸਿੰਘ ਬਾਰੇ, ਬਾਬਾ ਦੀਪ ਸਿੰਘ ਜੀ ਬਾਰੇ, ਭਾਈ ਗੁਰਦਾਸ ਬਾਰੇ ਕੁਝ ਵੀ ਨਹੀਂ ਜਾਣਦੇ। ਇਕ ਫ਼ਕੀਰ ਕਹਿੰਦਾ ਹੈ, ਜਿੰਨ੍ਹਾਂ ਵਰਕਿਆਂ ਨੂੰ ਪੜ੍ਹ ਕੇ ਪਾੜ ਚੁੱਕਿਆ ਹੈਂ, ਇਕ ਪਾਸੇ ਸੁੱਟ ਚੁੱਕਿਆ ਹੈਂ, ਇਹਨਾਂ ਨੂੰ ਫਿਰ ਜੋੜ, ਇਹਨਾਂ ਨੂੰ ਫਿਰ ਪੜ੍ਹ ਤਾਂ ਕਿ ਤੇਰੇ ਸੀਨੇ ਵਿੱਚ ਭੁੱਲੀਆਂ ਹੋਈਆਂ ਯਾਦਾਂ ਫਿਰ ਤਾਜ਼ਾ ਹੋ ਜਾਣ। ਇਤਿਹਾਸ ਰਪੀਟ ਕਰਨਾ ਪੈਂਦਾ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਪਣਾ ਇੱਕ ਮਹਾਨ ਇਤਿਹਾਸ ਹੈ। ਫਿਰ ਜਗਤ ਦੇ ਪ੍ਰਤੀ ਉਹਨਾਂ ਦਾ ਸੰਦੇਸ਼ ਹੈ। ਉਹਨਾਂ ਦਾ ਮੂਲ ਸੰਦੇਸ਼ ਪਹਿਲਾਂ ਤੁਹਾਡੇ ਸਾਹਮਣੇ ਰੱਖਾਂ-

ਬਿਨ ਕਰਤਾਰ ਨਾ ਕਿਰਤਮ ਮਾਨੋ॥

ਕਰਿਤ ਨੂੰ ਕਰਤਾ ਨਾ ਮੰਨ। ਕਿਰਤ ਤਾਂ ਬਣਦੀ ਹੈ ਮਿੱਟਦੀ ਹੈ। ਕਰਤਾਰ ਨੂੰ ਹੀ ਕਰਤਾਰ ਕਰਕੇ ਮੰਨ। ਹੇ ਮੇਰੇ ਪਾਤਿਸ਼ਾਹ! ਅਨੰਤ ਜਨਮਾਂ ਤੋਂ ਮੈਂ ਚਲਿਆ ਆ ਰਿਹਾ ਹਾਂ ਅਤੇ ਇਹ ਸੂਰਜ ਮੌਜੂਦ ਹੈ। ਮੇਰੇ ਦਿਲ ਦੇ ਹਨੇਰੇ ਨੂੰ ਉਸਨੇ ਨਹੀਂ ਮਿਟਾਇਆ, ਤੁਹਾਡੇ ਬੋਲਾਂ ਨੇ ਮਿਟਾਇਆ ਹੈ। ਫਿਰ ਕਰਤਾਰ ਨੂੰ ਪ੍ਰਾਪਤ ਕਿਵੇਂ ਕਰੀਏ:

ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥

(ਦਸਮ ਗ੍ਰੰਥ, ਪੰਨਾ ੭੧੨)

ਭੁੱਲ ਕੇ ਵੀ ਮੜੀਆਂ, ਕਬਰਾਂ ਦਾ ਪੁਜਾਰੀ ਨਾ ਬਣੇ ਅਤੇ ਕਾਇਆ ਨੂੰ ਪ੍ਰਮਾਤਮਾ ਨਾ ਮੰਨੇ। ਕਾਇਆ ਤਾਂ ਲਹਿਰ ਦੀ ਤਰ੍ਹਾਂ ਹੈ, ਅੱਜ ਹੈ ਕੱਲ ਮਿੱਟ ਜਾਏਗੀ। ਫਿਰ ਮੰਨ ਲਈਏ ਗੁਰੂ ਮਿੱਟ ਗਿਆ, ਪ੍ਰਮਾਤਮਾ ਮਿੱਟ ਗਿਆ। ਪੂਰਨ ਪ੍ਰੇਮ ਵਿਚ ਸਾਰੀ ਕਾਇਨਾਤ ਆ ਜਾਂਦੀ ਹੈ। ਮੈਂ ਅਰਜ਼ ਕਰਾਂ, ਦੋ ਗਿਆਨੀ ਆਪਸ ਵਿਚ ਲੜ ਪੈਂਦੇ ਹਨ। ਦੋ ਦਾਨੀ ਆਪਸ ਵਿਚ ਈਰਖਾ ਰੱਖਦੇ ਹਨ। ਦਾਨ ਵੀ ਹਿਰਦੇ ਨੂੰ ਸ਼ੁੱਧ ਨਹੀਂ ਰੱਖਦਾ, ਗਿਆਨ ਵੀ ਹਿਰਦੇ ਨੂੰ ਸ਼ੁੱਧ ਨਹੀਂ ਕਰਦਾ, ਅੱਖਰੀ ਗਿਆਨ। ਹਿਰਦੇ ਦੀ ਸ਼ੁੱਧੀ ਪ੍ਰੇਮ ਨਾਲ ਹੁੰਦੀ ਹੈ। ਜਿਸ ਨਾਲ ਪ੍ਰੇਮ ਹੈ ਉਸ ਨਾਲ ਛੱਲ ਕਰਨਾ ਬੜਾ ਔਖਾ ਹੈ, ਉਸ ਨਾਲ ਹਿੰਸਾ ਕਰਨੀ ਬੜੀ ਔਖੀ ਹੈ, ਉਸ ਨਾਲ ਵਧੀਕੀ ਕਰਨੀ ਬੜੀ ਔਖੀ ਹੈ। ਜਿਸ ਨਾਲ ਪ੍ਰੇਮ ਹੈ ਉਸ ਤੋਂ ਮਨੁੱਖ ਸੱਦਕੇ ਤਾਂ ਹੋ ਸਕਦਾ ਹੈ ਪਰ ਉਸ ਨੂੰ ਚੋਟ ਨਹੀਂ ਪਹੁੰਚਾ ਸਕਦਾ। ਜੇ ਪ੍ਰੇਮ ਪੂਰਨ ਹੋਵੇ ਅਤੇ ਸਾਰਿਆਂ ਨਾਲ ਹੋ ਜਾਵੇ ਤਾਂ ਮਨੁੱਖ ਸਾਰਿਆਂ ਦੇ ਪ੍ਰਤੀ ਸ਼ੁੱਧ ਹੋ ਗਿਆ। ਉਹ ਹੀ ਸੰਤ ਹੈ, ਉਹ ਹੀ ਗੁਰਸਿੱਖ ਹੈ, ਉਹ ਹੀ ਖਾਲਸਾ ਹੈ। ਖਾਲਸੇ ਤੋਂ ਮੁਰਾਦ ਸ਼ੁੱਧ, ਪਾਵਨ (ਪਵਿੱਤਰ)। ਕਬੀਰ ਨੇ ਵੀ ਖਾਲਸਾ ਲਫ਼ਜ਼ ਵਰਤਿਆ ਹੈ ਆਪਣੀ ਬਾਣੀ ਵਿਚ।

ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥

(ਅੰਗ ੬੫੪)

ਜਿਸਦੇ ਅੰਦਰ ਪ੍ਰੇਮਾ ਭਗਤੀ ਆ ਗਈ, ਉਹ ਖਾਲਸਾ ਹੈ। ਗੁਰੂ ਗੋਬਿੰਦ ਸਿੰਘ ਜੀ ਫਿਰ ਇਸ 'ਤੇ ਮੋਹਰ ਲਗਾਉਂਦੇ ਹਨ–

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

(ਦਸਮ ਪਾ: ਤ੍ਵਪ੍ਰਸਾਦਿ ਸਵੱਯੇ)

ਆਮ ਸਮਝਿਆ ਜਾਂਦਾ ਹੈ ਕਿ ਸ਼ੇਰ ਸਿਰਫ਼ ਲੜਨਾ ਹੀ, ਤਲਵਾਰ ਚਲਾਉਣਾ ਹੀ, ਬੰਦੂਕ ਚਲਾਉਣਾ ਹੀ ਜਾਣਦਾ ਹੈ। ਨਹੀਂ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਲਖਸ਼

ਸੀ। ਇਕ ਛੋਟਾ ਜਿਹਾ ਇਤਿਹਾਸ ਦਾ ਪੰਨਾ ਮੈਂ ਤੁਹਾਡੇ ਅੱਗੇ ਰੱਖਾਂ। ਪਉਂਟਾ ਸਾਹਿਬ ਤੋਂ ਥੋੜ੍ਹੀ ਜਿਹੀ ਦੂਰ ਭੰਗਾਣੀ ਦਾ ਇਲਾਕਾ। ਬਾਈਧਾਰ ਦੇ ਜਿਹੜੇ ਰਾਜੇ ਸਨ ਇਹਨਾਂ ਨੇ ਆਪਣੇ ਧੀਆਂ, ਭੈਣਾਂ ਦੇ ਡੋਲੇ ਮੁਗ਼ਲਾਂ ਨੂੰ ਦਿੱਤੇ ਹੋਏ ਸਨ। ਔਰੰਗਜ਼ੇਬ ਤੱਕ ਪਹੁੰਚਦਿਆਂ-ਪਹੁੰਚਦਿਆਂ ਹਿੰਮਤ ਇੰਨੀ ਵੱਧ ਗਈ, ਔਰੰਗਜ਼ੇਬ ਨੇ ਕਹਿ ਦਿੱਤਾ ਕਿ ਕੋਈ ਆਪਣੇ ਸੀਸ 'ਤੇ ਕਲਗੀ ਨਹੀਂ ਲਾ ਸਕਦਾ, ਜਦੋਂ ਕਿ ਰਾਜਪੂਤ ਲਾਉਂਦੇ ਸਨ। ਕੋਈ ਆਪਣੇ ਨਾਮ ਨਾਲ ਸਿੰਘ ਸ਼ਬਦ ਵੀ ਨਹੀਂ ਜੋੜ ਸਕਦਾ, ਰਾਜਪੂਤ ਅੱਜ ਵੀ ਸਿੰਘ ਹਨ।

ਸ਼ਾਇਦ ਆਪ ਨੂੰ ਪਤਾ ਹੋਵੇ ਇਹ ਦੁਆਪਰ ਯੁੱਗ ਜਿਵੇਂ ਖ਼ਤਮ ਹੋ ਗਿਆ। ਪਾਂਡਵਾਂ ਦੇ ਪੜ-ਪੋਤਰੇ ਜਨਮੇਜੇ ਨੇ ਆਪਣੇ ਪੁੱਤਰ ਦਾ ਨਾਮ ਰੱਖਿਆ ਸੀ ਅਜੈ ਸਿੰਘ।

ਅਜੈ ਸਿੰਘ ਰਾਖਯੋ ਰਜੀ ਪੁਤ੍ਰ ਸੂਰੰ॥
ਮਹਾਂ ਜੰਗਿ ਜੋਧਾ ਮਹਾਂ ਜਸ ਪੂਰੰ॥ ੨੭॥

(ਦਸਮ ਗ੍ਰੰਥ)

ਰਜੀ ਪੁੱਤਰ, ਰਾਜੇ ਜਨਮੇਜੇ ਦੀ ਰਜੀ ਸੀ ਭਾਵ ਦਾਸੀ, ਜੋ ਦਹੇਜ ਵਿਚ ਮਿਲੀ ਸੀ। ਉਹਨਾਂ ਦਿਨਾਂ ਵਿਚ ਦਹੇਜ ਦੇ ਵਿਚ ਰਾਜੇ ਮਹਾਰਾਜੇ ਆਪਣੀ ਬੱਚੀ ਦੇ ਨਾਲ ਨੌਕਰਾਣੀਆਂ ਨੂੰ ਵੀ ਦੇ ਦਿੰਦੇ ਸਨ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਇਤਿਹਾਸ ਆਪ ਲਿਖਿਆ ਹੈ :

ਲਖੀ ਰੂਪਵੰਤੀ ਮਹਾਰਾਜ ਦਾਸੀ॥
ਮਨੋ ਚੀਰ ਕੈ ਚਾਰ ਚੰਦ੍ਰਾ ਨਿਕਾਸੀ॥ ੨੦॥ ੯੮॥

(ਦਸਮ ਗ੍ਰੰਥ, ਗਿਆਨ ਪ੍ਰਬੋਧ)

ਇਕ ਦਿਨ ਜਨਮੇਜੇ ਨੇ ਇਸ ਦਾਸੀ ਨੂੰ ਦੇਖਿਆ ਤੇ ਉਸਨੂੰ ਅਜਿਹਾ ਅਨੁਭਵ ਹੋਇਆ ਜਿਵੇਂ ਚੰਦਰਮਾ ਨੂੰ ਚੀਰ ਕੇ ਉਸਦੀ ਸਾਰੀ ਚਾਂਦਨੀ ਇਕੱਠੀ ਕਰਕੇ ਇਸਨੂੰ ਬਣਾਇਆ ਗਿਆ ਹੈ। ਇਸ ਰਾਜੇ ਨੇ ਜੋ ਬਨਾਰਸ ਦੇ ਰਾਜੇ ਦੀ ਕੰਨਿਆ ਵਿਆਹ ਕੇ ਲਿਆਂਦੀ ਸੀ, ਉਸ ਨੂੰ ਤਿਆਗ ਦਿੱਤਾ ਤੇ ਦਾਸੀ ਨਾਲ ਵਿਆਹ ਕੀਤਾ। ਪੁੱਤਰ ਹੋਇਆ ਤਾਂ ਅਸ਼ੂਮੇਧ ਯੱਗ ਰੱਚਿਆ, ਬ੍ਰਹਮ ਭੋਜ ਰੱਚਿਆ, ਬੜੀ ਖ਼ੁਸ਼ੀ ਕੀਤੀ। ਇਸਦਾ ਨਾਮ

ਅਜੈ ਸਿੰਘ ਰਾਖਯੋ ਰਜੀ ਪੁਤ੍ਰ ਸੂਰੰ॥

(ਦਸਮ ਗ੍ਰੰਥ, ਗਿਆਨ ਪ੍ਰਬੋਧ)

ਰਜੀ ਕਹਿੰਦੇ ਹਨ ਦਾਸੀ ਨੂੰ, ਦਾਸੀ ਦਾ ਪੁੱਤਰ ਅਜੈ ਸਿੰਘ ਤੇ ਕਿਉਂਕਿ ਰਜੀ ਦੇ ਪੁੱਤਰ ਸਨ, ਇਸ ਕੌਮ ਨੂੰ ਫਿਰ ਕਿਹਾ ਜਾਣ ਲੱਗ ਪਿਆ ਰਾਜਪੂਤ। ਰਾਜਪੂਤ ਦਸਤਾਰੇ ਸਜਾਉਂਦੇ ਸਨ, ਲੰਮੇ ਦਾੜ੍ਹੇ, ਸਿਰ 'ਤੇ ਕਲਗੀ ਰੱਖਣੀ ਅਤੇ ਤਲਵਾਰ ਪਹਿਨ ਕੇ ਰੱਖਣੀ, ਘੋੜੇ ਦੀ ਅਸਵਾਰੀ ਕਰਨੀ, ਬੜੀ ਸ਼ਾਨ ਵਿਚ ਇਹ ਰਾਜਪੂਤ ਰਹਿੰਦੇ ਸਨ। ਕਿਸੇ ਮਨੋਵਿਗਿਆਨਕ ਨੇ ਔਰੰਗਜ਼ੇਬ ਦੇ ਕੰਨ ਵਿਚ ਇਹ ਖ਼ਬਰ ਪਾ ਦਿੱਤੀ ਕਿ ਇਹ ਜਿਹੜਾ

ਨਾਮ ਹੈ ਸਿੰਘ ਇਹੀ ਇਹਨਾਂ ਨੂੰ ਉਤਸ਼ਾਹਿਤ ਕਰਦਾ ਹੈ। ਮਨਾਹੀ ਕਰ ਦਿਉ ਕੋਈ ਆਪਣੇ ਨਾਮ ਨਾਲ ਸਿੰਘ ਨਹੀਂ ਜੋੜ ਸਕਦਾ। ਇਹ ਜੋ ਸ਼ਸਤਰ ਪਹਿਨ ਕੇ ਰੱਖਦੇ ਹਨ, ਇਹ ਇਹਨਾਂ ਨੂੰ ਸੂਰਵੀਰਤਾ ਦਿੰਦਾ ਹੈ। ਕੱਪੜਿਆਂ ਦੇ ਰੰਗ ਦਾ ਵੀ ਅਸਰ ਹੈ, ਕੱਪੜਿਆਂ ਦਾ ਵੀ ਮਨ 'ਤੇ ਅਸਰ ਹੈ। ਔਰੰਗਜ਼ੇਬ ਨੇ ਹੁਕਮਨਾਮਾ ਸਾਰੇ ਦੇਸ਼ ਵਿਚ ਜਾਰੀ ਕਰ ਦਿੱਤਾ : ਕੋਈ ਹਿੰਦੂ ਸਿਰ 'ਤੇ ਕਲਗੀ ਨਹੀਂ ਲਾ ਸਕਦਾ, ਸ਼ਸਤਰ ਨਹੀਂ ਧਾਰਨ ਕਰ ਸਕਦਾ; ਘੋੜੇ ਦੀ ਅਸਵਾਰੀ ਨਹੀਂ ਕਰ ਸਕਦਾ ਅਤੇ ਤੀਸਰਾ ਇਕ ਸ਼ਬਦ 'ਝਟਕਾ' ਇਹ ਰਾਜਪੂਤਾਂ ਵਿਚ ਪ੍ਰਚਲਿਤ ਸੀ। ਔਰੰਗਜ਼ੇਬ ਨੇ ਹੁਕਮ ਕਰ ਦਿੱਤਾ ਰਾਜਪੂਤ ਝਟਕਾ ਨਹੀਂ ਕਰ ਸਕਦੇ।

ਆਨੰਦਪੁਰ ਤੋਂ ਸਦਾ ਬੁਲੰਦ ਹੋਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਸਨਾ ਤੋਂ : ਹੇ ਔਰੰਗਜ਼ੇਬ! ਸੁਣ ਮੈਂ ਕਲਗੀ ਲਾਵਾਂਗਾ ਤੇ ਮੇਰੇ ਸਿੱਖ ਵੀ ਲਾਣਗੇ; ਮੈਂ ਸ਼ਸਤਰ ਪਹਿਨਾਂਗਾ, ਮੇਰੇ ਸਿੱਖ ਵੀ ਪਹਿਨਣਗੇ; ਮੇਰੇ ਸਿੱਖ ਝਟਕਾ ਵੀ ਕਰਨਗੇ; ਇਹ ਘੋੜ ਸਵਾਰੀ ਵੀ ਕਰਨਗੇ; ਸ਼ਸਤਰ ਵੀ ਪਹਿਨਣਗੇ। ਸਿਰਫ਼ ਉਸ ਹੁਕਮਨਾਮੇ ਨੂੰ ਰੱਦ ਕਰਨਾ ਸੀ। ਇਤਿਹਾਸਕਾਰ ਮੰਨਦੇ ਹਨ ਇਹ ਹੁਕਮ ਜੇ ਕਿਤੇ ਆਨੰਦਪੁਰ ਸਾਹਿਬ 'ਤੇ ਲਾਗੂ ਹੋ ਜਾਂਦਾ ਤਾਂ ਭਾਰਤ ਦੀ ਰੂਪ ਰੇਖਾ ਵੀ ਉਹੀ ਹੋਣੀ ਸੀ ਜੋ ਅਫ਼ਗਾਨਿਸਤਾਨ ਦੀ ਹੈ, ਈਰਾਨ ਦੀ ਹੈ। ਭਾਰਤ ਦੀ ਇਹ ਰੂਪ ਰੇਖਾ ਨਹੀਂ ਹੋਣੀ ਸੀ, ਜੋ ਅੱਜ ਹੈ। ਇਹ ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਸਦਕਾ ਬਚਾਓ ਹੋਇਆ ਹੈ। ਇਕ ਇਤਿਹਾਸਕ ਨੁਕਤਾ ਮੈਂ ਤੁਹਾਡੇ ਸਾਹਮਣੇ ਰੱਖਦਾ ਹਾਂ, ਅਕਾਰਨ ਕੋਈ ਜੰਗੀ ਤਬੀਅਤ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰੇਮ ਨਾਲ ਭਰੀ ਹੋਈ ਮੂਰਤੀ ਸਨ, ਉਹ ਤਾਂ ਕਹਿੰਦੇ ਹਨ : ਪ੍ਰਮਾਤਮਾ ਵੀ ਪ੍ਰੇਮ ਰੂਪ ਹੈ-

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥

(ਜਾਪੁ ਸਾਹਿਬ)

ਬਾਈਧਾਰ ਦੇ ਰਾਜਿਆਂ ਨੇ ਭੰਗਾਣੀ ਦੇ ਕੋਲ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਘੇਰ ਲਿਆ। ਹਜ਼ਾਰਾਂ ਸੈਨਿਕ ਅਤੇ ਇਸ ਸੈਨਾ ਦਾ ਮੁੱਖੀ ਸੀ ਹਰੀ ਚੰਦ ਹੰਡੂਰਾ। ਦੇਸ਼ ਲਗਾਤਾਰ ਗ਼ੁਲਾਮ ਹੋਣ ਕਰਕੇ ਆਪਣੀ ਅਣਖ ਗ਼ੈਰਤ ਗਵਾ ਚੁੱਕਿਆ ਸੀ। ਇਸ ਤੋਂ ਪਹਿਲਾਂ ਭੁਲੇਖੇ ਨਾਲ ਘੇਰਾ ਪਾ ਚੁੱਕੇ ਸਨ ਕਵੀ ਹੰਸ ਰਾਮ 'ਤੇ। 52 ਕਵੀਆਂ ਵਿਚੋਂ ਸ਼ਾਇਦ ਆਪ ਨੂੰ ਪਤਾ ਹੋਵੇ, ਇਕ ਦਿਨ ਕੋਈ ਅਜਿਹੀ ਸਮੱਸਿਆ ਸਤਿਗੁਰੂ ਨੇ ਰੱਖੀ ਕਿ ਕਵੀ ਹੰਸ ਰਾਮ ਨੇ ਅਜਿਹੇ ਛੰਦ ਸੁਣਾਏ, ਮਹਾਰਾਜ ਨੇ ਬਹੁਤਾ ਇਨਾਮ ਹੰਸ ਰਾਮ ਨੂੰ ਦਿੱਤਾ। ਘੋੜਾ ਦਿੱਤਾ, ਉਸ ਉਪਰ ਸੋਨੇ ਦੀ ਕਾਠੀ, ਪੰਜ ਹਾਥੀ ਦਿੱਤੇ ਤੇ ਨਾਲ 100 ਸਿੰਘ ਦਿੱਤੇ ਕਿ ਇਸ ਨੂੰ ਘਰ ਤੱਕ ਪਹੁੰਚਾ ਕੇ ਆਉ। ਇਸਦੇ ਕੋਲ ਇੰਨੀ ਧਨ ਸੰਪਦਾ ਹੈ, ਰਸਤੇ ਵਿਚ ਇਸਨੂੰ ਕੋਈ ਲੁੱਟ ਨਾ ਲਵੇ। ਫਿਰ ਲੋਕਾਂ ਨੂੰ ਇਹ ਵੀ ਪਤਾ ਲੱਗੇ, ਇਹ ਮਾਮੂਲੀ ਮਨੁੱਖ ਨਹੀਂ ਜਾ ਰਿਹਾ। ਮਹਾਰਾਜ ਨੇ ਅੱਗੇ ਇਕ ਨਗਾਰਚੀ ਵੀ ਰੱਖ ਦਿੱਤਾ, ਘੋੜੇ 'ਤੇ ਉਹ ਨਗਾਰਾ ਵਜਾਉਂਦਾ, ਪਿੱਛੇ ਹੰਸ ਰਾਮ, ਹਾਥੀ ਤੇ ਸਿੰਘ। ਹਰੀ ਚੰਦ ਹੰਡੂਰੇ ਨੂੰ ਉਦੋਂ ਵੀ ਭੁਲੇਖਾ ਪੈ ਗਿਆ ਕਿ ਇਹ

ਗੁਰੂ ਗੋਬਿੰਦ ਸਿੰਘ ਆ ਰਹੇ ਹਨ। ਹੁਣ ਕਲਗੀ ਲਾਈ ਹੋਈ ਹੰਸ ਰਾਮ ਨੇ, ਉਹਨਾਂ ਦਿਨਾਂ ਵਿਚ ਦਾੜੇ ਲੋਕ ਰੱਖਦੇ ਸਨ, ਘੇਰ ਲਿਆ। ਕਵੀ ਹੰਸ ਰਾਮ ਸਮਝ ਗਏ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਜਾਣ ਕੇ ਇਹਨਾਂ ਨੇ ਘੇਰਾ ਪਾ ਲਿਆ ਹੈ ਅਤੇ ਇੰਝ ਨਾ ਹੋਵੇ ਕਿਤੇ ਤੀਰਾਂ ਦੀ ਬਾਰਿਸ਼ ਕਰ ਦੇਣ, ਉਹ ਖੜਾ ਹੋ ਕੇ ਉਹਨਾਂ ਬਾਈਧਾਰ ਦੇ ਰਾਜਿਆਂ ਨੂੰ ਮੁਖ਼ਾਤਬ ਹੋ ਕੇ ਕਹਿੰਦਾ ਹੈ ਕਿ ਮੈਂ ਕਵੀ ਹਾਂ, ਇਕ ਕਵਿਤਾ ਸੁਣ ਲਉ ਫਿਰ ਹਾਥਾਪਾਈ ਕਰਾਂਗੇ। ਕਵਿਤਾ ਸੁਣਾ ਕੇ ਕਹਿੰਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੇ ਦਰ ਦਾ ਇਕ ਮੰਗਤਾ ਜਾਂਦਾ ਪਿਆ ਹੈ, ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ। ਹਰੀ ਚੰਦ ਕਹਿੰਦਾ, ਇਹ ਮੰਗਤਿਆਂ ਦਾ ਹਾਲ ਹੈ। ਹੀਰੇ, ਜਵਾਹਰ, ਲਾਲ ਜੜੇ ਹੋਏ ਹਾਥੀ, ਸੋਨੇ ਦੀ ਕਾਠੀ ਘੋੜੇ 'ਤੇ, ਅਸ਼ਰਫ਼ੀਆਂ ਕੋਲ ਹਨ। ਹਰੀ ਚੰਦ ਕਹਿ ਬੈਠਾ ਜੇ ਮੰਗਤਿਆਂ ਦਾ ਇਹ ਹਾਲ ਹੈ ਤਾਂ ਫਿਰ ਦਾਤਿਆਂ ਦਾ ਕੀ ਹਾਲ ਹੋਵੇਗਾ? ਹਰੀ ਚੰਦ ਨੇ ਘੇਰਾ ਤਾਂ ਪਾਈ ਰੱਖਿਆ ਪਰ ਹੰਸ ਰਾਮ ਨੂੰ ਜਾਣ ਦਿੱਤਾ।

ਸੁਭਾਵਿਕ ਅੱਜ ਗੁਰੂ ਗੋਬਿੰਦ ਸਿੰਘ ਦੇ ਆਲੇ ਦੁਆਲੇ ਘੇਰਾ ਪਾ ਲਿਆ, ਉਥੇ ਹਰੀ ਚੰਦ ਲਲਕਾਰ ਕੇ ਕਹਿੰਦਾ ਹੈ : ਸੁਣਿਆ ਹੈ ਜਿਹੜਾ ਤੁਹਾਡਾ ਘੋੜਾ ਹੈ ਇਹ ਬੜੇ-ਬੜੇ ਪਹਾੜਾਂ ਤੋਂ ਛਾਲ ਮਾਰ ਕੇ ਟੱਪ ਜਾਂਦਾ ਹੈ, ਅੱਜ ਨਹੀਂ ਜਾ ਸਕੇਗਾ? ਲੱਖਾਂ ਵਿਚੋਂ ਤੁਸੀਂ ਸੀਨਾ ਚੀਰ ਕੇ ਲੰਘ ਜਾਂਦੇ ਹੋ, ਅੱਜ ਨਹੀਂ ਲੰਘ ਸਕੋਗੇ? ਹਰੀ ਚੰਦ ਕਹਿੰਦਾ ਹੈ ਕਿ ਹੰਡੂਰਾ ਕਹਿੰਦਾ ਹੈ: ਇਹ ਠੀਕ ਹੈ ਸਾਡੇ ਕੋਲ ਇਹ 80 ਹਜ਼ਾਰ ਦੀ ਸੈਨਾ ਹੈ, ਤੁਸੀਂ ਜਾ ਤਾਂ ਸਕਦੇ ਨਹੀਂ। ਫਿਰ ਵੀ ਅਸੀਂ ਤੁਹਾਡੀ ਤੀਰ ਅੰਦਾਜ਼ੀ ਦੇਖਣਾ ਚਾਹੁੰਦੇ ਹਾਂ। ਤੁਹਾਡੀਆਂ ਬਹੁਤ ਖ਼ੂਬੀਆਂ ਸੁਣੀਆਂ ਹਨ। ਆਪਾਂ ਦੋਵੇਂ ਪਹਿਲਾਂ ਮਿਲ ਕੇ ਤੀਰ ਅੰਦਾਜ਼ੀ ਕਰੀਏ, ਬਾਕੀ ਫੌਜ ਬਾਅਦ ਵਿਚ। ਉਸਨੂੰ ਪੂਰਾ ਭਰੋਸਾ ਸੀ ਕਿ ਕਿਥੇ ਜਾਣਗੇ। 40 ਸਿੰਘ ਨਾਲ ਹਨ ਤੇ ਇਹ 80 ਹਜ਼ਾਰ ਦੀ ਸੈਨਾ ਹੈ। ਹਰੀ ਚੰਦ ਕਹਿੰਦਾ ਹੈ, ਤੁਸੀਂ ਤੀਰ ਚਲਾਉ, ਮੈਂ ਰੋਕਾਂਗਾ। ਫਿਰ ਮੈਂ ਤੀਰ ਚਲਾਵਾਂਗਾ, ਤੁਸੀਂ ਬਚਾਉ ਕਰਨਾ। ਸਤਿਗੁਰੂ ਕਹਿੰਦੇ ਹਨ, ਠੀਕ ਹੈ, ਪਹਿਲਾਂ ਤੂੰ ਚਲਾ। ਫ਼ਕੀਰ ਦਾ ਕੰਮ ਹੀ ਨਹੀਂ ਹੈ ਕਿਸੇ 'ਤੇ ਪਹਿਲਾਂ ਵਾਰ ਕਰਨਾ। ਹਰੀ ਚੰਦ ਹੁਣ ਜੋ ਕੁਝ ਸੋਚਦਾ ਹੈ ਤੇ ਸਤਿਗੁਰੂ ਆਪਣੀ ਲਿਖਤ ਵਿਚ ਲੈਂਦੇ ਹਨ, ਹਰੀ ਚੰਦ ਅੰਦਰ ਸੋਚਦਾ ਹੈ ਇਹ ਰਾਜਨੀਤਿਕ ਬਿਲਕੁਲ ਨਹੀਂ ਹਨ। ਕਿਸੇ ਨੂੰ ਪਹਿਲਾਂ ਰਾਜਨੀਤਿਕ ਵਾਰ ਦਾ ਮੌਕਾ ਨਹੀਂ ਦਿੰਦਾ। ਇਹ ਫ਼ਕੀਰ ਤਾਂ ਹਨ ਪਰ ਰਾਜਨੀਤਿਕ ਵੀ ਨਹੀਂ ਹਨ। ਹਰੀ ਚੰਦ ਅੰਦਰੋਂ ਖ਼ੁਸ਼ ਹੋ ਗਿਆ ਤੇ ਉਸਨੇ ਕਮਾਨ ਨਾਲ ਤੀਰ ਜੋੜਿਆ ਹੈ, ਨਿਸ਼ਾਨਾ ਘੋੜੇ ਦਾ ਬਣਾਇਆ ਕਿ ਸੁਣਿਆ ਹੈ ਇਹ ਘੋੜਾ ਇਕ ਦਮ ਪਹਾੜਾਂ ਤੋਂ ਲੰਘ ਜਾਂਦਾ ਹੈ। ਪਹਿਲਾਂ ਘੋੜੇ ਨੂੰ ਖ਼ਤਮ ਕਰੀਏ :

ਹਰੀ ਚੰਦ ਕੋਪੇ ਕਮਾਣੰ ਸੰਭਾਰੰ॥
ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ॥

(ਬਚਿੱਤ੍ਰ ਨਾਟਕ)

ਤਾਜੀ ਘੋੜੇ ਨੂੰ ਕਹਿੰਦੇ ਹਨ। ਨਿਸ਼ਾਨਾ ਘੋੜੇ ਦਾ ਬਣਾਇਆ ਹੈ, ਇੰਨਾ ਵੱਡਾ ਘੋੜਾ ਹੈ ਤੀਰ ਲੰਘ ਜਾਏਗਾ। ਰੱਬ ਦੀ ਰਹਿਮਤ, ਉਹ ਤੀਰ ਘੋੜੇ ਦੇ ਕੰਨ ਦੇ ਲਾਗੋਂ ਲੰਘ ਗਿਆ। ਹਰੀ ਚੰਦ ਦਾ ਮੂੰਹ ਬਣ ਗਿਆ।

ਨੀਤੀ ਦੇ ਮੁਤਾਬਿਕ ਹੁਣ ਵਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਰਨਾ ਪਏਗਾ। ਅੰਦਰੋਂ ਘਬਰਾਇਆ ਜ਼ਰੂਰ ਹੈ। ਕਹਿੰਦਾ ਹੈ ਮਹਾਰਾਜ ਹੁਣ ਤੁਸੀਂ ਵਾਰ ਕਰੋ। ਸਤਿਗੁਰੂ ਕਹਿੰਦੇ ਹਨ ਕਿ ਅਜੇ ਵੀ ਫ਼ਕੀਰ ਦੀ ਫ਼ਕੀਰੀ ਸ਼ਾਂਤ ਰੱਸ ਦੇ ਸਾਗਰ ਵਿਚ ਆਨੰਦ ਲੈ ਰਹੀ ਹੈ, ਤੂੰ ਇਕ ਵਾਰ ਹੋਰ ਕਰ ਲੈ। ਹੁਣ ਹਰੀ ਚੰਦ ਸੋਚਦਾ ਹੈ ਕਿ ਸਿਰਫ਼ ਇਹ ਹੀ ਨਹੀਂ ਕਿ ਰਾਜਨੀਤੀ ਤੋਂ ਨਾਵਾਕਫ਼ ਹਨ, ਭੋਲੇ ਵੀ ਬੜੇ ਹਨ। ਇਕ ਤੀਰ ਖ਼ਤਾ ਚਲਾ ਗਿਆ ਹੈ ਤਾਂ ਦੂਜਾ ਵੀ ਖ਼ਤਾ ਚਲਾ ਜਾਏਗਾ? ਮਹਾਰਾਜ ਲਿਖਦੇ ਹਨ :

ਦੁਤੀਯ ਤਾਕ ਕੈ ਤੀਰ ਮੋ ਕੋ ਚਲਾਯੰ॥
ਰਖਿਓ ਦਈਵ ਮੈ ਕਾਨ ਛ੍ਵੈ ਕੈ ਸਿਧਾਯੰ॥ ੨੧॥

(ਬਚਿੱਤ੍ਰ ਨਾਟਕ)

ਦੂਜਾ ਤੀਰ ਉਸਨੇ ਮੇਰਾ ਨਿਸ਼ਾਨਾ ਬਣਾਇਆ ਹੈ ਛਾਤੀ ਦਾ। ਪਰ ਮੇਰੇ ਕੋਲ ਆਉਂਦਿਆਂ ਆਉਂਦਿਆਂ ਤੀਰ ਉੱਚਾ ਹੋ ਗਿਆ ਹੈ। ਉਹ ਵੀ ਮੇਰੇ ਕੰਨਾਂ ਨੂੰ ਛੂਹ ਕੇ ਲੰਘ ਗਿਆ ਹੈ। ਉਸ ਅਕਾਲ ਪੁਰਖ ਨੇ ਉਹ ਤੀਰ ਮੇਰੇ ਸੀਨੇ ਵਿਚ ਨਹੀਂ ਲੱਗਣ ਦਿੱਤਾ। ਐਤਕੀਂ ਨਿਮੋਝੂਣਾ ਹੋ ਗਿਆ ਬਿਲਕੁਲ ਹਰੀ ਚੰਦ। ਬਈ, ਹੁਣ ਤਾਂ ਇਹ ਵਾਰ ਕਰਨਗੇ। ਹਰੀ ਚੰਦ ਕਹਿੰਦਾ ਹੈ ਹੁਣ ਤੁਸੀਂ ਵਾਰ ਕਰੋ, ਅਸੀਂ ਬਚਾਉਂਦੇ ਹਾਂ। ਹਰੀ ਚੰਦਾ! ਫ਼ਕੀਰ ਅਜੇ ਵੀ ਰੋਸ ਦੇ ਵਿਚ ਨਹੀਂ ਆਇਆ, ਇਕ ਵਾਰ ਤੂੰ ਹੋਰ ਕਰ।

ਜਦੋਂ ਦੁਨੀਆਂ ਦੇ ਇਤਿਹਾਸਕਾਰ ਇਸਨੂੰ ਪੜ੍ਹਦੇ ਹਨ ਤਾਂ ਦੰਗ ਰਹਿ ਜਾਂਦੇ ਹਨ। ਇਸ ਭਰੇ ਮੈਦਾਨੇ ਜੰਗ ਵਿਚ ਤੀਜਾ ਮੌਕਾ ਜਾਨੀ ਦੁਸ਼ਮਣ ਨੂੰ ਦੇਣਾ। ਕੋਈ ਫ਼ਕੀਰ ਸੰਤ ਦੇ ਸਕਦਾ ਹੈ, ਦੂਸਰਾ ਨਹੀਂ ਦੇ ਸਕਦਾ। ਐਤਕੀਂ ਉਸਨੇ ਨਿਸ਼ਾਨਾ ਬਣਾਇਆ ਮਹਾਰਾਜ ਦੇ ਕਮਰਕੱਸੇ ਦਾ। ਸਤਿਗੁਰੂ ਨੇ ਕਮਰਕੱਸਾ ਇਕ ਚਮੜੇ ਦੀ ਪੇਟੀ ਬੰਨ੍ਹੀ ਹੋਈ ਸੀ, ਫਿਰ ਉਪਰ ਰੇਸ਼ਮੀ ਕੱਪੜਾ ਸੀ ਜਿਸਨੂੰ ਕਮਰਕੱਸਾ ਕਹਿੰਦੇ ਹਨ ਘੋੜੇ ਦੀ ਅਸਵਾਰੀ ਕਰਦਿਆਂ ਬੰਨ੍ਹਣਾ ਪੈਂਦਾ ਹੈ। ਹੁਣ ਪੇਟੀ ਦਾ ਨਿਸ਼ਾਨਾ ਬਣਾਇਆ ਕਿ ਜੇਕਰ ਉੱਚਾ ਵੀ ਹੋ ਗਿਆ ਤਾਂ ਸੀਨੇ ਵਿਚ ਲੱਗੇਗਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ :

ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ॥
ਬਿਧਿਅੰ ਚਿਲਕਤੰ ਦੁਆਲ ਪਾਰੰ ਪਧਾਰੰ॥

(ਬਚਿੱਤ੍ਰ ਨਾਟਕ)

ਤੀਜਾ ਤੀਰ ਇਸਨੇ ਮਾਰਿਆ ਸਾਡੇ ਕਮਰਕੱਸੇ 'ਤੇ। ਉਹ ਜੋ ਅਸੀਂ ਰੇਸ਼ਮੀ ਕੱਪੜਾ

ਬੰਨ੍ਹਿਆ ਹੋਇਆ ਸੀ, ਉਸਨੂੰ ਲੱਗਿਆ ਹੈ ਤੀਰ। ਕੱਪੜਾ ਫੱਟ ਗਿਆ ਹੈ, ਚਮੜੇ ਦੀ ਜਿਹੜੀ ਪੇਟੀ ਹੈ ਉਹ ਵੀ ਫੱਟ ਗਈ ਹੈ :

ਚੁਭੀ ਚਿੰਚ ਚੁਰਮੰ ਕਛੂ ਘਾਇ ਨ ਆਯੰ॥
ਕਲੰ ਕੇਵਲੰ ਜਾਨ ਦਾਸੰ ਬਚਾਯੰ॥ ੩੦॥

(ਬਚਿੱਤ੍ਰ ਨਾਟਕ)

ਇੰਨੀ ਜਿਹੀ ਚੁੰਝ ਸਾਨੂੰ ਲੱਗੀ, ਰੰਚਕ ਮਾਤਰ ਖ਼ੂਨ ਬਾਹਰ ਆਇਆ ਹੈ। ਸਤਿਗੁਰੂ ਕਹਿੰਦੇ ਹਨ, ਫਿਰ ਅਸੀਂ ਤੀਰ ਭੱਥੇ 'ਚੋਂ ਕੱਢਿਆ ਤੇ ਆਖਿਆ, ਹਰੀ ਚੰਦ! ਹੁਣ ਫ਼ਕੀਰ ਰੋਸ ਵਿਚ ਆ ਗਿਆ ਹੈ, ਹੁਣ ਤੂੰ ਖ਼ੁਦਾ ਦਾ ਵਾਸਤਾ ਵੀ ਪਾਵੇਂ ਤਾਂ ਤੀਰ ਰੁਕੇਗਾ ਨਹੀਂ। ਕਿਉਂ?

ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥
ਕਰੰ ਲੈ ਕਮਾਣੰ ਹਨੰ ਬਾਣ ਤਾਣੰ॥ ੩੧॥
ਸਭੈ ਬੀਰ ਧਾਏ॥ ਸਰੋਘੰ ਚਲਾਏ॥...
ਹਰੀਚੰਦ ਮਾਰੇ॥ ਸੁ ਜੋਧਾ ਲਤਾਰੇ॥ ੩੩॥

(ਬਚਿੱਤ੍ਰ ਨਾਟਕ)

ਪਹਿਲੇ ਤੀਰ ਨਾਲ ਹੀ ਉਸਦਾ ਭੋਗ ਪੈ ਗਿਆ, ਥੱਲੇ ਡਿੱਗ ਪਿਆ। ਉਸ ਦੀ ਸੈਨਾ ਭੱਜ ਉੱਠੀ ਕਿ ਇਕੋ ਵਾਰ ਨਾਲ ਹਰੀ ਚੰਦ ਗਿਆ। ਉਸਦੀ ਸੈਨਾ ਹੌਂਸਲਾ ਹਾਰ ਬੈਠੀ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਥੇ ਹੱਥ ਜੁੜੇ ਹਨ। ਅਕਾਲ ਪੁਰਖ ਨੂੰ ਨਮਸਕਾਰ ਕਰਦਿਆਂ ਹੋਇਆਂ ਕਹਿੰਦੇ ਹਨ :

ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥ ੩੫॥

(ਬਚਿੱਤ੍ਰ ਨਾਟਕ)

ਹੇ ਪ੍ਰਭੂ! ਤੇਰੀ ਰਹਿਮਤ। 80 ਹਜ਼ਾਰ ਦੀ ਸੈਨਾ ਹੋਵੇ ਤੇ ਅਸੀਂ ਗਿਣਤੀ ਦੇ ਬੰਦੇ, ਇਹ ਤੇਰੀ ਕ੍ਰਿਪਾ ਹੈ। ਇਤਿਹਾਸਕਾਰ ਇਥੋਂ ਲੈਂਦੇ ਹਨ ਅਤਿਅੰਤ ਨਿਰਮਾਣਤਾ ਦੇ ਮਾਲਕ। ਬੜਾ ਕਠੋਰ ਬੋਲਿਆ ਸੀ ਹਰੀ ਚੰਦ ਅਤੇ ਬਾਰ-ਬਾਰ ਵਾਰ ਕਰਦਾ ਗਿਆ ਪਰ ਸਤਿਗੁਰੂ ਸ਼ਾਂਤਮਈ ਬਣੇ ਰਹੇ। ਇਸੇ ਲਈ ਅੱਲਾ ਯਾਰ ਖ਼ਾਂ ਇਕ ਮੁਸਲਿਮ ਸ਼ਾਇਰ ਹੈ ਜਿਸਨੇ ਦੋ ਕਿਤਾਬਾਂ ਲਿਖੀਆਂ ਹਨ 'ਗੰਜਿ ਸ਼ਹੀਦਾਂ' ਤੇ 'ਸ਼ਹੀਦਾਨੇ ਵਫ਼ਾ' ਅੱਜ ਤੋਂ 100 ਸਾਲ ਪਹਿਲਾਂ ਗੁਜਰਾਤ ਦੇ ਸੀਲ ਫਾਲੀਆ ਦੇ ਇਲਾਕੇ ਵਿਚ ਇਹ ਰਹਿਣ ਵਾਲਾ, ਇਸਨੇ ਦੋ ਕਿਤਾਬਾਂ ਲਿਖੀਆਂ। 'ਸ਼ਹੀਦਾਨੇ ਵਫ਼ਾ' ਵਿਚ ਉਹ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਰੇ ਜੋ ਪਹਿਲੀ ਨਜ਼ਮ ਲਿਖਦਾ ਹੈ, ਉਹ ਆਪ ਸਰਵਨ ਕਰੋ, ਉਹ ਕਹਿੰਦਾ ਹੈ:

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।

(ਗੰਜਿ-ਸ਼ਹੀਦਾਂ)

ਦੁਨੀਆਂ ਦੇ ਵਿਦਵਾਨ ਆਲਮ, ਕਲਮ ਦੇ ਧਨੀ, ਦਿਮਾਗ਼ ਦੇ ਧਨੀ ਜੇ ਕਿਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨਸਾਫ਼ ਦੀ ਦ੍ਰਿਸ਼ਟੀ ਨਾਲ ਦੇਖਣ। ਇਹ ਫ਼ਕੀਰ ਕਹਿੰਦਾ ਹੈ, ਨਹੀਂ, ਕਲਗੀਧਰ ਨੂੰ ਇਨਸਾਫ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਗਿਆ। ਨਾ ਆਪਣਿਆਂ ਨੇ ਦੇਖਿਆ, ਨਾ ਬੇਗਾਨਿਆਂ ਨੇ ਦੇਖਿਆ। ਇਹੀ ਕਾਰਨ ਹੈ ਕਿ ਦੇਸ਼ ਦੀ ਆਜ਼ਾਦੀ ਨੂੰ, ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਵਾਲਾ, ਦੇਸ਼ ਦੇ ਧਰਮ ਨੂੰ ਬਚਾਉਣ ਵਾਲਾ ਜਿਹੜਾ ਵਾਹਿਦ ਇਕ ਫ਼ਰਦ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸਦਾ ਜ਼ਿਕਰ ਤੱਕ ਨਹੀਂ ਹੁੰਦਾ। ਸਾਰੀ ਕਰਾਮਾਤ ਜੋ ਹੈ ਇਹ ਦੇਣ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਹੈ। ਇਹ ਠੀਕ ਕਹਿ ਰਿਹਾ ਹੈ ਅੱਲਾ ਯਾਰ ਖ਼ਾਂ ਕਿ ਇਨਸਾਫ਼ ਨਹੀਂ ਹੋਇਆ। ਕਹਿੰਦਾ ਹੈ :

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ,
ਕਹਿ ਦੋ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।

(ਗੰਜਿ-ਸ਼ਹੀਦਾਂ)

ਕੋਈ ਇਸਦਾ ਸਾਨੀ ਨਹੀਂ ਹੈ, ਇਸ ਮਹਾਂਪੁਰਸ਼ ਦਾ। ਇਹ ਤਰਕ ਹੋਈ ਹੈ ਕਿ ਕਿਤੇ ਡਰਦਾ ਮਾਰਾ ਤੂੰ ਅਜਿਹਾ ਨਹੀਂ ਕਹਿ ਰਿਹਾ ਜਾਂ ਲੋਭ ਕਰਕੇ ਕਿਤੇ ਤੈਨੂੰ ਕੁਝ ਮਿਲ ਗਿਆ ਹੋਵੇ। ਹੁਣ ਅੱਲਾ ਯਾਰ ਖ਼ਾਂ ਦੂਜੀ ਨਜ਼ਮ ਵਿਚ ਕਹਿੰਦਾ ਹੈ :

ਕਰਤਾਰ ਕੀ ਸੁਗੰਧ ਹੈ, ਨਾਨਕ ਕੀ ਕਸਮ ਹੈ,
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਵੋ ਕਮ ਹੈ।
ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।

(ਗੰਜਿ-ਸ਼ਹੀਦਾਂ)

ਮੇਰੇ ਹੱਥ ਵਿਚ ਜਿਹੜੀ ਕਲਮ ਹੈ ਸਾਹਿਤਕਾਰ ਦੀ ਕਲਮ ਹੈ, ਸ਼ਾਇਰ ਦੀ ਕਲਮ ਹੈ ਜਿਸਦੇ ਵਿਚੋਂ ਰੱਬੀ ਨਗ਼ਮੇਂ ਨਿਕਲਦੇ ਹਨ। ਇਹ ਹਿਸਾਬ ਕਿਤਾਬ ਲਿਖਣ ਵਾਲੀ ਕਲਮ ਨਹੀਂ ਹੈ, ਇਹ ਫ਼ਜ਼ੂਲ ਦੀਆਂ ਗੱਲਾਂ ਲਿਖਣ ਵਾਲੀ ਕਲਮ ਨਹੀਂ ਹੈ।

'ਸਤਿਗੁਰ ਕੇ ਲਿਖੂੰ ਵਸਬ, ਕਹਾਂ ਤਾਬਿ ਰਕਮ ਹੈ।'

ਵਸਬ ਕਹਿੰਦੇ ਨੇ ਸਿਫ਼ਤਾਂ ਨੂੰ। ਮੈਂ ਸਿਫ਼ਤਾਂ ਲਿਖਾਂ, ਇਸ ਕਲਮ ਵਿਚ ਇਹ ਤਾਕਤ ਨਹੀਂ।

ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ!
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ!'

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਾਗਰ ਦੀ ਤਰ੍ਹਾਂ ਹੈ। ਗਹਿਰਾਈ ਵਿਚ ਬੜੀ ਸ਼ਾਂਤੀ ਹੈ, ਉਪਰ ਲਹਿਰਾਂ ਦਾ ਉਛਾਲ ਹੈ। ਇਹ ਭੱਜ ਦੌੜ ਸਿਰਫ਼ ਉਪਰ ਹੀ ਉਪਰ ਹੈ।

'ਸ਼ਹੀਦਾਨੇ ਵਫ਼ਾ' ਵਿਚ ਜਿਹੜੇ ਦੋ ਨੁਕਤੇ ਉਸਨੇ ਪੇਸ਼ ਕੀਤੇ ਹਨ: ਇਹ ਮੈਂ ਅਰਜ਼ ਕਰਾਂ। ਕੁਰਕਛੇਤਰ ਦੇ ਮੈਦਾਨ ਵਿਚ ਅਰਜਨ ਨੇ ਹਥਿਆਰ ਸੁੱਟ ਦਿੱਤੇ ਤੇ ਆਖਿਆ, ਭਗਵਨ! (ਸ੍ਰੀ ਕ੍ਰਿਸ਼ਨ) ਮੈਂ ਨਹੀਂ ਲੜਨਾ। ਉਹ ਭੀਸ਼ਮ ਮੇਰਾ ਪਿਤਾਮਾ, ਉਹ ਦਰੋਣਾਚਾਰਯ ਮੇਰਾ ਗੁਰੂ, ਉਹ ਦੁਰਯੋਧਨ ਮੇਰਾ ਚਚੇਰਾ ਭਰਾ, ਆਪਣਿਆਂ ਨੂੰ ਮਾਰਾਂ ਤੇ ਜੇ ਆਪਣਿਆਂ ਨੂੰ ਮਾਰ ਕੇ ਮੈਨੂੰ ਤਖ਼ਤ ਨਸੀਬ ਵੀ ਹੋਇਆ, ਆਪਣਿਆਂ ਦੀ ਲਾਸ਼ 'ਤੇ ਮੈਂ ਨਹੀਂ ਬੈਠਣਾ ਚਾਹੁੰਦਾ, ਸ਼ਸਤਰ ਸੁੱਟ ਦਿੱਤੇ। ਉਸੇ ਮੈਦਾਨੇ ਜੰਗ ਵਿਚ ਜੋ ਗੀਤ ਨਿਕਲੇ ਜਿਸਨੂੰ 'ਭਾਗਵਤ ਗੀਤਾ' ਕਹਿੰਦੇ ਹਨ। ਜਿਸਦਾ ਮਨ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ, ਉਸਦੀ ਜ਼ੁਬਾਨ ਤੋਂ ਜੋ ਕੁਝ ਵੀ ਨਿਕਲਦਾ ਹੈ ਉਹ ਭਾਗਵਤ ਗੀਤਾ ਹੀ ਹੁੰਦੀ ਹੈ।

ਚੌਂਕ ਵਿਚ ਬੈਠੇ ਨੇ ਰਵਿਦਾਸ, ਭਾਵੇਂ ਜੁੱਤੀਆਂ ਪਏ ਗੰਢਦੇ ਹਨ ਪਰ ਉਹਨਾਂ ਦਾ ਮਨ ਰੱਬ ਨਾਲ ਗੰਢਿਆ ਹੋਇਆ ਹੈ, ਉਹਨਾਂ ਦੇ ਮੂੰਹੋਂ ਜਿਹੜੇ ਬੋਲ ਨਿਕਲਦੇ ਹਨ, ਭਾਗਵਤ ਗੀਤਾ। ਕੁਰਕਛੇਤਰ ਵਿਚ ਇਸ ਅਵਤਾਰੀ ਪੁਰਸ਼ ਦੇ ਕੰਠ ਤੋਂ ਜੋ ਭਗਵਾਨ ਦੇ ਗੀਤ ਨਿਕਲੇ 'ਭਾਗਵਤ ਗੀਤਾ' ਹੈ। ਅਰਜੁਨ ਨੂੰ ਸਮਝਾਉਂਦਿਆਂ ਹੋਇਆਂ ਕਹਿੰਦੇ ਹਨ : ਆਪਣੇ ਜਿਸਮ ਦੇ ਉੱਤੇ ਕੋਈ ਮੁਆਦੀ ਫੋੜਾ ਨਿਕਲ ਆਏ ਤੇ ਪੀੜ ਬੜੀ ਕਰੇ, ਕੋਈ ਵੈਦ ਇਹ ਆਖੇ ਇਹ ਤਾਂ ਕੱਟਣਾ ਪਵੇਗਾ ਤੇ ਮਰੀਜ਼ ਆਖੇ ਮੇਰਾ ਆਪਣਾ ਫੋੜਾ ਹੈ, ਕਿਉਂ ਕੱਟਾਂ! ਸ੍ਰੀ ਕ੍ਰਿਸ਼ਨ ਕਹਿੰਦੇ ਹਨ, ਭਾਵੇਂ ਆਪਣਾ ਫੋੜਾ ਹੈ, ਆਪਣੀ ਮਵਾਦ ਹੈ, ਇਹ ਚੀਰਨਾ ਪਵੇਗਾ। ਇਹ ਦਰੋਣਾਚਾਰਯ, ਇਹ ਭੀਸ਼ਮ ਪਿਤਾਮਾ, ਇਹ ਦੁਰਯੋਧਨ, ਇਹ ਧ੍ਰਿਤਰਾਸ਼ਟਰ ਇਹ ਦੇਸ਼ ਧਰਮ ਨੂੰ ਚੰਮੜੇ ਹੋਏ ਮੁਆਦੀ ਫੋੜੇ ਹਨ। ਤੂੰ ਇਹਨਾਂ ਨੂੰ ਚੀਰ ਦੇ, ਤੈਨੂੰ ਕੋਈ ਪਾਪ ਨਹੀਂ ਲੱਗੇਗਾ। ਕਹਿੰਦੇ ਹਨ, ਅਜਿਹੇ ਜੋਸ਼ ਦੇ ਨਾਲ ਸਮਝਾਇਆ ਹੈ। ਅਰਜੁਨ ਨੇ ਸੁੱਟੇ ਹੋਏ ਸ਼ਸਤਰ ਫਿਰ ਚੁੱਕ ਲਏ। ਹੁਣ ਇਸਨੂੰ ਅੱਲ੍ਹਾ ਯਾਰ ਖ਼ਾਂ ਆਪਣੇ ਢੰਗ ਨਾਲ ਬਿਆਨ ਕਰਦੇ ਹਨ-

ਕਟਵਾ ਦਿਯੇ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾ ਕਰ।

(ਗੰਜਿ-ਸ਼ਹੀਦਾਂ)

ਗੀਤਾ ਦਾ ਫ਼ਲਸਫ਼ਾ ਸੁਣਾਇਆ ਹੈ। ਸੁੱਟੇ ਹੋਏ ਸ਼ਸਤਰ ਅਰਜੁਨ ਨੇ ਫਿਰ ਚੁੱਕ ਲਏ। ਘੋਰ ਘਮਸਾਣ ਦਾ ਯੁੱਧ ਹੋਇਆ। ਬੇਸ਼ੁਮਾਰ ਲੋਕ ਮਾਰੇ ਗਏ ਅਤੇ ਪਾਂਡਵਾਂ ਦੀ ਜਿੱਤ ਹੋਈ। ਅੱਲ੍ਹਾ ਯਾਰ ਖ਼ਾਂ ਕਹਿੰਦੇ ਹਨ, ਗੀਤਾ ਦਾ ਫ਼ਲਸਫ਼ਾ ਸੁਣਾ ਕੇ ਕਿਸੇ ਦੇ ਅੰਦਰ ਸੂਰਵੀਰਤਾ ਪਾਣੀ ਤੇ ਲੜਨ ਮਰਨ 'ਤੇ ਮਜਬੂਰ ਕਰਨਾ ਇਹ ਗੱਲ ਕੁਝ ਹੋਰ ਹੈ, ਹੇ ਕਲਗੀਧਰ! ਤੇਰੀ ਗੱਲ ਕੁਝ ਹੋਰ ਹੈ:

ਕਟਵਾ ਦਿਯੇ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾ ਕਰ।
ਰੂਹ ਫੂੰਕ ਦੀ ਗੋਬਿੰਦ ਨੇ ਔਲਾਦ ਕਟਾ ਕਰ।

ਗੀਤਾ ਦਾ ਫ਼ਲਸਫ਼ਾ ਸੁਣਾ ਕੇ ਕਿਸੇ ਨੂੰ ਲੜਨ ਮਰਨ 'ਤੇ ਮਜਬੂਰ ਕਰਨਾ ਇਹ ਗੱਲ ਕੁਝ ਹੋਰ ਹੈ, ਆਪਣੇ ਹੀ ਬੱਚਿਆਂ ਨੂੰ ਕਟਵਾ ਕੇ ਕਿਸੇ ਨੂੰ ਲੜਨ ਦੀ ਜਾਚ ਸਿਖਾਉਣੀ, ਹੇ ਕਲਗੀਧਰ! ਤੇਰੀ ਗੱਲ ਕੁਝ ਹੋਰ ਹੈ। ਫਿਰ ਪਤਾ ਹੈ ਅੱਗੇ ਕੀ ਕਹਿੰਦਾ ਹੈ?

'ਬੱਸ ਏਕ ਹਿੰਦ ਮੇਂ ਤੀਰਥ ਹੈ, ਯਾਤਰਾ ਕੇ ਲਿਯੇ।
ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।'

(ਗੰਜਿ-ਸ਼ਹੀਦਾਂ)

ਅੱਲ੍ਹਾ ਯਾਰ ਖਾਂ ਕਹਿੰਦਾ ਹੈ ਕਿ ਰੂਹੇ ਜ਼ਮੀਨ 'ਤੇ ਇਕੋ ਹੀ ਤੀਰਥ ਹੈ, ਹੋਰ ਕੋਈ ਤੀਰਥ ਨਹੀਂ, ਅਤੇ ਮੈਂ ਇਹਨਾਂ ਅੱਖਾਂ ਨਾਲ ਦੇਖ ਕੇ ਦੰਗ ਰਹਿ ਗਿਆ। ਕਹਿੰਦੇ ਨੇ 42 ਲੱਖ ਦਾ ਇਕੱਠ ਹੋਇਆ ਫ਼ਤਹਿਗੜ੍ਹ ਸਾਹਿਬ। 6 ਵੱਡੇ-ਵੱਡੇ ਪੰਡਾਲ ਭਰੇ ਹੋਏ, ਸੜਕਾਂ 'ਤੇ ਤਿਲ ਧਰਨ ਦੀ ਥਾਂ ਨਹੀਂ। ਇਕ ਮਹਾਂਪੁਰਸ਼ ਦੇ ਬੋਲ ਜੋ ਮੈਨੂੰ ਕਹਿਣ ਲੱਗਾ, 'ਇਹ ਸਾਹਿਬਜ਼ਾਦਿਆਂ ਦਾ ਡੁੱਲ੍ਹਿਆ ਹੋਇਆ ਖ਼ੂਨ ਸਾਰਿਆਂ ਨੂੰ ਬੁਲਾ ਲਿਆਇਆ ਹੈ। ਇਹ ਖ਼ੂਨ ਅੰਮ੍ਰਿਤ ਸੀ ਤਾਂ ਹੀ ਇੰਨਾ ਇਕੱਠ, ਇੰਨੀ ਸ਼ਰਧਾ।' ਲਾਲਾ ਦੌਲਤ ਰਾਏ ਨੇ ਭੂਮਿਕਾ ਦੇ ਵਿਚ ਜੋ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਿਆ ਹੈ ਉਹ ਚੰਦ ਲਫ਼ਜ਼ ਮੈਂ ਤੁਹਾਡੇ ਸਾਹਮਣੇ ਰੱਖਾਂ :

ਲਾਲਾ ਦੌਲਤ ਰਾਏ ਕਹਿੰਦੇ ਹਨ : "ਪ੍ਰਮਾਤਮਾ ਦੀ ਜਦੋਂ ਸਾਰੀ ਸਿਆਣਪ ਇਕੱਠੀ ਹੋਈ, ਪ੍ਰਮਾਤਮਾ ਦੀ ਜਦੋਂ ਸਾਰੀ ਸ਼ਕਤੀ ਇਕੱਠੀ ਹੋਈ ਤੇ ਸੁਹੱਪਣ ਇਕੱਠਾ ਹੋਇਆ, ਪ੍ਰਮਾਤਮਾ ਦਾ ਜਦੋਂ ਸਾਰਾ ਰੱਸ ਇਕੱਠਾ ਹੋਇਆ, ਉਸ ਸਾਰੇ ਜੋੜ ਤੋਂ ਇਕ ਮੁਜੱਸਮਾ ਬਣਿਆ, ਉਸੇ ਮੁਜੱਸਮੇ ਦਾ ਨਾਮ ਹੈ ਧੰਨ ਗੁਰੂ ਗੋਬਿੰਦ ਸਿੰਘ।" ਉਹ ਕਹਿੰਦਾ ਹੈ, "ਅੱਜ ਤਕ ਜਿਨ੍ਹਾਂ ਨੇ ਨੀਤੀ ਦੇ ਗ੍ਰੰਥ ਲਿਖੇ ਹਨ, ਇਹਨਾਂ ਨੇ ਲੜਾਈ ਦੇ ਕਾਰਨ ਦੱਸੇ ਹਨ : ਜ਼ਮੀਨ, ਜ਼ਰ ਤੇ ਇਸਤਰੀ। ਰਾਮਾਇਣ ਦਾ ਯੁੱਧ, ਮਹਾਂਭਾਰਤ ਦਾ ਯੁੱਧ ਤੇ ਚਮਕੌਰ ਦੀ ਲੜਾਈ ਇਹ ਤਿੰਨੇ ਮੇਰੇ ਸਾਹਮਣੇ ਹਨ। ਰਾਮਾਇਣ ਦੀ ਲੜਾਈ ਜਦੋਂ ਮੈਂ ਦੇਖਦਾ ਹਾਂ ਤਾਂ ਕਾਰਨ ਇਕ ਇਸਤਰੀ ਹੈ, ਸਰੂਪਨਖਾ।

ਉਹਨਾਂ ਦਿਨਾਂ ਵਿਚ ਬੱਚੀਆਂ ਆਪਣਾ ਵਰ ਆਪ ਚੁਣਦੀਆਂ ਸਨ। ਸਰੂਪਨਖਾ ਨੇ ਵਰ ਚੁਣ ਲਿਆ ਲੱਛਮਣ ਨੂੰ ਤੇ ਵਰਮਾਲਾ ਪਹਿਨਾਉਣ ਲੱਗੀ। ਲੱਛਮਣ ਕਹਿਣ ਲੱਗਾ, ਨਹੀਂ ਮੈਂ ਬਨਵਾਸ ਵਿਚ ਹਾਂ ਅਤੇ ਮੈਂ ਜ਼ਿੰਦਗੀ ਭਰ ਵਿਆਹ ਨਹੀਂ ਕਰਾਂਗਾ, ਤੂੰ ਮੇਰੇ ਭਰਾ ਨਾਲ ਗੱਲ ਕਰ। ਦਰਅਸਲ ਇਹ ਜ਼ਿੰਦਗੀ ਨਾਲ ਮਜ਼ਾਕ ਸੀ ਕਿਉਂਕਿ ਸ੍ਰੀ ਰਾਮ ਵਿਵਾਹਤਾ ਸਨ, ਉਹਨਾਂ ਦੀ ਪਤਨੀ ਉਹਨਾਂ ਦੇ ਨਾਲ ਸੀ। ਭਾਵੇਂ ਉਸ ਸਮੇਂ ਉਹ ਕੁਟੀਆ ਵਿਚ ਸੀ। ਉਹ ਵਰਮਾਲਾ ਲੈ ਕੇ ਚਲੀ ਗਈ ਰਾਮ ਕੋਲ। ਰਾਮ ਨੇ ਕਿਹਾ, ਨਹੀਂ ਮੇਰੀ ਪਤਨੀ ਹੈ, ਤੂੰ ਮੇਰੇ ਭਰਾ ਨਾਲ ਗੱਲ ਕਰ। ਉਹ ਜਦੋਂ ਦੁਬਾਰਾ ਆਈ ਤਾਂ ਕ੍ਰੋਧ ਵਿਚ ਆ ਕੇ ਉਸਦੀ ਨੱਕ ਕੱਟ ਦਿੱਤੀ। ਕਿਸੀ ਇਸਤਰੀ ਦੀ ਨੱਕ ਕੱਟ ਕੇ ਜ਼ਿੰਦਗੀ ਭਰ ਉਸਨੂੰ ਕਰੂਪ ਕਰ ਦੇਣਾ,

ਕੋਮਲ ਹਿਰਦੇ ਇਕ ਸੰਤ ਦੇ ਲੱਛਣ ਨਹੀਂ ਹਨ। ਏਸ਼ੀਆ ਵਿਚ ਮਨੁੱਖ ਬਹੁਤ ਕੁਝ ਬਰਦਾਸ਼ਤ ਕਰ ਸਕਦਾ ਹੈ ਪਰ ਭੈਣ ਦੀ ਤੌਹੀਨ ਬਰਦਾਸ਼ਤ ਨਹੀਂ ਕਰਦਾ। ਰਾਵਣ ਨਹੀਂ ਕਰ ਸਕਿਆ। ਉਹ ਸ੍ਰੀ ਰਾਮ ਦੀ ਪਤਨੀ ਸੀਤਾ ਚੁੱਕ ਕੇ ਲੈ ਗਿਆ। ਕਿਸੇ ਦੀ ਇਸਤਰੀ ਚੁੱਕ ਕੇ ਲਿਆਉਣੀ ਇਹ ਅਗਲੇ ਦੀ ਨੱਕ ਕੱਟਣੀ ਹੈ। ਲਾਲਾ ਦੌਲਤ ਰਾਏ ਕਹਿੰਦੇ ਹਨ ਕਿ ਇਕ ਇਸਤਰੀ ਤੋਂ ਇਹ ਯੁੱਧ ਸ਼ੁਰੂ ਹੋਇਆ।"

ਅੱਗੇ ਕਹਿੰਦਾ ਹੈ, "ਮੈਂ ਮਹਾਂਭਾਰਤ ਦਾ ਯੁੱਧ ਦੇਖਦਾ ਹਾਂ, ਉਹ ਵੀ ਇਕ ਇਸਤਰੀ ਤੋਂ ਸ਼ੁਰੂ ਹੋਇਆ ਹੈ, ਦਰੋਪਤੀ। ਦਰੋਪਤੀ ਬਹੁਤ ਚੰਗੀ ਸੰਗੀਤਕਾਰ ਸੀ, ਕਵਿਤਰੀ ਸੀ ਤੇ ਚਿੱਤਰਕਾਰ ਵੀ ਸੀ। ਪਾਂਡਵਾਂ ਨੇ ਨਵਾਂ ਮਹਿਲ ਬਣਾਇਆ ਤੇ ਮਹਿਲ ਦੇ ਅੰਦਰ ਇਕ ਸਰੋਵਰ ਵੀ ਬੜਾ ਖ਼ੂਬਸੂਰਤ ਬਣਾਇਆ ਗਿਆ ਸੀ। ਸਰੋਵਰ ਦੇ ਉੱਤੇ ਅਜਿਹੇ ਰੰਗ ਬਿਖੇਰੇ, ਚਿੱਤਰਕਾਰੀ ਕੀਤੀ, ਉਹ ਸਾਰੇ ਦਾ ਸਾਰਾ ਸਰੋਵਰ ਬਗ਼ੀਚਾ ਲੱਗਦਾ ਸੀ। ਦੁਰਯੋਧਨ ਜ਼ਰਾ ਦੇਰੀ ਨਾਲ ਆਇਆ ਸਮਾਗਮ ਵਿਚ, ਜੋ ਹੋ ਰਿਹਾ ਸੀ ਮਹਿਲ ਦੇ ਅੰਦਰ। ਬੜਾ ਤੇਜ਼ੀ ਨਾਲ ਚੱਲਿਆ ਤੇ ਉਸ ਵਿਚ ਡੁੱਬ ਗਿਆ। ਤੈਰਨਾ ਜਾਣਦਾ ਸੀ ਬਾਹਰ ਤਾਂ ਨਿਕਲ ਆਇਆ ਪਰ ਸਾਰੀ ਚਿੱਤਰਕਾਰੀ ਖ਼ਰਾਬ ਹੋ ਗਈ। ਸਾਹਮਣੇ ਦਰੋਪਤੀ ਖੜੀ ਸੀ, ਕਹਿਣ ਲੱਗੀ ਅੰਨ੍ਹੇ ਦਾ ਪੁੱਤਰ ਅੰਨ੍ਹਾ ਹੈ। ਇਹ ਕੌੜਾ ਬਚਨ ਚੋਟ ਕਰ ਗਿਆ। ਦੁਰਯੋਧਨ ਕਹਿੰਦਾ ਹੈ ਕਿ ਦੇਖ ਲਈਂ ਇਹ ਅੰਨ੍ਹੇ ਦਾ ਅੰਨ੍ਹਾ ਪੁੱਤਰ ਕੀ ਕਰਦਾ ਹੈ।" ਲਾਲਾ ਦੌਲਤ ਰਾਏ ਕਹਿੰਦਾ ਹੈ, "ਇਹ ਯੁੱਧ ਸ਼ੁਰੂ ਹੋਇਆ ਹੈ ਇਕ ਇਸਤਰੀ ਤੋਂ। ਦੋਵੇਂ ਪਾਸੇ ਰਾਜੇ ਹਨ, ਦੋਵੇਂ ਪਾਸੇ ਸੈਨਾ ਹੈ, ਦੋਵੇਂ ਸ਼ਕਤੀਸ਼ਾਲੀ ਹਨ। ਕਹਿੰਦਾ ਮੈਂ ਚਮਕੌਰ ਦੀ ਲੜਾਈ ਦੇਖਦਾ ਹਾਂ। ਇਕ ਪਾਸੇ ਸਮੇਂ ਦੀ ਹਕੂਮਤ ਹੈ, ਸਾਰੇ ਹਿੰਦੁਸਤਾਨ ਦਾ ਬਾਦਸ਼ਾਹ, ਇਕ ਪਾਸੇ ਕੇਵਲ ਫ਼ਕੀਰ ਹੈ। ਕੋਈ ਜ਼ਮੀਨ ਜਾਇਦਾਦ ਨਹੀਂ, ਕੋਈ ਧਨ ਸੰਪਦਾ ਨਹੀਂ। ਇਹ ਲੜਾਈ ਦਾ ਕਾਰਨ ਇਸਤਰੀ ਵੀ ਨਹੀਂ ਹੈ, ਜ਼ਮੀਨ ਵੀ ਨਹੀਂ ਹੈ, ਜ਼ਰ ਵੀ ਨਹੀਂ ਹੈ। ਇਸ ਲੜਾਈ ਦਾ ਕਾਰਨ ਕੇਵਲ ਮਜ਼ਲੂਮ ਦੀ ਰੱਖਿਆ ਹੈ, ਦੇਸ਼ ਦੀ ਰੱਖਿਆ ਹੈ, ਧਰਮ ਦੀ ਰੱਖਿਆ ਹੈ। ਸੰਸਾਰ ਦੇ ਇਤਿਹਾਸ ਵਿਚ ਮੈਂ ਇਹ ਪਹਿਲਾ ਹੀ ਪੁਰਸ਼ ਦੇਖਦਾ ਹਾਂ ਜੋ ਇਸ ਢੰਗ ਨਾਲ ਲੜਿਆ ਹੈ ਤੇ ਉਸੇ ਦਾ ਨਾਮ ਹੈ ਧੰਨ ਗੁਰੂ ਗੋਬਿੰਦ ਸਿੰਘ।"

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਉਸ ਪਰੀਪੂਰਨ ਪ੍ਰਮਾਤਮਾ ਨੇ ਸਾਡਾ ਤਨ ਬਣਾਇਆ ਹੈ ਪੰਜ ਤੱਤਾਂ ਨਾਲ। ਪੰਜ ਤੱਤਾਂ ਦਾ ਸੁਭਾਉ ਵਿਪਰੀਤ ਹੈ। ਵਿਪਰੀਤ ਸੁਭਾਅ ਮਨ ਦੇ ਵਿਚ ਵੀ ਹੋਣਾ ਚਾਹੀਦਾ ਹੈ, ਜਦੋਂ ਤਨ ਦੇ ਅੰਦਰ ਵਿਪਰੀਤ ਤੱਤ ਹਨ। ਜਿਵੇਂ ਦੀ ਮਿੱਟੀ ਹੈ ਉਸ ਵਰਗਾ ਪਾਣੀ ਹੈ। ਜਿਵੇਂ ਪਾਣੀ ਹੈ ਉਸ ਜਿਹੀ ਅੱਗ ਨਹੀਂ। ਜਿਵੇਂ ਅੱਗ ਹੈ ਉਸ ਜਿਹੀ ਹਵਾ ਨਹੀਂ ਹੈ। ਜਿਵੇਂ ਦੀ ਹਵਾ ਹੈ ਉਸ ਜਿਹਾ ਆਕਾਸ਼ ਨਹੀਂ ਹੈ। ਇਹ ਪੰਜੇ ਤੱਤ ਵਿਪਰੀਤ ਹਨ। ਗੁਰਬਾਣੀ ਇਸਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥ ਐਸੀ ਰਹਤ ਰਹਉ ਹਰਿ ਪਾਸਾ॥

(ਅੰਗ ੩੨੭)

ਹਰੀ ਦੀ ਨੇੜਤਾ ਨਸੀਬ ਹੋ ਜਾਵੇਗੀ। ਕਿਸ ਤਰ੍ਹਾਂ ਦੀ? ਜਿਵੇਂ ਦੀ ਪ੍ਰਿਥਵੀ ਹੈ, ਆਕਾਸ਼ ਹੈ, ਪਾਣੀ ਹੈ, ਪਵਣ ਹੈ, ਅਗਨ ਹੈ ਸਾਡੇ ਸਰੀਰ ਵਿਚ। ਵਿਰੋਧੀ ਨੇ ਸਾਰੇ ਪਰ ਇਕੱਠੇ ਕੀਤੇ ਹਨ। ਸਰੀਰ ਨੂੰ ਜ਼ਿੰਦਗੀ ਦਿੰਦੇ ਪਏ ਹਨ। ਇਹਨਾਂ ਪੰਜ ਤੱਤਾਂ ਦਾ ਵਿਪਰੀਤ ਸੁਭਾਉ ਮਨ ਵਿਚ ਹੋਣਾ ਚਾਹੀਦਾ ਹੈ। ਧਰਤੀ ਤੋਂ ਕੀ ਲੈਣਾ ਹੈ? ਵਿਨਿਮਰਤਾ, ਪੈਰਾਂ ਦੇ ਥੱਲੇ। ਤੂੰ ਕਿਸੇ ਦੇ ਸਿਰ 'ਤੇ ਬੈਠਣ ਦੀ ਕੋਸ਼ਿਸ਼ ਨਾ ਕਰ, ਕਦਮਾਂ ਦੇ ਵਿਚ ਬੈਠ। ਪਰ ਇਸ ਵਿਨਿਮਰਤਾ ਨੂੰ ਕੋਈ ਕਮਜ਼ੋਰੀ ਨਾ ਸਮਝ ਲਵੇ, ਤੇਰੇ ਅੰਦਰ ਅਗਨੀ ਵੀ ਹੈ, ਇਸ ਤੋਂ ਜੋਸ਼ ਲੈ ਲੈ। ਕਈ ਮਨੁੱਖ ਇੰਨੇ ਗਰਮ ਤਬੀਅਤ ਦੇ ਹੁੰਦੇ ਹਨ, ਨਿਰੇ ਜ਼ਾਲਮ ਹੋ ਜਾਂਦੇ ਹਨ। ਤੇਰਾ ਜੋਸ਼ ਕਿਤੇ ਜ਼ਾਲਮਾਨਾ ਤਬੀਅਤ ਨਾ ਉਜਾਗਰ ਕਰ ਜਾਏ, ਇਸ ਲਈ ਪਾਣੀ ਤੋਂ ਠੰਢਾ ਸੁਭਾਅ ਲੈ ਲੈ। ਪਵਣ ਤੋਂ ਫੁਰਤੀਲਾ ਪਣ ਲੈ ਲੈ, ਆਲਸੀ ਤਬੀਅਤ ਨਹੀਂ। ਆਕਾਸ਼ ਤੋਂ ਤੂੰ ਸਮਦ੍ਰਿਸ਼ਟੀ ਲੈ ਲੈ। ਸਾਰਿਆਂ ਨੂੰ ਇਕ ਸਮਾਨ ਸਮਝ। ਪਾਣੀ ਤੋਂ ਪਵਿੱਤਰਤਾ, ਸ਼ੁੱਧਤਾ ਲੈ ਲੈ। ਜਦੋਂ ਪੰਜ ਤੱਤ ਤੇਰੇ ਤਨ ਵਿਚ ਹਨ ਸੁਭਾਉ ਕਰਕੇ, ਇਹ ਪੰਜ ਤੱਤ ਤੇਰੇ ਮਨ ਵਿਚ ਵੀ ਹੋਣ ਤਾਂ ਫਿਰ ਸਤਿਗੁਰੂ ਕਹਿੰਦੇ ਹਨ, ਤੈਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਵੇਗੀ। ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

★★★

ਬਿਨੁ ਨਾਵੈ ਜੀਵਨੁ ਬਿਰਥਾ

ਜੈਤਸਰੀ ਮਹਲਾ ੪ ਘਰੁ ੧ ਚਉਪਦੇ

ੴ ਸਤਿਗੁਰ ਪ੍ਰਸਾਦਿ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥ ੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ॥ ਰਹਾਉ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ ੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ॥ ੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥ ੪॥ ੧॥

(ਅੰਗ ੬੯੬)

ਸਤਿਕਾਰ ਯੋਗ ਸਾਧ ਸੰਗਤ ਜੀ! ਫਤਹਿ ਪ੍ਰਵਾਨ ਕਰਨੀ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਫ਼ਤਹਿ॥

ਇਕ ਸਮੇਂ ਵਿਚ ਐਲੋਪੈਥਿਕ ਨੇ ਬੜੀ ਮਿਹਨਤ ਕੀਤੀ ਹੈ। ਪ੍ਰਣ ਕੀਤਾ ਹੈ ਕਿ ਮਨੁੱਖ ਦੇ ਤਨ ਵਿਚੋਂ ਰੋਗ ਕੱਢ ਦੇਣਗੇ ਕਿਸੇ ਤਰੀਕੇ ਨਾਲ। ਇਹ ਇਕ ਧੜਾ ਰਿਹਾ ਜੋ ਮਨੁੱਖਾਂ ਦੇ ਰੋਗਾਂ ਦੀ ਨਵਿਰਤੀ ਦੇ ਸਾਧਨ ਜੁਟਾਂਦਾ ਰਿਹਾ। ਦੂਸਰੇ ਚਿੰਤਕ, ਵਿਚਾਰਕ, ਦਾਰਸ਼ਨਿਕ, ਫ਼ਿਲਾਸਫ਼ਰ, ਇਹ ਦੂਜਾ ਧੜਾ ਹਨ। ਇਹਨਾਂ ਦੀ ਕੋਸ਼ਿਸ਼ ਰਹੀ ਹੈ ਕਿ ਸਾਰੀ ਮਨੁੱਖਤਾ ਦੀ ਸੋਚਣੀ ਠੀਕ ਕਰ ਦੇਈਏ ਤਾਕਿ ਇਹ ਠੀਕ ਸੋਚੇ, ਚੰਗਾ ਸੋਚੇ, ਮਾੜਾ ਨਾ ਸੋਚੇ, ਬੁਰਾ ਨਾ ਸੋਚੇ। ਦੁਨੀਆਂ ਭਰ ਦੇ ਦਾਰਸ਼ਨਿਕ, ਦੁਨੀਆਂ ਭਰ ਦੇ ਫ਼ਿਲਾਸਫ਼ਰ, ਚਿੰਤਕ, ਕਵੀ ਸ਼ਾਇਰ ਇਸ ਤਰ੍ਹਾਂ ਦੇ ਜਿਹੜੇ ਆਲਮ ਫ਼ਾਜ਼ਲ ਹੋਏ ਹਨ, ਉਹਨਾਂ ਦੀਆਂ ਰਚਨਾਵਾਂ ਪੜ੍ਹੀਏ। ਉਹਨਾਂ ਨੇ ਪੁਰਜ਼ੋਰ ਕੋਸ਼ਿਸ਼ ਕੀਤੀ ਕਿ ਕਿਸੇ ਤਰੀਕੇ ਨਾਲ ਬੰਦੇ ਦੇ ਮਨ ਨੂੰ ਅਰੋਗ ਕਰ ਦੇਈਏ। ਇਹ

ਜਿਹੜੇ ਗ਼ਲਤ ਫੁਰਨੇ ਹਨ ਮਨੁੱਖ ਦੇ, ਕੱਢ ਦੇਈਏ। ਇਹ ਜਿਹੜੀ ਗ਼ਲਤ ਸੋਚਣੀ ਹੈ ਮਨੁੱਖ ਦੀ, ਕੱਢ ਦੇਈਏ। ਦੁਨੀਆਂ ਭਰ ਦੇ ਸੰਤ ਜਨਾਂ ਨੇ, ਅਵਤਾਰੀ ਪੁਰਖਾਂ ਨੇ ਇਹ ਕੋਸ਼ਿਸ਼ ਕੀਤੀ ਹੈ ਕਿ ਮਨੁੱਖ ਕੋਲ ਜਿਹੜਾ ਸਭ ਤੋਂ ਵੱਡਾ ਦੁੱਖ ਹੈ— ਜੰਮਣਾ ਤੇ ਮਰਣਾ— ਇਹ ਬੰਦੇ ਦਾ ਕੱਟ ਦੇਈਏ। ਕਿਸੇ ਤਰੀਕੇ ਨਾਲ ਵੀ ਕੱਟ ਦੇਈਏ। ਇਹ ਸਾਰੇ ਆਦਿ ਕਾਲ ਤੋਂ ਕੋਸ਼ਿਸ਼ ਕਰਦੇ ਰਹੇ ਹਨ - ਵੈਦ, ਹਕੀਮ, ਚਿੰਤਕ, ਦਾਰਸ਼ਨਿਕ, ਫ਼ਿਲੋਸਫ਼ਰ ਤੇ ਸੰਤ।

ਸੰਤ ਦੀ ਤਾਂ ਕੋਸ਼ਿਸ਼ ਸੀ ਕਿ ਦੁੱਖਾਂ ਦਾ ਮੂਲ ਹੈ ਜਨਮ ਤੇ ਮਰਣ, ਇਸ ਮੂਲ ਨੂੰ ਹੀ ਕੱਟੀਏ, ਖ਼ਤਮ ਕਰੀਏ। ਆਪਣੇ ਢੰਗ ਨਾਲ ਕੋਸ਼ਿਸ਼ ਕਰਦੇ ਰਹੇ ਵਿਚਾਰੇ ਤੇ ਮੇਰੀ ਇਕ ਬੇਨਤੀ ਹੈ, ਦੋ ਲਫ਼ਜ਼ ਕਹਿਣ ਲੱਗਾ ਹਾਂ, ਇਹਨੂੰ ਠੰਡੇ ਦਿਲ ਨਾਲ ਬਰਦਾਸ਼ਤ ਕਰ ਲੈਣਾ। ਇਹ ਤਿੰਨੇ ਹੀ ਵੈਦ, ਚਿੰਤਕ ਤੇ ਸੰਤ ਮਨੁੱਖੀ ਦੁਨੀਆਂ ਵਿਚ ਅਸਫਲ ਰਹੇ ਹਨ, ਸਫਲ ਨਹੀਂ ਹੋਏ, ਕਾਮਯਾਬ ਨਹੀਂ ਹੋਏ। ਹਜ਼ਾਰਾਂ ਸਾਲਾਂ ਤੋਂ ਵੈਦ ਹਕੀਮ ਚੋਟੀ ਦੇ ਤੇ ਅੱਜ ਚੋਟੀ ਦੇ ਡਾਕਟਰ ਰੱਜ ਕੇ ਪਏ ਕੋਸ਼ਿਸ਼ ਕਰਦੇ ਹਨ ਕਿ ਮਨੁੱਖ ਦੇ ਸਰੀਰ ਵਿਚੋਂ ਰੋਗ ਕੱਢ ਦੇਈਏ। ਜੇਕਰ ਆਬਾਦੀ ਨਾਲ ਬੰਦਿਆਂ ਦੇ ਘਰ ਵੱਧਦੇ ਜਾ ਰਹੇ ਹਨ ਤਾਂ ਰੋਗੀਆਂ ਨਾਲ ਹਸਪਤਾਲ ਵੀ ਭਰਦੇ ਜਾ ਰਹੇ ਹਨ। ਕਿਸੇ ਹਸਪਤਾਲ ਵਿਚ ਤੁਹਾਨੂੰ ਬੈੱਡ ਖ਼ਾਲੀ ਨਹੀਂ ਮਿਲੇਗਾ, ਜਾ ਕੇ ਵੇਖੋ ਸਭ ਭਰੇ ਪਏ ਹਨ। ਪਾਗ਼ਲਖ਼ਾਨੇ ਭਰੇ ਪਏ ਹਨ, ਹਸਪਤਾਲ ਭਰੇ ਪਏ ਹਨ, ਮੈਡੀਕਲ ਸਟੋਰ ਦਵਾਈਆਂ ਨਾਲ ਭਰੇ ਪਏ ਹਨ। ਥਾਂ ਹੀ ਕੋਈ ਨਹੀਂ ਰੋਗੀਆਂ ਦੇ ਲਈ ਹਸਪਤਾਲਾਂ ਵਿਚ ਅਤੇ ਪਹਿਲੇ ਨਾਲੋਂ ਅੱਠ ਦੱਸ ਗੁਣਾ ਵੱਧ ਹਸਪਤਾਲ ਬਣ ਗਏ। ਸਾਰੀ ਦੁਨੀਆਂ ਦੇ ਵਿਚ ਹਸਪਤਾਲ ਭਰੇ ਪਏ ਹਨ।

ਇਸ ਚੱਕਰ ਵਿਚ ਨਾ ਪੈਣਾ ਕਿ ਹਿੰਦੁਸਤਾਨ ਵਿਚ ਰੋਗੀ ਜ਼ਿਆਦਾ ਹਨ। ਮੈਂ ਅਮਰੀਕਾ ਵਿਚ ਵੀ ਕੋਈ ਹਸਪਤਾਲ ਖ਼ਾਲੀ ਨਹੀਂ ਦੇਖਿਆ, ਸਭ ਭਰੇ ਪਏ ਹਨ ਰੋਗੀਆਂ ਨਾਲ। ਸੰਖੇਪ ਵਿਚ ਮੈਂ ਅਰਜ਼ ਕਰਾਂ ਕਿ ਵੈਦ ਅਸਫਲ ਰਿਹਾ, ਉਹਨੂੰ ਕਾਮਯਾਬੀ ਨਹੀਂ ਮਿਲੀ। ਹਾਲਾਂਕਿ ਉਸ ਦੀ ਕੋਸ਼ਿਸ਼ ਇਹ ਸੀ ਕਿ ਮਨੁੱਖੀ ਸਰੀਰ ਦੇ ਤੱਲ 'ਤੇ ਕੋਈ ਰੋਗ ਨਹੀਂ ਰਹਿਣੇ ਚਾਹੀਦੇ, ਬਿਮਾਰੀਆਂ ਨਹੀਂ ਰਹਿਣੀਆਂ ਚਾਹੀਦੀਆਂ। ਵਿਚਾਰਾ ਆਪਣੇ ਢੰਗ ਨਾਲ ਜਤਨ ਕਰਦਾ ਰਿਹਾ। ਹਿਮਾਲੀਆ ਦੀਆਂ ਬਰਫ਼ਾਨੀ ਚੋਟੀਆਂ ਤੋਂ ਜੜ੍ਹੀਆਂ ਬੂਟੀਆਂ ਲੱਭਦਾ ਰਿਹਾ ਸੀਤ ਲਹਿਰ ਦੇ ਵਿਚ। ਹੁਣ ਵੀ ਮੈਂ ਦੇਖਦਾ ਹਾਂ ਕਿ ਜੂਨ ਜੁਲਾਈ ਵਿਚ ਹਿੰਦੋਸਤਾਨ ਭਰ ਦੇ ਵੈਦ ਸਿਆਣੇ ਸਿਆਣੇ ਹਿਮਾਲੀਆ ਦੀਆਂ ਚੋਟੀਆਂ ਦੀ ਤਰਫ਼ ਚਲ ਪੈਂਦੇ ਹਨ ਬੂਟੀਆਂ ਲੱਭਣ ਲਈ।

ਇਸ ਤਰ੍ਹਾਂ ਦਾ ਮੈਨੂੰ ਥੋੜ੍ਹਾ ਜਿਹਾ ਤਜਰਬਾ ਹੋਇਆ ਹੈ। ਬਾਬਾ ਮਥਰਾ ਸਿੰਘ ਨਿਰਮਲੇ ਅੱਜ ਕੱਲ ਮਲੇਸ਼ੀਆ ਵਿਚ ਹਨ। ਉਹ ਛੋਟੇ ਜਿਹੇ ਵੈਦ ਵੀ ਸਨ। ਦੋ ਚਾਰ ਜੜ੍ਹੀਆਂ ਬੂਟੀਆਂ ਤੇ ਦੋ ਚਾਰ ਬਿਮਾਰੀਆਂ ਬਾਰੇ ਜਾਣਕਾਰੀ ਰੱਖਦੇ ਸਨ। ਉਹਨਾਂ ਨਾਲ ਜਦੋਂ ਅਮਰਨਾਥ ਚੱਲੇ ਤਾਂ ਰਸਤੇ ਵਿਚ ਚੱਲਣ ਘੱਟ ਤੇ ਬੂਟੀਆਂ ਜ਼ਿਆਦਾ ਲੱਭਣ ਤਾਂ ਮੈਂ ਕਿਹਾ ਬਾਬਾ ਜੀ ! ਇਸ

ਹਿਸਾਬ ਨਾਲ ਤਾਂ ਅਸੀਂ ਪੰਦਰਾਂ ਦਿਨਾਂ ਵਿਚ ਵੀ ਨਹੀਂ ਪਹੁੰਚ ਸਕਦੇ, ਜਿਸ ਤਰ੍ਹਾਂ ਤੁਸੀਂ ਪਏ ਚੱਲਦੇ ਹੋ। ਮੈਨੂੰ ਕਹਿਣ ਲੱਗਾ, ਮਸਕੀਨ ਜੀ ! ਮੈਂ ਅਮਰ ਨਾਥ ਨਹੀਂ ਚੱਲਿਆ, ਮੈਂ ਤਾਂ ਰਸਤੇ ਵਿਚ ਜੜ੍ਹੀਆਂ ਬੂਟੀਆਂ ਲੱਭਣੀਆਂ ਹਨ। ਮੈਂ ਤਾਂ ਇਵੇਂ ਹੀ ਉੱਚੀਆਂ ਉੱਚੀਆਂ ਬਰਫ਼ਾਨੀ ਚੋਟੀਆਂ 'ਤੇ ਚੜ੍ਹ ਕੇ ਜੜ੍ਹੀ ਬੂਟੀਆਂ ਲੱਭਦਾ ਰਹਿੰਦਾ ਹਾਂ। ਬਰਫ਼ ਕੁੱਟਦਾ ਰਹਿੰਦਾ ਹਾਂ। ਬਰਫ਼ ਦੇ ਟੋਟੇ ਇਕ ਪਾਸੇ ਕਰਦਾ ਸੀ ਕਿ ਸ਼ਾਇਦ ਇਹ ਬੂਟੀ ਉਸ ਦੇ ਥੱਲਿਉਂ ਲੱਭੇਗੀ।

ਆਦਿਕਾਲ ਤੋਂ ਇਹ ਮਿਹਨਤ ਤਰ੍ਹਾਂ ਤਰ੍ਹਾਂ ਦੇ ਵੈਦ ਹਕੀਮ ਕਰਦੇ ਰਹੇ ਹਨ ਪਰ ਕਹਿਣਾ ਪਏਗਾ ਕਿ ਅਸਫਲ ਹੋਏ ਹਨ। ਮਨੁੱਖ ਦੇ ਸਰੀਰ ਵਿਚੋਂ ਰੋਗ ਕੱਢ ਨਹੀਂ ਸਕੇ। ਇਕ ਰੋਗ ਨੂੰ ਕਾਬੂ ਕੀਤਾ, ਦੂਜਾ ਪੈਦਾ ਹੋ ਗਿਆ। ਜੇ ਚੇਚਕ ਕਾਬੂ ਹੋ ਗਈ ਹੈ, ਜੇ ਟਾਈਫ਼ਾਈਡ ਕਾਬੂ ਹੋ ਗਿਆ ਹੈ, ਜੇ ਤਪਦਿਕ ਅੱਜ ਕਾਬੂ ਵਿੱਚ ਹੈ ਪਰ ਕੈਂਸਰ ਅੱਜ ਕਾਬੂ ਵਿਚ ਨਹੀਂ ਹੈ। ਨਵੀਂ ਬਿਮਾਰੀ ਸ਼ੂਗਰ ਦੀ, ਚੱਕਰ ਦੀ ਬਿਮਾਰੀ ਇਹ ਕਾਬੂ ਵਿਚ ਨਹੀਂ। ਟੈਟਨੈੱਸ ਦਾ ਕੋਈ ਇਲਾਜ ਨਹੀਂ। ਟੈਟਨੈੱਸ ਦੇ ਬੰਦੇ ਮਰਦੇ ਹਨ, ਕੈਂਸਰ ਦੇ ਬੰਦੇ ਮਰਦੇ ਹਨ, ਸ਼ੂਗਰ ਦਾ ਕੋਈ ਇਲਾਜ ਹੀ ਨਹੀਂ। ਸਾਇੰਸ ਸਿੱਖਰ 'ਤੇ ਪਹੁੰਚੀ ਹੋਈ ਹੈ ਇਸ ਵਕਤ। ਚੇਚਕ ਦਾ ਕੋਈ ਇਲਾਜ ਨਹੀਂ ਸੀ। ਜਦ ਕੋਈ ਇਲਾਜ ਨਹੀਂ ਸੀ ਤਾਂ ਲੋਕਾਂ ਨੇ ਚੇਚਕ ਨੂੰ ਮਾਤਾ ਕਰਕੇ ਪੂਜਿਆ। ਅੱਜ ਮਨੁੱਖ ਕੈਂਸਰ ਦੇ ਹੱਥੋਂ ਮਜਬੂਰ ਹੋ ਗਏ ਹਨ। ਲੱਭਦੇ ਫਿਰਦੇ ਹਨ ਇਲਾਜ।

ਮੈਂ ਫੇਰ ਅਰਜ਼ ਕਰਾਂ ਜਿਸ ਦਿਨ ਕੈਂਸਰ ਦਾ ਇਲਾਜ ਲੱਭ ਪਿਆ, ਸ਼ੂਗਰ ਦਾ ਇਲਾਜ ਲੱਭ ਪਿਆ, ਟੈਟਨੈੱਸ ਦਾ ਇਲਾਜ ਲੱਭ ਪਿਆ, ਇਸ ਤਰ੍ਹਾਂ ਦੇ ਹੋਰ ਕਈ ਰੋਗਾਂ ਦਾ ਇਲਾਜ ਲੱਭ ਪਿਆ ਤਾਂ ਕੁਝ ਹੋਰ ਬਿਮਾਰੀਆਂ ਪੈਦਾ ਹੋ ਜਾਣਗੀਆਂ, ਜੋ ਬੰਦੇ ਦੇ ਕਾਬੂ ਵਿਚ ਨਹੀਂ ਆਉਣਗੀਆਂ। ਮਨੁੱਖ ਦਾ ਇਤਿਹਾਸ ਇਹੀ ਦੱਸਦਾ ਹੈ ਸਾਰੇ ਦਾ ਸਾਰਾ। ਹਜ਼ਾਰਾਂ ਸਾਲ ਦਾ ਇਤਿਹਾਸ ਇਹੀ ਦੱਸਦਾ ਹੈ ਕਿ ਇਕ ਬਿਮਾਰੀ 'ਤੇ ਕਾਬੂ ਪਾਇਆ ਜਾਏ, ਦੂਸਰੀ ਨਵੀਂ ਪੈਦਾ ਹੋ ਗਈ ਹੈ। ਨਵੇਂ ਨਵੇਂ ਨਾਂ ਸੁਣਦੇ ਪਏ ਹਾਂ। ਅੱਜ ਕੱਲ ਕਈ ਰੋਗਾਂ ਦੇ ਨਾਂ ਜੋ ਦੱਸ ਵੀਹ ਸਾਲ ਪਹਿਲੇ ਸੁਣੇ ਹੀ ਨਹੀਂ ਸਨ, ਅੱਜ ਸੁਣਦੇ ਹਾਂ। ਵੈਦ ਸਫਲ ਨਹੀਂ ਹੋਏ।

ਦੂਜੇ ਹਨ ਦਾਰਸ਼ਨਿਕ, ਚਿੰਤਕ, ਫ਼ਿਲਾਸਫ਼ਰ, ਕਵੀ, ਸ਼ਾਇਰ ਜਿਨ੍ਹਾਂ ਦੀ ਬੜੀ ਕੋਸ਼ਿਸ਼ ਸੀ ਕਿ ਮਨੁੱਖ ਦੀ ਸੋਚਣੀ ਨੂੰ ਉੱਚਾ ਕਰੀਏ। ਗੁਸਤਾਖ਼ੀ ਮਾਫ਼, ਦੁਨੀਆਂ ਦੇ ਵਿਚ ਇਤਨੇ ਸ਼ਾਇਰ, ਇਤਨੇ ਕਵੀ, ਇਤਨੇ ਚਿੰਤਕ, ਇਤਨੇ ਲਿਖਾਰੀ, ਇਤਨੇ ਫ਼ਿਲਾਸਫ਼ਰ ਤੇ ਸਭ ਕੁਝ ਹੁੰਦਿਆਂ ਹੋਇਆਂ ਵੀ ਪਹਿਲੇ ਨਾਲੋਂ ਵੀ ਮੂਰਖਤਾ ਜ਼ਿਆਦਾ ਵਧੀ ਹੈ। ਤੁਸੀਂ ਇਹ ਨਾ ਸਮਝਣਾ ਕਿ ਘੱਟੀ ਹੈ। ਬਿਮਾਰੀਆਂ ਸਰੀਰ ਦੀਆਂ ਘਟੀਆਂ ਨਹੀਂ, ਵਧੀਆਂ ਹਨ। ਮੂਰਖਤਾ ਮਨ ਦੀ ਘੱਟੀ ਨਹੀਂ, ਵਧੀ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਪੁਰਾਣੇ ਜ਼ਮਾਨੇ ਵਿਚ ਅਨਪੜ੍ਹ ਮੂਰਖਾਂ ਦੀ ਗਿਣਤੀ ਜ਼ਿਆਦਾ ਸੀ ਤੇ ਅਜੋਕੇ ਸਮੇਂ ਵਿਚ ਪੜ੍ਹੇ ਲਿਖੇ ਮੂਰਖਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਰਹੀ ਹੈ। ਗੱਲ ਤਾਂ ਇਤਨੀ ਹੈ -

ਪੜਿਆ ਮੂਰਖੁ ਆਖੀਐ ਜਿਸੁ ਲਬ ਲੋਭ ਹੰਕਾਰ॥

(ਅੰਗ ੧੪੦)

ਗੱਲ ਇਤਨੀ ਹੈ ਕਿ ਹੰਕਾਰ ਮੂਰਖਤਾ ਦੇ ਵਿਚੋਂ ਪੈਦਾ ਹੁੰਦਾ ਹੈ। "ਮੈਂ ਹੀ ਸਭ ਕੁਝ ਹਾਂ ਅਤੇ ਮੈਂ ਹੀ ਹਾਂ", ਇਹ ਹੀ ਤਾਂ ਮੂਰਖਤਾ ਹੈ। ਇਹ ਤਾਂ ਪਹਿਲੇ ਨਾਲੋਂ ਜ਼ਿਆਦਾ ਪੜ੍ਹੇ ਲਿਖਿਆਂ ਵਿਚ ਹੈ। ਸੰਖੇਪ ਵਿਚ ਮੈਂ ਅਰਜ਼ ਕਰਾਂ ਕਿ ਚਿੰਤਕ, ਫ਼ਿਲਾਸਫ਼ਰ, ਦਾਰਸ਼ਨਿਕ, ਜੋ ਲਿਖ ਕੇ, ਬੋਲ ਕੇ ਆਦਿਕਾਲ ਤੋਂ ਕੋਸ਼ਿਸ਼ ਕਰਦੇ ਆਏ ਹਨ ਕਿ ਮਨੁੱਖ ਦੀ ਸੋਚਣੀ ਠੀਕ ਕਰ ਦੇਈਏ, ਮਨੁੱਖ ਦੇ ਵਿਚਾਰਾਂ ਨੂੰ ਠੀਕ ਕਰ ਦੇਈਏ ਪਰ ਕਿਥੇ ਠੀਕ ਹੋਈ? ਗੱਲ ਹੀ ਨਹੀਂ ਬਣੀ। ਇਹ ਹਕੀਕਤ ਹੈ, ਬਹੁਤ ਵੱਡੀ ਸਚਾਈ ਹੈ, ਸਗੋਂ ਕਈ ਚਿੰਤਕ ਥੱਕ ਗਏ, ਹਾਰ ਗਏ। ਕਹਿੰਦੇ ਹਨ ਕਿ ਮਨੁੱਖ ਦੀ ਸੋਚਣੀ ਠੀਕ ਕਰਨੀ ਬੜੀ ਔਖੀ ਹੈ। ਹਾਰ ਮੰਨੀ ਹੈ ਬੜੇ ਬੜੇ ਦਾਰਸ਼ਨਿਕ ਲੋਕਾਂ ਨੇ। ਬੜੇ ਬੜੇ ਫ਼ਿਲਾਸਫ਼ਰਾਂ ਨੇ।

ਤੁਲਸੀ ਕਹਿੰਦੇ ਹਨ ਕਿ ਜੇਕਰ ਬਦਲ ਪਾਣੀ ਦੀ ਥਾਂ 'ਤੇ ਕਿਧਰੇ ਅੰਮ੍ਰਿਤ ਦੀ ਬਰਖਾ ਕਰਨ ਤਾਂ ਵੀ ਜਿਹੜਾ ਬੈਂਤ ਹੈ, ਇਹਨੂੰ ਫੁੱਲ ਫਲ ਨਹੀਂ ਲੱਗਣ ਲੱਗੇ, ਕਦੀ ਵੀ ਨਹੀਂ ਲੱਗਣ ਲੱਗੇ। ਇਸ ਸਬੰਧ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਬੜੇ ਬੜੇ ਸੋਹਣੇ ਸ਼ਬਦ ਉਚਾਰਣ ਕੀਤੇ ਹਨ। ਸਤਿਗੁਰੂ ਜੀ ਦਾ ਫ਼ੁਰਮਾਨ ਹੈ-

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ॥
ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ॥
ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ॥
ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ॥
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥
ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥
ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥ ੧॥

(ਅੰਗ ੧੪੩)

ਮਹਾਰਾਜ ਕਹਿੰਦੇ ਹਨ ਕਿ ਇਕ ਨਹੀਂ, ਪੰਜਾਹ ਦੀਵੇ ਬਾਲ ਕੇ ਰੱਖ ਦਿਉ ਅੰਨ੍ਹੇ ਦੇ ਅੱਗੇ, ਕੀ ਫ਼ਰਕ ਪੈਂਦਾ ਹੈ। ਘਾਹ ਦੀ ਪੰਡ ਵਿਚ ਸੋਨੇ ਦੀਆਂ ਮੋਹਰਾਂ ਗਊ ਦੇ ਅੱਗੇ ਸੁੱਟ ਦਿਉ; ਮੱਝ ਦੇ ਅੱਗੇ ਸੁੱਟ ਦਿਉ ਪਰ ਉਸ ਨੇ ਚੁਣ ਚੁਣ ਕੇ ਘਾਹ ਹੀ ਖਾਣਾ ਹੈ। ਉਸ ਨੂੰ ਸੋਨੇ ਨਾਲ ਕੀ ਮਤਲਬ? ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਣ ਹੈ ਕਿ ਕਿਤਨੀ ਠੰਡ ਕਿਉਂ ਨਾ ਹੋਵੇ, ਇਸਦੇ ਨਾਲ ਪੱਥਰ ਕੋਮਲ ਹੋ ਜਾਵੇ, ਉਸ ਦੀ ਸ਼ਕਤੀ ਵਿਚ ਕੋਈ ਫ਼ਰਕ ਪੈ ਜਾਵੇ, ਨਹੀਂ, ਉਹ ਤਾਂ ਉਸੇ ਤਰ੍ਹਾਂ ਹੀ ਹੈ। ਕਿਤਨਾ ਹੀ ਇਲਮ ਗੁਣ,

ਗਿਆਨ, ਵਿਚਾਰ, ਦਰਸ਼ਨ, ਫ਼ਲਸਫ਼ਾ ਹੋਵੇ, ਮੂਰਖ ਦੀ ਮੂਰਖਤਾ ਨੂੰ ਦੂਰ ਕਰਨਾ ਬਹੁਤ ਔਖੀ ਗੱਲ ਹੈ। ਜਿਸਦਾ ਮੂਰਖਤਾ ਵਾਲਾ ਸੁਭਾਅ ਬਣ ਗਿਆ, ਉਹਨੂੰ ਤਬਦੀਲ ਕਰਨਾ, ਉਹਨੂੰ ਬਦਲਣਾ ਬਹੁਤ ਔਖੀ ਗੱਲ ਹੈ। ਬ੍ਰਿਜ ਭਾਸ਼ਾ ਦਾ ਇਕ ਉੱਘਾ ਸ਼ਾਇਰ ਹੋਇਆ ਹੈ। ਉਹ ਕਹਿੰਦਾ ਹੈ ਕਿ ਇਕ ਸੂਰਜ ਨਹੀਂ, ਕਰੋੜਾਂ ਸੂਰਜ ਚੜ੍ਹ ਪੈਣ ਤਾਂ ਉੱਲੂ ਦੀ ਦੁਨੀਆਂ ਵਿਚ ਕੋਈ ਪਲਟਾ ਨਹੀਂ ਆਉਣ ਲੱਗਾ। ਇਕ ਸੂਰਜ ਦੀ ਥਾਂ 'ਤੇ ਭਾਵੇਂ ਕਰੋੜਾਂ ਹੀ ਸੂਰਜ ਚੜ੍ਹ ਪੈਣ, ਉੱਲੂ ਨੂੰ ਕੁਝ ਨਹੀਂ ਦਿੱਸਣਾ। ਐਸੀ ਉਦਾਹਰਣ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਮਿਲਦੀ ਹੈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਵੱਈਏ ਵਿਚ-

ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥

(ਅੰਗ ੧੩੮੭)

ਉੱਲੂ ਨੂੰ ਪੰਜਾਬੀ ਵਿਚ ਕਹਿੰਦੇ ਹਨ ਘੁੱਗੂ। ਸਾਹਿਬ ਕਹਿੰਦੇ ਹਨ ਜਿਵੇਂ ਉੱਲੂ ਦੀ ਆਦਤ ਹੈ ਹਨੇਰੇ ਵਿਚ ਘੁੰਮਣਾ। ਹੁਣ ਲੱਖ ਕੋਸ਼ਿਸ਼ ਕਰੇ ਇਹ ਚਾਨਣ ਵਿਚ ਘੁੰਮੇ, ਇਹ ਰੌਸ਼ਨੀ ਵਿਚ ਘੁੰਮੇ, ਇਹਨੂੰ ਰੌਸ਼ਨੀ ਦਿਖਾਈ ਦੇਵੇ, ਉਹਨੂੰ ਰੌਸ਼ਨੀ ਦਿਖਾਈ ਨਹੀਂ ਦੇਂਦੀ, ਅੰਧੇਰਾ ਦਿਖਾਈ ਦੇਂਦਾ ਹੈ, ਅੰਧਕਾਰ ਦਿਖਾਈ ਦੇਂਦਾ ਹੈ। ਉੱਲੂ ਨੂੰ ਹਨੇਰੇ ਵਿਚ ਦਿਖਾਈ ਦੇਂਦਾ ਹੈ, ਰੌਸ਼ਨੀ ਵਿਚ ਨਹੀਂ ਦਿਖਾਈ ਦੇਂਦਾ। ਬੰਦੇ ਨੂੰ ਅਗਿਆਨ ਵਿਚ ਦਿਖਾਈ ਦੇਂਦਾ ਹੈ, ਗਿਆਨ ਵਿਚ ਕੁਛ ਵੀ ਨਹੀਂ। ਅਗਿਆਨ ਨਾਲ ਮੋਹ ਹੈ, ਗਿਆਨ ਨਾਲ ਨਹੀਂ। ਦੁਨੀਆਂ ਭਰ ਦਾ ਗਿਆਨ ਜੋ ਦਾਰਸ਼ਨਿਕ ਫ਼ਿਲਾਸਫ਼ਰਾਂ ਨੇ ਦਿੱਤਾ ਹੈ, ਗੁਸਤਾਖ਼ੀ ਮਾਫ਼, ਇਹ ਇੰਝ ਹਨ, ਜਿਵੇਂ ਉੱਲੂ ਦੀ ਦੁਨੀਆਂ ਵਿਚ ਹਜ਼ਾਰਾਂ ਸੂਰਜ ਚੜ੍ਹੇ ਹੋਣ, ਕੀ ਮਾਇਨੇ ਰੱਖਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫ਼ੁਰਮਾਣ ਹੈ -

ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥

ਧਨ ਸਮਪਦਾ ਦੇ ਝੂਲੇ ਵਿਚ ਝੂਲਦਾ ਪਿਆ ਹੈ ਤੇ ਮਾਇਆ ਦੇ ਅੰਧਕਾਰ ਵਿਚ ਇੰਝ ਪਿਆ ਘੁੰਮਦਾ ਹੈ ਜਿਵੇਂ ਹਨੇਰੇ ਵਿਚ ਉੱਲੂ। ਹੁਣ ਬਦਲੋ ਉੱਲੂ ਦਾ ਸੁਭਾਅ, ਕਿਵੇਂ ਬਦਲੋਗੇ? ਬਹੁਤ ਔਖੀ ਗੱਲ ਹੈ। ਮਰਦਾਨੇ ਨੇ ਇਕ ਦਿਨ ਪ੍ਰਸ਼ਨ ਕੀਤਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਕਿ ਮਹਾਰਾਜ ! ਮੈਨੂੰ ਹੈਰਾਨੀ ਆਉਂਦੀ ਹੈ ਕਿ ਕਈ ਆਪਣੇ ਮਿੱਠੇ ਬਚਨ ਸੁਣਦੇ ਹਨ, ਬੜੇ ਮਿੱਠੇ ਬੋਲ ਸੁਣਦੇ ਹਨ, ਪਰ ਉਹਨਾਂ ਦੇ ਹਿਰਦੇ ਦੀ ਕੁੜੱਤਣ ਨਹੀਂ ਜਾਂਦੀ, ਗੱਲ ਕੀ ਹੈ? ਸਾਹਿਬ ਨੇ ਜਿਹੜਾ ਉਦਾਹਰਣ ਦਿੱਤਾ, ਇਹ ਸ਼ਬਦ ਦੀ ਵਿਆਖਿਆ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਲਿਖੀ ਹੈ। ਸਤਿਗੁਰੂ ਕਹਿੰਦੇ ਹਨ -

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤਰੁ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥

(ਅੰਗ ੯੯੦)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਜਿਹੜਾ ਤੂੰਬਾ ਹੈ, ਇਹਦੀ ਜੜ੍ਹ ਵਿਚ ਸ਼ਰਬਤ, ਸ਼ਹਿਦ, ਘਿਉ, ਦੁੱਧ ਪਾਈਏ ਤਾਂ ਮਰਦਾਨਿਆ ਤੂੰਬਾ ਮਿੱਠਾ ਹੋ ਜਾਏਗਾ? ਇਹਦਾ ਫੱਲ ਮਿੱਠਾ ਹੋ ਜਾਏਗਾ? ਨਹੀਂ, ਕੁੜਤਣ ਇਸ ਦੀ ਨਹੀਂ ਜਾਣੀ।

ਮੈਨੂੰ ਇਕ ਗਾਥਾ ਚੇਤੇ ਆ ਗਈ ਭਗਤ ਮਾਲ ਦੀ। ਬਰਸਾਤ ਦੇ ਦਿਨਾਂ ਵਿਚ ਕਬੀਰ ਦੇ ਘਰ ਇਕ ਨਿੰਮ ਦਾ ਪੌਦਾ ਪੈਦਾ ਹੋ ਗਿਆ। ਬੂਟੇ ਜਮ ਪੈਂਦੇ ਹਨ ਬਰਸਾਤ ਦੇ ਦਿਨਾਂ ਵਿਚ। ਕਬੀਰ ਲੋਈ ਨੂੰ ਕਹਿਣ ਲੱਗੇ ਕਿ ਘਰ ਵਿਚ ਦਰੱਖ਼ਤ ਚੰਗਾ ਹੁੰਦਾ ਹੈ, ਖ਼ਾਸ ਕਰਕੇ ਨਿੰਮ ਦਾ ਦਰੱਖ਼ਤ। ਇਹ ਨਿੱਕਾ ਜਿਹਾ ਬੂਟਾ ਜੰਮਿਆ ਹੈ, ਇਹਨੂੰ ਮੁਰਝਾਣ ਨਾ ਦੇਈਂ। ਇਹਨੂੰ ਵੱਡਾ ਕਰਨਾ ਹੈ ਆਪਾਂ। ਘਰ ਦੇ ਵਿਚ ਦਰੱਖ਼ਤ ਹੋਣਾ ਚਾਹੀਦਾ ਹੈ। ਮੈਨੂੰ ਦਾਤਨ ਨਿੰਮ ਦੀ ਲੈਣ ਵਾਸਤੇ ਦੂਰ ਦੂਰ ਜਾਣਾ ਪੈਂਦਾ ਹੈ। ਲੋਈ ਨੇ ਕਿਹਾ ਸਤਿ ਬਚਨ। ਬਰਸਾਤ ਖ਼ਤਮ ਹੋਈ ਤੇ ਅੱਜ ਲੋਈ ਨੇ ਮਹਿਸੂਸ ਕੀਤਾ ਕਿ ਬਹੁਤ ਦਿਨ ਹੋਇਆ ਪਾਣੀ ਨਹੀਂ ਪਿਆ ਤੇ ਇਸ ਬੂਟੇ ਵਿਚ ਕੁਝ ਪਾਣੀ ਪਾਈਏ। ਬਾਹਰੋਂ ਖੂਹ ਤੋਂ ਪਾਣੀ ਭਰ ਕੇ ਲਿਆਈ ਤੇ ਪਾਣੀ ਪਾਉਣ ਲੱਗੀ। ਕਬੀਰ ਨੇ ਪੁੱਛ ਲਿਆ ਕਿਥੋਂ ਲਿਆਈ ਹੈਂ ਜਲ? ਉਹ ਸਾਹਮਣੇ ਖੂਹ ਤੋਂ। ਨਹੀਂ, ਉਸ ਖੂਹ ਦਾ ਪਾਣੀ ਤਾਂ ਅਸੀਂ ਪੀਵਾਂਗੇ, ਇਸ ਬੂਟੇ ਵਿਚ ਗੰਗਾ ਦਾ ਜਲ ਪਾ। ਜਾ ਗੰਗਾ ਤੋਂ ਭਰ ਕੇ ਲਿਆ।

ਹੁਕਮ ਮੰਨ ਕੇ ਲੋਈ ਚਲੀ ਗਈ ਤੇ ਗੰਗਾ ਤੋਂ ਭਰ ਕੇ ਲਿਆਈ ਅਤੇ ਨਿੰਮ ਨੂੰ ਪਾਣੀ ਦੇਂਦੀ ਹੈ। ਹੁਣ ਜਦ ਵੀ ਬੂਟੇ ਨੂੰ ਲੋੜ ਹੋਵੇ ਪਾਣੀ ਦੀ ਤਾਂ ਗੰਗਾ ਤੋਂ ਭਰ ਕੇ ਲਿਆਂਦੀ ਹੈ। ਪੰਜ ਸੱਤ ਸਾਲਾਂ ਦੇ ਵਿਚ ਇਹ ਨਿੰਮ ਦਾ ਬੂਟਾ ਇਕ ਬਹੁਤ ਵੱਡੇ ਦਰੱਖ਼ਤ ਦੇ ਰੂਪ ਵਿਚ ਪ੍ਰਗਟ ਹੋਇਆ। ਕਬੀਰ ਨੇ ਦਾਤਣ ਤੋੜੀ ਤੇ ਬਹੁਤ ਖ਼ੁਸ਼ ਹੋਇਆ। ਘਰ ਦੇ ਵਿਚ ਦਰੱਖ਼ਤ ਹੋਇਆ ਤੇ ਛਾਇਆ ਹੋਈ। ਦਾਤਣ ਮੂੰਹ ਦੇ ਵਿਚ ਪਾਈ ਤੇ ਸੁੱਟ ਦਿੱਤੀ, ਨਹੀਂ ਕੀਤੀ। ਲੋਈ ਕਹਿੰਦੀ ਹੈ ਕਿ ਹੈਰਾਨੀ ਹੈ, ਬਾਹਰ ਲੱਭਣ ਜਾਂਦੇ ਸੀ ਦਾਤਣ ਤੇ ਹੁਣ ਘਰ ਦੇ ਵਿਚ ਹੋ ਗਿਆ ਦਰੱਖ਼ਤ ਤੇ ਦਾਤਣ ਮੂੰਹ ਵਿਚ ਪਾ ਕੇ ਸੁੱਟ ਦਿਤੀ ਹੈ, ਕੀਤੀ ਨਹੀਂ ਦਾਤਣ। ਕਬੀਰ ਕਹਿੰਦੇ ਹਨ ਕਿ ਲੋਈ! ਤੈਨੂੰ ਤੇ ਇਸ ਗੱਲ ਦੀ ਹੈਰਾਨੀ ਹੈ ਕਿ ਮੈਂ ਦਾਤਣ ਨਹੀਂ ਕੀਤੀ ਤੇ ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਸਾਡੀ ਪੰਜ ਸੱਤ ਵਰ੍ਹਿਆਂ ਦੀ ਮਿਹਨਤ ਬਰਬਾਦ ਹੋ ਗਈ ਐਵੇਂ। ਕਿਉਂ ਅੰਮ੍ਰਿਤ ਲੈ ਲੈ ਨਿੰਮ ਦੀ ਸਿੰਚਾਈ ਕੀਤੀ। ਗੰਗਾ ਦਾ ਜਲ ਅੰਮ੍ਰਿਤ ਸਮਾਨ ਸੀ। ਇਹ ਸੀਂਚ ਸੀਂਚ ਕੇ ਇਸ ਕੰਬੱਖ਼ਤ ਨੂੰ ਵੱਡਾ ਕੀਤਾ ਹੈ, ਪਰ ਕੌੜੀ ਦੀ ਕੌੜੀ, ਇਸਦੇ ਵਿਚ ਮਿਠਾਸ ਕੋਈ ਨਹੀਂ। ਇਸਨੇ ਆਪਣਾ ਸੁਭਾਅ ਨਹੀਂ ਬਦਲਿਆ।

ਜਿਸ ਤਰ੍ਹਾਂ ਨਿੰਮ ਨਹੀਂ ਆਪਣਾ ਸੁਭਾਅ ਬਦਲਦੀ, ਜਿਸ ਤਰ੍ਹਾਂ ਬੈਂਤ ਆਪਣਾ ਸੁਭਾਅ ਨਹੀਂ ਬਦਲਦਾ, ਗੁਸਤਾਖ਼ੀ ਮਾਫ਼, ਪੱਕਿਆ ਹੋਇਆ ਸੁਭਾਅ ਵੀ ਮਨੁੱਖਾਂ ਦਾ ਨਹੀਂ ਬਦਲਦਾ, ਭਾਵੇਂ ਲੱਖ ਤੁਸੀਂ ਸਮਝਾਉ। ਪੱਕ ਗਿਆ ਸੁਭਾਅ ਸ਼ਰਾਬ ਪੀਣ ਦਾ, ਹੁਣ ਸਮਝਾਉਂਦੇ ਰਹੋ, ਖੱਪਦੇ ਰਹੋ, ਉਹਨੇ ਨਹੀਂ ਸਮਝਣਾ। ਪੱਕ ਗਿਆ ਸੁਭਾਅ ਅਫ਼ੀਮ ਖਾਣ

ਦਾ, ਹੁਣ ਖਪਦੇ ਰਹੋ, ਉਹਨਾਂ ਨਾਲ ਸਾਰੀ ਦੁਨੀਆਂ ਖਪਦੀ ਰਹੇ, ਕੀ ਹੋਣਾ ਹੈ, ਕੁਝ ਵੀ ਨਹੀਂ। ਪੱਕ ਗਿਆ ਸੁਭਾਅ ਝੂਠ ਬੋਲਣ ਦਾ। ਹੁਣ ਲੱਖ ਸਮਝਾਉ ਇਸਨੇ ਝੂਠ ਬੋਲਣ ਤੋਂ ਬਾਜ਼ ਨਹੀਂ ਆਉਣਾ। ਇਸ ਨੇ ਉਠਦਿਆਂ ਬੈਠਦਿਆਂ ਹੀ ਝੂਠ ਬੋਲਣਾ ਹੈ। ਇਹਨੇ ਚਲਦਿਆਂ ਚਲਦਿਆਂ ਹੀ ਝੂਠ ਬੋਲਣਾ ਹੈ। ਪੱਕ ਗਿਆ ਸੁਭਾਅ ਜ਼ੁਲਮ ਕਰਨ ਦਾ, ਹੁਣ ਲੱਖ ਤੁਸੀਂ ਦਇਆ ਦੀ ਗੱਲ ਕਰੋ, ਇਹ ਸਮਝਦਾ ਹੀ ਨਹੀਂ। ਰਹਿਮਦਿਲੀ ਦੀ ਗੱਲ ਕਰੋ, ਇਹ ਸਮਝਦਾ ਹੀ ਨਹੀਂ। ਸੁਭਾਅ ਦੇ ਵਿਚ ਪਕਿਆਈ ਆ ਗਈ ਜ਼ੁਲਮ ਦੀ, ਜਬਰ ਦੀ, ਤਸ਼ੱਦਦ ਦੀ। ਜਦ ਸੁਭਾਅ ਪੱਕ ਜਾਏ ਤਾਂ ਬਦਲਣਾ ਬੜਾ ਔਖਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ -

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤਰੁ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥

(ਅੰਗ ੯੯੦)

ਪਿਸਨ ਕਹਿੰਦੇ ਹਨ ਚਿੱਚੜ ਨੂੰ। ਗਊ ਦੇ ਥਣਾਂ ਨਾਲ ਇਹ ਚਿੱਚੜ ਲੱਗੀ ਹੈ ਤੇ ਦੁੱਧ ਦੇ ਸੋਮਿਆਂ ਦੇ ਵਿਚੋਂ ਇਹ ਖ਼ੂਨ ਪੀ ਰਹੀ ਹੈ। ਇਹਨੂੰ ਆਖੋ ਤੂੰ ਖ਼ੂਨ ਨਾ ਪੀ, ਦੁੱਧ ਪੀ ਤਾਂ ਇਹ ਉਸ ਦਾ ਸੁਭਾਅ ਹੀ ਨਹੀਂ, ਉਹਦੇ ਸੁਭਾਅ ਦੇ ਵਿਚ ਹੀ ਨਹੀਂ। ਜਿਸ ਤਰ੍ਹਾਂ ਚਿੱਚੜ ਦਾ ਸੁਭਾਅ ਪੱਕ ਜਾਂਦਾ ਹੈ ਅਤੇ ਪੱਕੇ ਹੋਏ ਆਪਣੇ ਸੁਭਾਅ ਦੇ ਮੁਤਾਬਿਕ ਖ਼ੂਨ ਪੀਂਦੀ ਹੈ, ਯਕੀਨ ਜਾਣੋ ਇਸੇ ਤਰ੍ਹਾਂ ਕਈਆਂ ਦਾ ਸੁਭਾਅ ਪੱਕ ਜਾਂਦਾ ਹੈ ਲੋਕਾਂ ਦਾ ਖ਼ੂਨ ਪੀਣਾ, ਬੰਦਿਆਂ ਦਾ ਖ਼ੂਨ ਪੀਣਾ। ਮੱਛਰ ਕਹਿੰਦਾ ਹੈ ਕਿ ਇਹ ਜਿਹੜਾ ਸੂਦ ਖ਼ੋਰ ਹੈ, ਜਿਸ ਨੇ ਦੋ ਦੇ ਕੇ ਦੋ ਸੌ ਲੈਣੇ ਹਨ। ਇਥੇ ਇਕ ਮਜ਼ਦੂਰ ਪਿਉ ਨੇ ਕਿਧਰੇ ਕਰਜ਼ਾ ਲਿਆ ਸੀ ਤੇ ਹੁਣ ਪੁੱਤਰ ਵੀ ਨੌਕਰੀ ਕਰਦਾ ਪਿਆ ਹੈ ਬਦਲੇ ਵਿਚ, ਪੋਤਰੇ ਵੀ ਕਰਦੇ ਪਏ ਹਨ। ਪੀੜੀ ਦਰ ਪੀੜੀ ਗ਼ੁਲਾਮਾਂ ਦਾ ਸਾਰਾ ਖ਼ੂਨ ਪੀ ਗਏ। ਮੱਛਰ ਕਹਿੰਦਾ ਹੈ ਕਿ ਹੱਦ ਹੋ ਗਈ, ਮੈਂ ਤਾਂ ਇਕ ਨਿੱਕਾ ਜਿਹਾ ਡੰਗ ਮਾਰਿਆ ਤੇ ਮਾਮੂਲੀ ਜਿਹਾ ਖ਼ੂਨ ਕੱਢਣ ਲੱਗਾ ਸੀ, ਅਗਲੇ ਨੇ ਮੈਨੂੰ ਇੰਝ ਥਪੜ ਮਾਰਿਆ ਕਿ ਮੈਂ ਮਰ ਗਿਆ, ਖ਼ਤਮ ਹੋ ਗਿਆ ਪਰ ਇਹ ਜਿਹੜਾ ਬੰਦਿਆਂ ਦਾ ਸਾਰਾ ਹੀ ਖ਼ੂਨ ਪੀ ਜਾਂਦੇ ਹਨ ਇਨ੍ਹਾਂ ਨੂੰ ਕੋਈ ਕੁਝ ਨਹੀਂ ਕਹਿੰਦਾ।

ਅੱਜ ਦੇ ਰਾਜਨੀਤਿਕ ਦੇਸ਼ ਦਾ ਸਾਰਾ ਹੀ ਖ਼ੂਨ ਨਿਚੋੜ ਕੇ ਪੀ ਜਾਂਦੇ ਹਨ। ਅਰਬਾਂ ਖਰਬਾਂ ਰੁਪਏ ਦਾ ਦੇਸ਼ 'ਚੋਂ ਕੋਲਾ ਬਾਹਰ ਜਾਂਦਾ ਹੈ, ਲੋਹਾ ਬਾਹਰ ਜਾਂਦਾ ਹੈ, ਤਾਂਬਾ ਬਾਹਰ ਜਾਂਦਾ ਹੈ, ਅਨਾਜ ਹੁਣ ਬਾਹਰ ਜਾਣ ਲੱਗ ਪਿਆ ਅਤੇ ਲੱਖਾਂ ਦੀ ਗਿਣਤੀ ਵਿਚ ਹਿੰਦੋਸਤਾਨੀ ਬਾਹਰ ਕੰਮ ਕਰਦੇ ਪਏ ਹਨ। ਇਤਨਾ ਫ਼ੋਰਨ ਐਕਸਚੇਂਜ ਬਾਹਰ ਜਾਂਦਾ ਹੈ। ਹੋਰ ਤਰ੍ਹਾਂ ਤਰ੍ਹਾਂ ਦੀ ਆਮਦਨ ਹੈ, ਪਰ ਇਹ ਮੁੱਠੀ ਭਰ ਰਾਜਨੀਤਿਕ ਸਾਰੇ ਦੇਸ਼ ਦਾ ਖ਼ੂਨ ਨਿਚੋੜ ਕੇ ਪੀ ਜਾਂਦੇ ਹਨ। ਦੁਨੀਆਂ ਭੁੱਖੀ ਮਰਦੀ ਜਾਂਦੀ ਹੈ। ਗ਼ਰੀਬ ਦੋ ਰੋਟੀਆਂ ਲਈ ਵਿਲਕ ਰਹੇ ਹਨ। ਇਕ ਇਕ ਬੰਦੇ ਦੀ ਸਿਕਿਉਰਟੀ 'ਤੇ ਕਰੋੜਾਂ ਰੁਪਏ ਇਕ ਸਾਲ ਦਾ

ਖ਼ਰਚ ਹੋ ਰਿਹਾ ਹੈ ਤੇ ਇਥੇ ਕਰੋੜਾਂ ਬੰਦਿਆਂ ਨੂੰ ਰੋਟੀ ਨਸੀਬ ਨਹੀਂ ਹੋ ਰਹੀ। ਖਿਮਾ ਕਰਨਾ, ਇਹ ਮੱਛਰ ਥੋੜੇ ਹਨ, ਇਹ ਤਾਂ ਫ਼ਨੀਅਰ ਨਾਗ ਹਨ। ਇਹ ਤਾਂ ਬਿਛੂ ਹਨ। ਸਾਰੇ ਹੀ ਦੇਸ਼ ਦਾ ਖ਼ੂਨ ਨਿਚੋੜ ਕੇ ਪੀ ਜਾਂਦੇ ਹਨ। ਮੈਂ ਅਰਜ਼ ਕਰਾਂ ਕਿ ਸੁਭਾਅ ਪੱਕ ਜਾਏ ਤਾਂ ਬਦਲਣਾ ਬਹੁਤ ਔਖਾ ਹੈ। ਇਸ ਵਾਸਤੇ ਗੁਰਬਾਣੀ ਦਾ ਇਕ ਹੋਰ ਉਦਾਹਰਣ ਮੈਂ ਤੁਹਾਡੇ ਸਾਹਮਣੇ ਰੱਖਾਂ, ਫੇਰ ਅੱਗੇ ਚੱਲਾਂ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ -

ਰਾਤੀ ਹੋਵਨ ਕਾਲੀਆ ਸੁਪੇਦਾ ਸੇ ਵੰਨ॥
ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥

(ਅੰਗ ੭੮੯)

ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ੍ਰੀ ਰਾਗ ਦਾ ਬੜਾ ਸੋਹਣਾ ਪਾਵਨ ਪਵਿੱਤਰ ਇਹ ਵਾਕ ਹੈ- *ਰਾਤੀ ਹੋਵਨ ਕਾਲੀਆ*—ਮੱਸਿਆ ਦੀ ਰਾਤ ਹੋਵੇ ਕਾਲੀ ਬੋਲੀ, *ਸੁਪੇਦਾ ਸੇ ਵੰਨ॥* ਜਿਹੜੀਆਂ ਚਿੱਟੀਆਂ ਚੀਜ਼ਾਂ ਹਨ, ਉਹ ਰਾਤ ਦੇ ਹਨੇਰੇ ਵਿਚ ਕਾਲੀਆਂ ਨਹੀਂ ਹੁੰਦੀਆਂ। ਇਹ ਚਿੱਟੀ ਚਾਦਰ ਹੈ, ਹੁਣ ਮੱਸਿਆ ਦੀ ਰਾਤ ਹੋਵੇ ਤਾਂ ਕੀ ਇਹ ਕਾਲੀ ਹੋ ਜਾਏਗੀ? ਰਾਤ ਦਾ ਹਨੇਰਾ ਕੀ ਇਸਨੂੰ ਕਾਲਾ ਕਰੇਗਾ? ਨਹੀਂ, ਚਿੱਟੀ ਚੀਜ਼ ਚਿੱਟੀ ਹੀ ਰਹਿਣੀ ਹੈ। ਰਾਤ ਦੀ ਸਿਆਹੀ ਚਿੱਟੀਆਂ ਚੀਜ਼ਾਂ ਨੂੰ ਕਾਲਾ ਨਹੀਂ ਕਰ ਸਕਦੀ ਤੇ ਸਾਹਿਬ ਕਹਿੰਦੇ ਹਨ-

ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥

ਚਿੱਟਾ ਦਿਨ ਆ ਕੇ ਚੱਮਕਿਆ। ਚਿਟਿਆਈ ਰੌਸ਼ਨੀ ਤੇ ਇਹਦੇ ਨਾਲ ਕੀ ਕਾਲੀਆਂ ਚੀਜ਼ਾਂ ਚਿੱਟੀਆਂ ਹੋ ਜਾਂਦੀਆਂ ਹਨ? ਕਦਾਚਿਤ ਨਹੀਂ। ਉਹ ਤਾਂ ਕਾਲੀਆਂ ਹੀ ਰਹਿੰਦੀਆਂ ਹਨ। ਕਹਿਣ ਤੋਂ ਇਹ ਮੁਰਾਦ ਜੋ ਸੁਭਾਅ ਪੱਕ ਗਿਆ, ਉਹਨੂੰ ਬਦਲਣਾ ਬੜਾ ਔਖਾ ਹੈ।

ਮੈਂ ਅਰਜ਼ ਕਰਾਂ, ਜਿਹੜੀ ਬਿਮਾਰੀ ਨੇ ਜੜ੍ਹ ਪਕੜ ਲਈ, ਉਹ ਫਿਰ ਮਰੀਜ਼ ਦੀ ਜੜ੍ਹ ਉਖਾੜ ਕੇ ਰਹੇਗੀ। ਨਹੀਂ ਰਹਿਣ ਦੇਏਗੀ ਉਸਨੂੰ। ਕੋਈ ਬਿਮਾਰੀ ਐਸੀ ਹੁੰਦੀ ਹੈ ਜਿਸ ਦੀ ਜੜ੍ਹ ਕੱਢਣੀ ਔਖੀ ਨਹੀਂ ਹੈ। ਅਜੋਕੀ ਮੈਡੀਕਲ ਸਾਇੰਸ ਮਜਬੂਰ ਹੈ। ਕੈਂਸਰ ਦਾ ਕੋਈ ਇਲਾਜ ਨਹੀਂ। ਸ਼ੂਗਰ ਦਾ ਕੋਈ ਇਲਾਜ ਨਹੀਂ। ਟੈਟਨੈੱਸ ਦਾ ਕੋਈ ਇਲਾਜ ਨਹੀਂ। ਇਹ ਬਿਮਾਰੀ ਇਕ ਦਫਾ ਆਪਣੀ ਜੜ੍ਹ ਪਕੜ ਲਵੇ ਤਾਂ ਮਰੀਜ਼ ਦੀਆਂ ਜੜ੍ਹਾਂ ਉਖਾੜਦੀ ਰਹਿੰਦੀ ਹੈ ਤੇ ਦੂਸਰੇ ਅਜ਼ੀਮ ਚਿੰਤਕ, ਸ਼ਾਇਰ, ਦਾਰਸ਼ਨਿਕ, ਫ਼ਿਲੋਸਫ਼ਰ ਉਹਨਾਂ ਦੀ ਸਮਝ ਵਿਚ ਇਕ ਗੱਲ ਆ ਗਈ ਕਿ ਜਿਸ ਮਨੁੱਖ ਦੀ ਸੋਚਣੀ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਲਵੇ, ਉਸ ਬੰਦੇ ਦੀ ਸੋਚਣੀ ਨੂੰ ਬਦਲਣਾ ਬੜਾ ਔਖਾ ਹੈ।

ਇਹ ਕਥਾ ਉਹਨਾਂ ਬੰਦਿਆਂ ਨੂੰ ਬਦਲਣ ਲਈ ਹੈ ਜਿਨ੍ਹਾਂ ਦੀਆਂ ਜੜ੍ਹਾਂ ਅਜੇ ਮਜ਼ਬੂਤ ਨਹੀਂ, ਕੋਮਲ ਬੂਟੇ ਹਨ। ਜਿਹੜੇ ਬੁਰਾਈ ਦੇ ਬੂਟੇ ਪੁੰਗਰੇ ਹਨ, ਅਜੇ ਛੋਟੇ ਹਨ, ਪੁੱਟੇ ਜਾ

ਸਕਦੇ ਹਨ, ਪਰੇ ਸੁੱਟੇ ਜਾ ਸਕਦੇ ਹਨ, ਪਰ ਖਿਮਾ ਕਰਨੀ, ਜਿਹੜੇ ਬੋਹੜ ਦੇ ਦਰੱਖ਼ਤ ਵਾਂਗ ਫੈਲ ਗਏ ਹਨ, ਉਹ ਤਾਂ ਹਾਥੀ ਕੋਲੋਂ ਵੀ ਨਹੀਂ ਪੁੱਟੇ ਜਾਂਦੇ, ਬੰਦਿਆਂ ਦੀ ਤਾਂ ਗੱਲ ਛੱਡੋ। ਫੇਰ ਸੁਣਾਉਂਦੇ ਰਹੋ ਕਥਾ ਕਹਾਣੀਆਂ, ਕੀ ਹੋਣਾ ਹੈ, ਕੁਝ ਵੀ ਨਹੀਂ ਹੋਣਾ। ਮੈਂ ਤੁਹਾਨੂੰ ਮਾਯੂਸ ਨਹੀਂ ਕਰਨ ਲੱਗਾ। ਜੇਕਰ ਪੰਗਤੀਆਂ ਨਾ ਹੁੰਦੀਆਂ, ਪਿਛੇ ਪ੍ਰਮਾਣ ਨਾ ਹੁੰਦੇ ਤਾਂ ਮੈਂ ਏਨੀ ਗੱਲ ਨਹੀਂ ਸੀ ਕਰਨੀ। ਸਤਿਗੁਰੂ ਦੇ ਆਪਣੇ ਵਾਕ ਹਨ। ਮੁਸ਼ਕਿਲ ਹੈ ਬਦਲਣਾ। ਜੇਕਰ ਸੁਭਾਅ ਪੱਕ ਗਿਆ, ਜੇਕਰ ਸੁਭਾਅ ਵਿਚ ਪੁਖ਼ਤਗੀ ਆ ਗਈ ਹੈ ਤਾਂ ਮੁਸ਼ਕਿਲ ਹੈ।

ਸਤਿਗੁਰੂ ਦੇਖ ਲੈਂਦੇ ਸਨ ਕਿ ਇਸ ਪਿੰਡ ਦੀ ਸੋਚਣੀ ਬੜੀ ਭੈੜੀ ਹੈ, ਇਸਨੂੰ ਬਦਲਣਾ ਬੜਾ ਔਖਾ ਹੈ। ਇਹ ਜਿਹੜਾ ਪਿੰਡ ਹੈ ਇਹ ਭਲਿਆਂ ਦਾ, ਨੇਕ ਪੁਰਖਾਂ ਦਾ ਹੈ, ਇਹਨਾਂ ਦੀ ਸੋਚਣੀ ਬੜੀ ਚੰਗੀ ਹੈ ਤੇ ਇਹਨਾਂ ਦੀ ਚੰਗੀ ਸੋਚਣੀ ਨੇ ਵੀ ਜੜ੍ਹਾਂ ਮਜ਼ਬੂਤ ਕਰ ਲਈਆਂ ਹਨ। ਇਹਨਾਂ ਨੂੰ ਬਦਲਣਾ ਬੜਾ ਔਖਾ ਹੈ। ਇਹਨਾਂ ਨੂੰ ਬੁਰਾ ਬਣਾਉਣਾ ਬੜਾ ਔਖਾ ਹੈ। ਸੋ ਗਿੱਦੜ ਬੋਲਦੇ ਪਏ ਹੋਣ ਚਾਰ ਤਾਂ ਕੀ ਸ਼ੇਰ ਨੇ ਗਰਜਣਾ ਛੱਡ ਦੇਣਾ ਹੈ? ਨਹੀਂ, ਉਹ ਤਾਂ ਗਰਜਦਾ ਰਹੇਗਾ, ਉਹਦਾ ਆਪਣਾ ਸੁਭਾਅ ਹੈ। ਨੇਕ ਸੁਭਾਅ ਜਿਸ ਦਾ ਪੱਕਾ ਹੋ ਗਿਆ ਹੋਵੇ ਅਤੇ ਜੇਕਰ ਹਜ਼ਾਰਾਂ ਹੀ ਬੁਰੇ ਉਥੇ ਆ ਕੇ ਉਹਦੇ ਕੋਲ ਬੈਠ ਜਾਣ ਤਾਂ ਉਸ ਨੇਕੀ ਦੇ ਬੂਟੇ ਨੂੰ ਪੁੱਟਣਾ ਬੜੀ ਔਖੀ ਗੱਲ ਹੈ।

ਨੇਕ ਬੰਦਾ ਬੁਰਾ ਬਣ ਜਾਂਦਾ ਹੈ। ਇਸਦੀਆਂ ਨੇਕੀਆਂ ਨੇ ਅਜੇ ਜੜ੍ਹ ਮਜ਼ਬੂਤ ਨਹੀਂ ਪਕੜੀ, ਜੜ੍ਹ ਕੱਚੀ ਹੈ। ਗੁਸਤਾਖ਼ੀ ਮਾਫ਼ ! ਉਹ ਬੁਰਾ ਬੰਦਾ ਨੇਕ ਹੋ ਜਾਂਦਾ ਹੈ ਜਿਸਦੀਆਂ ਬੁਰਾਈਆਂ ਨੇ ਅਜੇ ਮਜ਼ਬੂਤ ਜੜ੍ਹ ਨਹੀਂ ਪਕੜੀ। ਇਹ ਕਥਾ ਕੀਰਤਨ ਉਹਨਾਂ ਵਾਸਤੇ ਹੈ। ਮੈਂ ਅਰਜ਼ ਕਰ ਦੇਵਾਂ, ਇਹ ਕਥਾ ਕੀਰਤਨ ਬੱਚੇ ਵਾਸਤੇ ਨਹੀਂ ਹੈ। ਦੋ ਸਾਲ ਦਾ, ਇਕ ਸਾਲ ਦਾ, ਤਿੰਨ ਸਾਲ ਦਾ ਬੱਚਾ ਕੀ ਸਮਝ ਰੱਖਦਾ ਹੈ, ਕੁਝ ਵੀ ਨਹੀਂ। ਉਸਨੂੰ ਕੀ ਲਾਭ ਹੈ? ਕੁਝ ਵੀ ਨਹੀਂ। ਫਿਰ ਮੈਂ ਅਰਜ਼ ਕਰਾਂ, ਇਕ ਬੱਚੇ ਨੂੰ ਲਾਭ ਨਹੀਂ ਹੈ, ਇਕ ਪਸ਼ੂ ਨੂੰ ਲਾਭ ਨਹੀਂ ਹੈ, ਇਕ ਉਸ ਮੂਰਖ ਨੂੰ ਲਾਭ ਨਹੀਂ ਹੈ ਜਿਸ ਦੀ ਮੂਰਖਤਾ ਦੀਆਂ ਜੜ੍ਹਾਂ ਮਜ਼ਬੂਤ ਹੋ ਗਈਆਂ ਹਨ। ਉਸ ਨੂੰ ਸੁਣਾਉਂਦੇ ਰਹੋ, ਕੁਝ ਵੀ ਅਸਰ ਨਹੀਂ ਹੋਣਾ। ਉਸ ਦਾ ਸੁਭਾਅ ਪੱਕ ਗਿਆ ਹੈ। ਉਸ ਦੇ ਸੁਭਾਅ ਵਿਚ ਪਕਿਆਈ ਆ ਗਈ ਹੈ।

ਵੱਡੇ ਵੱਡੇ ਦਾਰਸ਼ਨਿਕ ਵੀ ਥੱਕ ਕੇ ਇਕ ਪਾਸੇ ਹੋ ਗਏ। ਉਹਨਾਂ ਨੇ ਵੀ ਸੋਚ ਲਿਆ ਕਿ ਕਈਆਂ ਦੀ ਸੋਚਣੀ ਨੂੰ ਬਦਲਣਾ ਬੜਾ ਔਖਾ ਹੈ। ਗੁਸਤਾਖ਼ੀ ਮਾਫ਼ ! ਸੰਤ ਵੀ ਥੱਕ ਗਏ, ਅਵਤਾਰੀ ਪੁਰਖ ਵੀ ਥੱਕ ਗਏ, ਅਸਫਲ। ਦਾਰਸ਼ਨਿਕ ਵੀ ਅਸਫਲ। ਗੁਸਤਾਖ਼ੀ ਮਾਫ਼ ! ਮਾਯੂਸ ਹੋ ਕੇ ਮੈਂ ਇਹ ਕਬੂਲ ਕਰ ਲਵਾਂ ਕਿ ਸੰਤ ਵੀ ਅਸਫਲ, ਕੁਛ ਵੀ ਨਹੀਂ ਹੋਇਆ ਹੈ। ਗੱਲ ਤਾਂ ਕੁਝ ਵੀ ਨਹੀਂ ਬਣੀ। ਮਸਲਾ ਤਾਂ ਹੱਲ ਨਹੀਂ ਹੋਇਆ। ਮਨੁੱਖ ਤਾਂ ਅੱਜ ਵੀ ਦੁੱਖ ਪਿਆ ਭੋਗਦਾ ਹੈ। ਮਨੁੱਖ ਤਾਂ ਅੱਜ ਵੀ ਬਿਪਤਾ ਦੇ ਵਿਚ ਹੈ; ਹਾਲਾਂਕਿ ਇਤਨੇ ਅਵਤਾਰੀ ਪੁਰਸ਼ ਆਏ ਹਨ। ਇਹ ਕਥਾ ਕੀਰਤਨ ਹੈ ਦਰਮਿਆਨੇ ਬੰਦੇ ਲਈ ਤੇ ਤੁਸੀਂ ਸਾਰੇ

ਦਰਮਿਆਨੇ ਹੋ। ਕੋਈ ਵਿਰਲਾ ਹੋਵੇਗਾ ਜੋ ਪਰਮ ਪਦ 'ਤੇ ਪਹੁੰਚਿਆ ਹੈ। ਪਰਮ ਪਦ 'ਤੇ ਪਹੁੰਚੇ ਹੋਏ ਨੂੰ ਕਥਾ ਦੀ ਲੋੜ ਹੀ ਨਹੀਂ। ਕਥਾ ਉਸ ਦੇ ਅੰਦਰ 24 ਘੰਟੇ ਚਲਦੀ ਹੈ। ਕੀਰਤਨ ਉਸ ਦੇ ਅੰਦਰ 24 ਘੰਟੇ ਚੱਲਦਾ ਹੈ।

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮ ਨ ਆਵਾ॥

(ਅੰਗ ੭੯੫)

ਉਹ ਬਜ਼ਾਰ ਵਿਚ ਵੀ ਬੈਠਾ ਹੈ ਤਾਂ ਗੁਰੂ ਨਾਲ ਜੁੜਿਆ ਹੈ। ਉਹ ਜਦ ਘਰ ਵਿਚ ਵੀ ਬੈਠਾ ਹੈ ਤਾਂ ਰੱਬ ਨਾਲ ਜੁੜਿਆ ਹੈ। ਜੇ ਗੁਰਦੁਆਰੇ ਵਿਚ ਬੈਠਾ ਹੈ ਤਾਂ ਗੁਰੂ ਨਾਲ ਜੁੜਿਆ ਹੈ। ਐਸਾ ਪੁਰਸ਼ ਜਿਥੇ ਵੀ ਜਾਂਦਾ ਹੈ ਉਥੇ ਹੀ ਸਤਿਸੰਗ ਹੈ। ਉਹਦੇ ਬੈਠਣ ਨਾਲ ਹੀ ਸਤਿਸੰਗ ਹੈ। ਉਹਦਾ ਉੱਠਣਾ ਬੈਠਣਾ ਸਤਿਸੰਗ ਹੈ। ਉਹਦਾ ਚਲਣਾ ਤੀਰਥ, ਮਾਨੋ ਜੰਗਮ ਤੀਰਥ ਹੈ। ਚੱਲਦਾ ਫਿਰਦਾ ਤੀਰਥ ਹੈ। ਇਹ ਕਥਾ ਦਰਮਿਆਨੇ ਬੰਦਿਆਂ ਲਈ ਹੈ ਜਿੰਨ੍ਹਾਂ ਦੀਆਂ ਬੁਰਾਈਆਂ ਨੇ ਜੜ੍ਹ ਨਹੀਂ ਪਕੜੀ ਤੇ ਜਿਨ੍ਹਾਂ ਦੀਆਂ ਨੇਕੀਆਂ ਨੇ ਵੀ ਜੜ੍ਹ ਨਹੀਂ ਪਕੜੀ। ਇਹਨਾਂ ਦੀਆਂ ਨੇਕੀਆਂ ਬੁਰਾਈਆਂ ਵਿਚ ਬਦਲ ਸਕਦੀਆਂ ਹਨ। ਚੰਗੇ ਚੰਗੇ ਗੁਰਮੁਖ ਮਨਮੁੱਖ ਹੁੰਦੇ ਵੇਖੇ ਹਨ। ਚੰਗੇ ਚੰਗੇ ਦਾਨੀ ਬੇਈਮਾਨ ਹੁੰਦੇ ਦੇਖੇ ਹਨ। ਲੱਖਾਂ ਰੁਪਏ ਦਾ ਦਾਨ ਕਰ ਲਿਆ ਪਰ ਸੈਂਕੜੇ ਦੀ ਖ਼ਾਤਰ ਬੇਈਮਾਨ ਵੀ ਹੋ ਗਏ। ਕਿਉਂਕਿ ਨੇਕੀਆਂ ਨੇ ਜੜ੍ਹ ਨਹੀਂ ਪਕੜੀ। ਹਜ਼ਾਰਾਂ ਰੁਪਏ ਦਾਨ ਕਰਨ ਲਗਿਆਂ ਸੰਕੋਚ ਨਹੀਂ ਕੀਤਾ ਤੇ ਦੋ ਚਾਰ ਸੌ ਦੀ ਬੇਈਮਾਨੀ ਕਰਨ ਲੱਗਿਆਂ ਵੀ ਸੰਕੋਚ ਨਹੀਂ ਕੀਤਾ।

ਮੈਂ ਰੋਜ਼ ਦੇਖਦਾ ਹਾਂ ਇਹੋ ਜਿਹੇ ਬੰਦੇ ਜਿਨ੍ਹਾਂ ਸੇਵਾ ਕਰਨ ਲੱਗਿਆਂ ਸੰਕੋਚ ਨਹੀਂ ਕੀਤਾ, ਪਰ ਕਿਸੇ ਦੀ ਛਿੱਲ ਲਾਹੁਣ ਲੱਗਿਆਂ, ਕਿਸੇ ਦੀ ਪੱਗ ਲਾਹੁਣ ਲੱਗਿਆਂ ਵੀ ਸੰਕੋਚ ਨਹੀਂ ਕੀਤਾ। ਦਰਮਿਆਨੇ ਜੋ ਹੋਏ। ਪਰਉਪਕਾਰ ਕਰਨ ਲੱਗਿਆਂ ਵੀ ਸੰਕੋਚ ਨਹੀਂ ਕੀਤਾ, ਪਰ ਗੁਸਤਾਖ਼ੀ ਮਾਫ਼ ! ਦੁਰਾਚਾਰੀ ਕਰਨ ਲੱਗਿਆਂ ਵੀ ਸੰਕੋਚ ਨਹੀਂ ਕੀਤਾ। ਦਰਮਿਆਨੇ ਹਨ, ਅਜੇ ਬੁਰਾਈਆਂ ਨੇ ਜੜ੍ਹ ਨਹੀਂ ਪਕੜੀ, ਅਜੇ ਨੇਕੀਆਂ ਨੇ ਵੀ ਜੜ੍ਹ ਨਹੀਂ ਪਕੜੀ। ਇਹ ਜੜ੍ਹਾਂ ਦੋਵੇ ਪੁੱਟੀਆਂ ਜਾ ਸਕਦੀਆਂ ਹਨ ਤੇ ਗੁਰਦੁਆਰੇ ਆਣ ਦਾ ਮਤਲਬ ਇਤਨਾ ਹੈ, ਕਥਾ ਸੁਣਨ ਦਾ ਮਤਲਬ ਇਤਨਾ ਹੈ ਕਿ ਉਹ ਜਿਹੜੀਆਂ ਬੁਰਾਈਆਂ ਦੇ ਬੂਟੇ ਹਨ, ਉਹਨਾਂ ਦੀਆਂ ਜੜ੍ਹਾਂ ਪੁੱਟ ਦੇਈਏ ਤੇ ਜਿਹੜੇ ਨੇਕੀਆਂ ਦੇ ਬੂਟੇ ਹਨ, ਉਹਨਾਂ ਦੀਆਂ ਜੜ੍ਹਾਂ ਮਜ਼ਬੂਤ ਹੋਣ, ਉਹਨਾਂ ਨੂੰ ਸੀਂਚਦੇ ਰਹੀਏ। ਬਸ ਇਤਨੀ ਗੱਲ ਹੈ ਨਹੀਂ ਤਾਂ ਹਰ ਬੰਦਾ ਨੇਕ ਵੀ ਹੈ, ਬੁਰਾ ਵੀ ਹੈ ਤੇ ਹਰ ਬੁਰਾ ਬੰਦਾ ਹਰ ਵਕਤ ਬੁਰਾ ਨਹੀਂ ਹੈ ਤੇ ਹਰ ਨੇਕ ਬੰਦਾ ਹਰ ਵਕਤ ਨੇਕ ਨਹੀਂ ਹੈ।

ਜਦੋਂ ਤੁਸੀਂ ਵੇਖਦੇ ਹੋ ਕਿ ਇਕ ਬੰਦਾ ਜੋੜਿਆਂ ਦੀ ਸੇਵਾ ਪਿਆ ਕਰਦਾ ਹੈ, ਜੋੜੇ ਝਾੜਦਾ ਪਿਆ ਹੈ, ਗੁਸਤਾਖ਼ੀ ਮਾਫ਼ ! ਹਰ ਵਕਤ ਨਹੀਂ ਜੋੜੇ ਝਾੜਦਾ, ਕਿਸੇ ਕਿਸੇ ਵਕਤ ਬੰਦਿਆਂ ਨੂੰ ਝਾੜਨ ਲੱਗ ਪੈਂਦਾ ਹੈ। ਪੁੱਠੀ ਗੱਲ ਵੀ ਹੋ ਜਾਂਦੀ ਹੈ। ਹੋਰ ਦੀ ਹੋਰ ਵੀ ਹੋ ਜਾਂਦੀ

ਹੈ। ਸਿਲਸਲਾ ਹੋਰ ਵੀ ਹੋ ਜਾਂਦਾ ਹੈ, ਇਕੋ ਗੱਲ ਨਹੀਂ ਹੁੰਦੀ। ਹਰ ਬੰਦਾ ਹਰ ਵਕਤ ਨਿਰਮਾਣ ਨਹੀਂ ਹੈ, ਕਿਸੇ ਵਕਤ ਹੰਕਾਰੀ ਵੀ ਹੈ। ਹਰ ਬੰਦਾ ਹਰ ਵਕਤ ਸ਼ਾਂਤਮਈ ਨਹੀਂ ਹੈ, ਕਿਸੇ ਵਕਤ ਕਰੋਧੀ ਵੀ ਹੈ। ਹਰ ਬੰਦਾ ਹਰ ਵਕਤ ਸੰਤੋਖੀ ਨਹੀਂ ਹੈ, ਕਿਸੇ ਵਕਤ ਲੋਭੀ ਵੀ ਹੈ। ਤੁਸੀਂ ਵੇਖ ਲੈਣਾ ਪਰ ਇਸ ਤੋਂ ਉਲਟ ਵੀ ਹੈ। ਹਰ ਬੰਦਾ ਹਰ ਵਕਤ ਲੋਭੀ ਨਹੀਂ ਹੈ, ਕਿਸੇ ਵਕਤ ਸੰਤੋਖੀ ਵੀ ਹੈ। ਹਰ ਬੰਦਾ ਹਰ ਵਕਤ ਹੰਕਾਰੀ ਨਹੀਂ ਹੈ, ਕਿਸੇ ਵਕਤ ਨਿਰਮਾਣ ਵੀ ਹੈ। ਹਰ ਬੰਦਾ ਹਰ ਵਕਤ ਬੇਈਮਾਨ ਨਹੀਂ ਹੈ, ਕਿਸੇ ਵਕਤ ਈਮਾਨਦਾਰ ਵੀ ਹੈ, ਕਿਸੇ ਵਕਤ ਦਿਆਲੂ ਵੀ ਹੈ, ਕਿਸੇ ਵਕਤ ਪਰਉਪਕਾਰੀ ਵੀ ਹੈ। ਐਸਾ ਕਿਉਂ ਹੈ? ਕਦੀ ਨੇਕ, ਕਦੀ ਬੁਰਾ, ਐਸਾ ਕਿਉਂ? ਅਜੇ ਦੋਵਾਂ ਗੁਰੂ ਤੋਂ ਲੈਣਾ ਹੈ। ਗੁਰੂ ਨੇ ਦਿੱਤਾ ਹੈ ਸ਼ਬਦ-ਗਿਆਨ, ਵਿਚਾਰ, ਕਰਜ਼ਾ ਦਿੱਤਾ।

ਹੁਣ ਲਿਆ ਕਰਜ਼ਾ ਇਹ ਕਿਵੇਂ ਉਤਰੇਗਾ? ਸ਼ਬਦ ਦੀ ਕਮਾਈ ਕਰਕੇ, ਸ਼ਬਦ ਦਾ ਜਾਪ ਕਰਕੇ ਕਰਜ਼ਾ ਲੱਥੇਗਾ। ਸ਼ਬਦ ਤੂੰ ਸੁਣ ਲਿਆ। ਸ਼ਬਦ ਤੂੰ ਗੁਰੂ ਕੋਲੋਂ ਲੈ ਲਿਆ ਪਰ ਜੱਪਦਾ ਨਹੀਂ। ਕਰਜ਼ਾ ਤਾਂ ਤੇਰਾ ਰਹੇਗਾ, ਬੋਝ ਤਾਂ ਰਹੇਗਾ। ਗੁਰੂ ਨੇ ਲੈਣਾ ਹੈ ਆਪਣਾ ਕਰਜ਼ਾ ਤੇ ਫਿਰ ਅਖ਼ੀਰਲਾ ਵੱਡਾ ਕਰਜ਼ਾ ਹੈ ਪ੍ਰਮਾਤਮਾ ਦਾ, ਜਿਸ ਤੋਂ ਇਹ ਜੀਵਨ ਮਿਲਿਆ। ਉਸ ਨੂੰ ਇਹ ਵਾਪਸ ਕਰਨਾ ਹੈ ਪਰ ਜਿਵੇਂ ਆਇਆ ਹੈ, ਤਿਵੇਂ ਵਾਪਸ ਕਰਨਾ ਹੈ। ਇਹ ਹਕੀਕਤ ਹੈ ਕਿ ਕਿਸੇ ਕੋਲੋਂ ਜਿਸ ਢੰਗ ਨਾਲ ਵਸਤੂ ਲਈ ਹੈ, ਉਸੇ ਤਰ੍ਹਾਂ ਵਾਪਸ ਕਰਨੀ। ਜਿਸ ਤਰ੍ਹਾਂ ਕਿਸੇ ਦਾ ਭਾਂਡਾ ਮੰਗ ਕੇ ਲਿਆਇਆ ਹੈਂ, ਉਸੇ ਤਰ੍ਹਾਂ ਵਾਪਸ ਕਰੀਂ। ਤੋੜ ਕੇ ਵਾਪਸ ਨਾ ਕਰੀਂ। ਤੂੰ ਕਿਸੇ ਕੋਲੋਂ ਚਾਰਪਾਈ ਮੰਗ ਕੇ ਲਿਆਇਆ ਹੈਂ, ਤੋੜ ਕੇ ਵਾਪਸ ਨਾ ਕਰੀਂ। ਕਿਸੇ ਕੋਲੋਂ ਤੂੰ ਸਕੂਟਰ ਮੰਗ ਕੇ ਲਿਆਇਆ ਹੈਂ, ਫੇਰ ਖ਼ਰਾਬ ਕਰਕੇ ਵਾਪਸ ਕਰੇਂ ਤਾਂ ਉਹ ਦੁਖੀ ਹੁੰਦਾ ਹੈ। ਜਿਵੇ ਮੈਂ ਤੈਨੂੰ ਦਿੱਤਾ ਸੀ ਸਕੂਟਰ ਤਿਵੇਂ ਵਾਪਸ ਕਰੀਂ। ਜਿਵੇਂ ਮੈਂ ਦਿੱਤੀ ਸੀ ਤੈਨੂੰ ਕਾਰ, ਇਸੇ ਤਰ੍ਹਾਂ ਵਾਪਸ ਕਰੀਂ। ਜਿਵੇਂ ਮੈ ਤੈਨੂੰ ਦਿੱਤੀ ਸੀ ਮੰਜੀ, ਉਸੇ ਤਰ੍ਹਾਂ ਵਾਪਸ ਕਰੀਂ। ਜਿਵੇਂ ਮੈਂ ਤੈਨੂੰ ਭਾਂਡੇ ਦਿੱਤੇ ਸੀ, ਉਸੇ ਤਰ੍ਹਾਂ ਵਾਪਸ ਕਰੀਂ।

ਇਸ ਤਰ੍ਹਾਂ ਦਾ ਕਈਆਂ ਨਾਲ ਵਾਹ ਪੈਂਦਾ ਹੈ। ਅਲਵਰ ਦੇ ਵਿਚ ਲੈ ਜਾਂਦੇ ਹਨ ਲੋਕੀਂ ਬਿਸਤਰੇ ਸਮਾਗਮ ਅਸਥਾਨ ਤੋਂ। ਜਦੋਂ ਵਾਪਸ ਕਰਦੇ ਹਨ ਤਾਂ ਪਾਟੇ ਹੋਏ, ਗੰਦੇ ਤੇ ਬਦਬੂਦਾਰ। ਕਿਸੇ ਕਿਸੇ ਨੂੰ ਮੈਂ ਕਹਿ ਦੇਂਦਾ ਹਾਂ ਕਿ ਇਸ ਤਰ੍ਹਾਂ ਦੇ ਨਹੀਂ ਸੀ ਲੈ ਕੇ ਗਏ, ਜਿਸ ਤਰ੍ਹਾਂ ਦੇਂਦੇ ਪਏ ਹੋ। ਵਾਪਸ ਲੈ ਜਾਉ। ਇਸ ਤਰ੍ਹਾਂ ਤਾਂ ਨਹੀਂ ਸਨ। ਐਨੇ ਗੰਦੇ ਕਰਕੇ, ਐਨੇ ਫਾੜ ਕੇ, ਤੋੜ ਕੇ ਕਰਜ਼ਾ ਰਹਿ ਜਾਂਦਾ ਹੈ। ਜਿਸਦੀ ਚੀਜ਼ ਜਿਸ ਤਰ੍ਹਾਂ ਲਈ ਹੈ, ਉਸੇ ਤਰ੍ਹਾਂ ਵਾਪਸ ਕਰੋ। ਜਿਸ ਦਾ ਮਕਾਨ ਜਿਸ ਢੰਗ ਨਾਲ ਲਿਆ ਹੈ, ਵਾਪਸ ਕਰੋ।

ਮੈਂ ਦੇਖਿਆ ਕਿ ਇਕ ਸਜੱਣ ਕੋਈ ਚੀਜ਼ ਬੜਾ ਜ਼ੋਰ ਜ਼ੋਰ ਦੀ ਛੱਤ ਉੱਤੇ ਕੁਟ ਰਿਹਾ ਸੀ। ਮੈਂ ਕਿਹਾ ਇਹਦੇ ਨਾਲ ਛੱਤ ਕਰੈਕ ਹੋ ਸਕਦੀ ਹੈ। ਟਾਇਲਾਂ ਟੁੱਟ ਸਕਦੀਆਂ ਹਨ। ਉਹ ਅੱਗੋਂ ਕਹਿੰਦਾ ਹੈ ਗਿਆਨੀ ਜੀ ! ਕਿਹੜਾ ਆਪਣਾ ਮਕਾਨ ਹੈ, ਕਿਰਾਏ ਦਾ ਹੈ। ਟੁੱਟਦਾ

ਹੈ ਤਾਂ ਟੁੱਟੇ। ਨਹੀਂ, ਇਹ ਇਨਸਾਨੀਅਤ ਨਹੀਂ ਹੈ। ਇਹ ਮਨੁੱਖਤਾ ਨਹੀਂ ਹੈ। ਇਹਦਾ ਮਤਲਬ ਮਕਾਨ ਤੇਰਾ ਹੋਵੇ ਤਾਂ ਟੁੱਟਣ ਦਾ ਤੈਨੂੰ ਦੁੱਖ ਹੁੰਦਾ ਤੇ ਜਿਸਦਾ ਹੈ ਉਹਨੂੰ ਵੀ ਟੁੱਟਣ ਨਾਲ ਦੁੱਖ ਹੋਵੇਗਾ। ਤੂੰ ਇਤਨਾ ਤੇ ਮਹਿਸੂਸ ਕਰ। ਮੋਟੀ ਬਿਰਤੀ ਹੋ ਜਾਏ, ਮੋਟੀ ਅਕਲ ਹੋ ਜਾਏ, ਫੇਰ ਬੰਦਾ ਇਤਨੀਆਂ ਬਾਰੀਕੀਆਂ 'ਚ ਨਹੀਂ ਜਾਂਦਾ। ਜਿਸ ਤਰ੍ਹਾਂ ਜਿਸ ਦੀ ਚੀਜ਼ ਲਈ ਹੈ, ਉਸੇ ਤਰ੍ਹਾਂ ਉਸ ਦੀ ਵਾਪਸ ਕਰਨੀ ਹੈ। ਪ੍ਰਮਾਤਮਾ ਤੋਂ ਜਿਸ ਤਰ੍ਹਾਂ ਦਾ ਤੂੰ ਇਹ ਜੀਵਨ ਲਿਆ ਹੈ, ਉਸ ਤਰ੍ਹਾਂ ਦਾ ਤੂੰ ਵਾਪਸ ਕਰ।

ਬੱਚਾ ਜੰਮਿਆ, ਸੰਸਾਰ 'ਤੇ ਆਇਆ ਤਾਂ ਨਾ ਅੰਦਰ ਲੋਭ ਹੈ, ਨਾ ਵਾਸ਼ਨਾ ਹੈ। ਨਾ ਕਾਮਨਾ ਹੈ, ਨਾ ਤ੍ਰਿਸ਼ਨਾ ਹੈ। ਨਾ ਵੈਰ, ਨਾ ਵਿਰੋਧ। ਤੂੰ ਕਿਤਨਾ ਨਿਰਮਲ ਆਇਆ ਸੀ ਜਗਤ ਦੇ ਵਿਚ ਅਤੇ ਜਦੋਂ ਤੂੰ ਜਗਤ ਤੋਂ ਰੁਖ਼ਸਤ ਹੋਵੇਂ, ਇਸ ਤਰ੍ਹਾਂ ਹੀ ਨਿਰਮਲ ਹੋ ਕੇ ਰੁਖ਼ਸਤ ਹੋਵੇਂ ਤਾਂ ਬ੍ਰਹਮ ਰਿਣ ਉਤਰਿਆ, ਤਾਂ ਰੱਬ ਦਾ ਕਰਜ਼ਾ ਉਤਰਿਆ।

ਕਬੀਰ ਦੀ ਗੱਦੀ ਉੱਤੇ ਬੈਠੇ ਸਨ ਕੁਝ ਸਮਾਂ ਭਗਤ ਧਨੀ ਰਾਮ। ਉਹਨਾਂ ਨੇ ਕਬੀਰ ਪੰਥ ਦਾ ਬੜਾ ਪ੍ਰਚਾਰ ਕੀਤਾ ਤੇ ਉਹਨਾਂ ਦੀ ਕਾਫ਼ੀ ਰਚਨਾ ਬਾਣੀ ਹੈ ਜੋ ਕਬੀਰ ਦੇ ਨਾਂ 'ਤੇ ਉਹਨਾਂ ਨੇ ਉਚਾਰਣ ਕੀਤੀ ਹੈ। ਇਕ ਪੰਗਤੀ ਮੈਨੂੰ ਯਾਦ ਆ ਰਹੀ ਹੈ, ਬਹੁਤ ਸੰਦਰ ਹੈ ਅਤੇ ਜਿਸ ਦਾ ਭਾਵ ਹੈ ਕਿ ਐ ਪਰੀਪੂਰਨ ਪ੍ਰਮਾਤਮਾ ! ਜ਼ਿੰਦਗੀ ਦੀ ਚਾਦਰ ਜਿਵੇਂ ਤੂੰ ਮੈਨੂੰ ਦਿੱਤੀ ਸੀ, ਤਿਵੇਂ ਹੀ ਮੈਂ ਵਾਪਸ ਲੈ ਕੇ ਆ ਗਿਆ ਹਾਂ। ਦੇਖ ਲੈ ਮੈਂ ਕਿਧਰੋਂ ਨਾ ਫਾੜੀ ਹੈ, ਨਾ ਇਹਨੂੰ ਕੋਈ ਦਾਗ਼ ਲੱਗਿਆ ਹੈ। ਜਿਵੇਂ ਤੂੰ ਜਗਤ ਵਿਚ ਮੈਨੂੰ ਭੇਜਿਆ ਸੀ, ਮੈਂ ਤਿਵੇਂ ਹੀ ਵਾਪਸ ਆ ਗਿਆ ਹਾਂ। ਦੇਖ ਲਉ, ਮਨੁੱਖ ਆਇਆ, ਜੰਮਿਆ, ਨਾ ਵਾਸ਼ਨਾ, ਨਾ ਤ੍ਰਿਸ਼ਨਾ, ਨਾ ਕਾਮਨਾ, ਨਾ ਲੋਭ, ਨਾ ਧਰੋਹ, ਨਾ ਬਦਲੇ ਦੀ ਭਾਵਨਾ, ਨਾ ਝੂਠ, ਨਾ ਨਿੰਦਾ, ਕੁਛ ਵੀ ਨਹੀਂ, ਬੜੀ ਨਿਰਮਲ ਚਾਦਰ ਹੈ। ਪਤਾ ਹੈ ਬੱਚੇ ਕਿਉਂ ਪਿਆਰੇ ਲੱਗਦੇ ਹਨ? ਨਿਰਮਲਤਾ ਕਰਕੇ, ਹੋਰ ਕੁਝ ਨਹੀਂ। ਮਨੋਵਿਗਿਆਨੀ ਕਹਿੰਦੇ ਹਨ ਬੱਚਿਆਂ ਦਾ ਪਿਆਰਾ ਲੱਗਣ ਦਾ ਇਹ ਮਤਲਬ ਨਹੀਂ ਕਿ ਕੋਈ ਜਵਾਨ ਖ਼ੂਬਸੂਰਤ ਨਹੀਂ ਹੁੰਦਾ। ਕੀ ਬੁੱਢੇ ਕੋਲ ਖ਼ੂਬਸੂਰਤੀ ਨਹੀਂ ਹੁੰਦੀ? ਐਸੀ ਗੱਲ ਨਹੀਂ ਹੈ। ਬੱਚਾ ਖ਼ੂਬਸੂਰਤ ਹੈ, ਨਹੀਂ, ਐਸੀ ਕੋਈ ਗੱਲ ਨਹੀਂ ਹੈ। ਜਵਾਨ ਨਾਲੋਂ ਕੋਈ ਬੱਚਾ ਖ਼ੂਬਸੂਰਤ ਹੋਵੇਗਾ, ਐਸੀ ਗੱਲ ਨਹੀਂ ਹੈ। ਜਵਾਨ ਨਾਲੋਂ, ਬੁੱਢੇ ਨਾਲੋਂ ਬੱਚਾ ਪਵਿੱਤਰ ਹੈ ਇਸ ਕਰਕੇ ਚੰਗਾ ਲੱਗਦਾ ਹੈ। ਪਵਿੱਤਰ ਹੈ, ਨਿਰਮਲ ਹੈ, ਮਾਸੂਮ ਹੈ, ਇਸ ਕਰਕੇ ਚੰਗਾ ਲੱਗਦਾ ਹੈ।

ਇਹ ਬੱਚੇ ਜਿਹੜੇ ਪਿਆਰੇ ਲੱਗਦੇ ਹਨ ਇਹ ਕੇਵਲ ਇਸ ਕਰਕੇ ਕਿ ਅੰਦਰ ਕੋਈ ਵੀ ਔਗੁਣ ਨਹੀਂ ਹੈ, ਕੋਈ ਖ਼ਾਮੀ ਨਹੀਂ ਹੈ, ਕੋਈ ਕਮੀ ਨਹੀਂ ਹੈ, ਸੰਪੂਰਨਤਾ ਹੈ। ਹੁਣ ਸਹਿਜੇ ਸਹਿਜੇ ਜਿਵੇਂ ਇਹ ਜੀਵੇਗਾ, ਚੱਦਰ ਮੈਲੀ ਕਰੇਗਾ। ਕਿਧਰੇ ਲੋਭ ਦੇ ਧੱਬੇ, ਕਿਧਰੇ ਕ੍ਰੋਧ ਦੇ ਧੱਬੇ, ਕਿਧਰੇ ਵਾਸ਼ਨਾ ਦੇ ਧੱਬੇ, ਕਿਧਰੇ ਝੂਠ ਦੇ ਧੱਬੇ, ਕਿਧਰੇ ਨਿੰਦਾ ਦੇ ਧੱਬੇ, ਕਿਧਰੇ ਜ਼ੁਲਮ ਦੇ ਧੱਬੇ, ਕਿਧਰੇ ਜਬਰ ਦੇ ਧੱਬੇ ਅਤੇ ਇਤਨੇ ਧੱਬੇ ਲੱਗ ਜਾਂਦੇ ਹਨ ਕਿ ਕਈ ਦਫਾ

ਚੱਦਰ ਦਿਖਾਈ ਹੀ ਨਹੀਂ ਦੇਂਦੀ, ਧੱਬੇ ਹੀ ਧੱਬੇ ਦਿਖਾਈ ਦੇਂਦੇ ਹਨ। ਚੱਦਰ ਦਾ ਤਾਂ ਪਤਾ ਹੀ ਨਹੀਂ ਚੱਲਦਾ ਕਿ ਹੈ ਵੀ ਸੀ ਕਿ ਨਹੀਂ। ਜ਼ਿੰਦਗੀ ਦਾ ਪਤਾ ਹੀ ਨਹੀਂ ਚੱਲਦਾ। ਕ੍ਰੋਧ ਹੀ ਕ੍ਰੋਧ, ਲੋਭ ਹੀ ਲੋਭ, ਵਾਸ਼ਨਾ ਹੀ ਵਾਸ਼ਨਾ, ਝੂਠ ਹੀ ਝੂਠ। ਧਨੀ ਰਾਮ ਕਹਿੰਦੇ ਹਨ ਕਿ ਅਕਾਲ ਪੁਰਖ ! ਜਿਵੇਂ ਤੂੰ ਚੱਦਰ ਮੈਨੂੰ ਦਿੱਤੀ ਸੀ, ਇਹ ਵੇਖ ਤਿਵੇਂ ਵਾਪਸ ਲੈ ਕੇ ਆ ਗਿਆ ਹਾਂ ਇਕ ਵੀ ਦਾਗ਼ ਲੱਗਣ ਨਹੀਂ ਦਿੱਤਾ। ਕਿਧਰੋਂ ਪਾਟੀ ਵੀ ਨਹੀਂ ਹੈ। ਰੱਬ ਨਾਲੋਂ ਟੁੱਟੇ ਤੇ ਟੁੱਟ ਕੇ ਬੰਦਾ ਜੀਵੇ ਤਾਂ ਚੱਦਰ ਫੱਟੀ ਹੈ, ਧੱਬੇ ਹਨ, ਗੁਨਾਹ ਹੈ, ਲੋਭ ਹੈ, ਕਾਮ ਹੈ, ਵਾਸ਼ਨਾ ਹੈ, ਤ੍ਰਿਸ਼ਨਾ ਹੈ। ਇਹ ਤਾਂ ਧੱਬੇ ਹਨ ਸਾਰੇ। ਧਨੀ ਰਾਮ ਕਹਿੰਦੇ ਹਨ ਕਿ ਨਾ ਮੈਂ ਚੱਦਰ ਨੂੰ ਧੱਬੇ ਲੱਗਣ ਦਿੱਤੇ ਹਨ ਤੇ ਨਾ ਮੈਂ ਫੱਟਣ ਦਿੱਤੀ ਹੈ। ਜ਼ਿੰਦਗੀ ਦੀ ਚਾਦਰ ਅੰਤਸ਼ਕਰਣ ਹੇ ਪ੍ਰਭੂ ! ਮੈਂ ਉਸੇ ਤਰ੍ਹਾਂ ਦੀ ਵਾਪਸ ਲੈ ਆਇਆ ਹਾਂ, ਵੇਖ ਲੈ। ਬੜੇ ਢੰਗ ਨਾਲ ਮੈਂ ਚੱਦਰ ਉਪਰ ਲੈਂਦਾ ਰਿਹਾ, ਮਤਾਂ ਕਿਧਰੇ ਦਾਗ਼ੀ ਨਾ ਹੋ ਜਾਏ, ਕਿਧਰੋਂ ਫੱਟ ਨਾ ਜਾਏ, ਕਿਧਰੇ ਕੋਈ ਧੱਬਾ ਨਾ ਲੱਗ ਜਾਏ। ਮੈਂ ਜ਼ਿੰਦਗੀ ਬੜਾ ਸੋਚ ਸਮਝ ਕੇ ਬਤੀਤ ਕੀਤੀ, ਤਾਕਿ ਕੋਈ ਗ਼ਲਤੀ ਨਾ ਹੋ ਜਾਏ। ਮੈਂ ਹਰ ਕਦਮ ਬੜਾ ਸੋਚ ਸਮਝ ਕੇ ਚਲਦਾ ਰਿਹਾ ਕਿ ਕੋਈ ਗ਼ਲਤੀ ਨਾ ਹੋ ਜਾਏ। ਮੈਂ ਰੋਜ਼ ਇਹਨਾਂ ਪੈਰਾਂ ਨਾਲ ਬੜਾ ਸੋਚ ਸਮਝ ਕੇ ਚਲਦਾ ਰਿਹਾ ਮਤਾਂ ਕਿਧਰੇ ਗ਼ਲਤ ਪਾਸੇ ਨਾ ਚਲਾ ਜਾਵਾਂ। ਸੋਚਦਾ ਰਿਹਾ ਮੈਂ ਹਰ ਵਕਤ ਪਰ ਬੜਾ ਸੋਚ ਸਮਝ ਕੇ ਕਿ ਕਿਧਰੇ ਮੈਂ ਗ਼ਲਤ ਸੋਚਣ ਨਾ ਲੱਗ ਪਵਾਂ, ਕਿਧਰੇ ਮੈਂ ਕੋਈ ਗ਼ਲਤ ਫ਼ਿਕਰਾ ਨਾ ਕਹਿ ਜਾਵਾਂ। ਬੜਾ ਸੋਚ ਸਮਝ ਕੇ ਮੈਂ ਖਾਂਦਾ ਰਿਹਾ ਅਤੇ ਬੜਾ ਸੋਚ ਸਮਝ ਕੇ ਮੈਂ ਪੀਂਦਾ ਰਿਹਾ ਕਿ ਕਿੰਨਾ ਕੁ ਖਾਣਾ ਤੇ ਕਿੰਨਾ ਕੁ ਪੀਣਾ ਚਾਹੀਦਾ ਹੈ। ਮੈਂ ਪਹਿਨਦਾ ਰਿਹਾ ਬੜਾ ਸੋਚ ਸਮਝ ਕੇ ਕਿ ਕੀ ਪਹਿਨਣਾ ਚਾਹੀਦਾ ਹੈ ਤੇ ਕਿੰਨਾ ਕੁ ਪਹਿਨਣਾ ਚਾਹੀਦਾ ਹੈ। ਬੜਾ ਸੋਚ ਸਮਝ ਕੇ ਮੈਂ ਬੋਲਦਾ ਰਿਹਾ ਕਿ ਮੈਨੂੰ ਕੀ ਬੋਲਣਾ ਚਾਹੀਦਾ ਹੈ ਅਤੇ ਕਿੰਨਾ ਕੁ ਬੋਲਣਾ ਚਾਹੀਦਾ ਹੈ। ਮੈਂ ਚੱਲਦਾ ਰਿਹਾ ਪਰ ਬੜਾ ਸੋਚ ਸਮਝ ਕੇ ਕਿ ਕਿੰਨਾ ਕੁ ਚਲਣਾ ਚਾਹੀਦਾ ਹੈ, ਕਿਸ ਪਾਸੇ ਚੱਲਣਾ ਚਾਹੀਦਾ ਹੈ।

ਇਸ ਪਾਵਨ ਪਵਿੱਤਰ ਵਾਕ ਦੇ ਵਿਚ ਗੁਰੂ ਰਾਮਦਾਸ ਜੀ ਮਹਾਰਾਜ ਫ਼ੁਰਮਾਣ ਕਰਦੇ ਹਨ ਕਿ ਹੇ ਪਰੀ ਪੂਰਨ ਪ੍ਰਮਾਤਮਾ ! ਗੁਰੂ ਦੀ ਬਖ਼ਸ਼ਿਸ਼ ਦੁਆਰਾ ਨਾਮ ਰਤਨ ਕੀ ਮਿਲਿਆ, ਜਨਮਾਂ ਜਨਮਾਤਰਾਂ ਦੇ ਕਰਜ਼ੇ ਲਹਿ ਗਏ। ਪਿੱਤਰੀ ਰਿਣ, ਦੇਵ ਰਿਣ, ਗੁਰੂ ਰਿਣ, ਬ੍ਰਹਮ ਰਿਣ ਸਾਰੇ ਹੀ ਕਰਜ਼ੇ ਲਹਿ ਗਏ। ਕਰਜ਼ਿਆਂ ਦਾ ਕੋਈ ਬੋਝ ਨਹੀਂ ਰਿਹਾ। ਅੰਤਸ਼ਕਰਣ ਸ਼ੁੱਧ ਹੋ ਗਿਆ। ਹੌਲਾ ਫੁੱਲ ਹੋ ਗਿਆ। ਅੱਖਰੀ ਅਰਥ ਤੇ ਭਾਵ ਅਰਥ ਆਪ ਸਰਵਣ ਕਰੋ। ਇਕ ਵਾਰ ਪਿਆਰ ਨਾਲ ਆਖੋ-ਸਤਿਨਾਮ ਸ੍ਰੀ ਵਾਹਿਗੁਰੂ !

ਜੈਤਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ॥

ਜੈਤਸਰੀ ਰਾਗ ਦੇ ਵਿਚ ਗੁਰੂ ਰਾਮਦਾਸ ਜੀ ਮਹਾਰਾਜ ਦੇ ਉਚਾਰਣ ਕੀਤੇ ਇਸ ਪਾਵਨ ਵਾਕ ਦਾ ਅੰਤ੍ਰੀਵ ਭਾਵ ਹੈ ਕਿ ਉਹ ਅਕਾਲ ਪੁਰਖ ਇਕ ਹੈ। ਉਸ ਇਕ ਤੋਂ ਉੱਤਪਤੀ, ਪਾਲਣਾ ਤੇ ਨਾਸ਼ ਹੋ ਰਿਹਾ ਹੈ। ਸਤਿ ਸਰੂਪ ਉਹ ਗੁਰੂ ਹੈ ਤੇ ਦਇਆ ਦੀ ਮੂਰਤੀ ਹੈ।

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥

ਗੁਰੂ ਨੇ ਬਖ਼ਸ਼ਿਸ਼ ਕੀਤੀ ਤੇ ਮਿਹਰਾਂ ਭਰਿਆ ਹੱਥ ਮੇਰੇ ਸਿਰ 'ਤੇ ਰੱਖਿਆ ਤੇ ਪ੍ਰਮਾਤਮਾ ਦਾ ਨਾਮ ਜੋ ਹੀਰਿਆਂ ਦੇ ਸਮਾਨ ਸੀ, ਉਹ ਮੇਰੇ ਅੰਤਸ਼ਕਰਨ ਦੇ ਵਿਚ ਆ ਕੇ ਵੱਸ ਗਿਆ। ਇਹ ਜੋ ਰਤਨ ਹੈ, ਜੋ ਮਹਾਨ ਹੀਰਾ ਹੈ, ਉਹ ਮੇਰੇ ਅੰਤਸ਼ਕਰਨ ਵਿਚ ਵੱਸ ਗਿਆ।

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥ ੧ ॥

ਜਨਮਾਂ ਜਨਮਾਂਤਰਾਂ ਦਾ ਜੋ ਰਿਣ ਸੀ, ਕਰਜ਼ਾ ਸੀ, ਉਸ ਰਤਨ ਦੇ ਮਿਲਦਿਆਂ ਹੀ ਲਹਿ ਗਿਆ। ਉਸ ਰਤਨ ਦੇ ਮਿਲਦਿਆਂ ਹੀ ਦੁੱਖ ਮਿੱਟ ਗਏ। ਉਸ ਰਤਨ ਦੇ ਮਿਲਦਿਆਂ ਹੀ ਪਾਪ ਧੁਲ ਗਏ। ਉਸ ਰਤਨ ਦੇ ਮਿਲਦਿਆਂ ਹੀ ਜਿਹੜੇ ਕਰਜ਼ੇ ਸਨ, ਸਾਰੇ ਦੇ ਸਾਰੇ ਲਹਿ ਗਏ।

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥

ਹਰ ਤਰ੍ਹਾਂ ਦੇ ਅਰਥ ਦੀ ਉਸ ਨੂੰ ਪ੍ਰਾਪਤੀ ਹੋ ਜਾਂਦੀ ਹੈ ਜੋ ਰਾਮ ਦਾ ਭਜਨ ਕਰਦਾ ਹੈ। ਇਸ ਵਾਸਤੇ ਹੇ ਮੇਰੇ ਮਨ ! ਤੂੰ ਉਸ ਪਰੀਪੂਰਨ ਪ੍ਰਮਾਤਮਾ ਦਾ ਨਾਮ ਜੱਪ। ਹਰ ਤਰ੍ਹਾਂ ਦੇ ਪਦਾਰਥਾਂ ਦੀ ਤੈਨੂੰ ਪ੍ਰਾਪਤੀ ਹੋ ਜਾਏਗੀ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ॥ ਰਹਾਉ॥

ਪੂਰੇ ਗੁਰਦੇਵ ਨੇ ਨਾਮ ਦੇ ਵਿਚ ਦ੍ਰਿੜ੍ਹਤਾ ਅਤੇ ਸੂਝ ਕਰਾ ਦਿੱਤੀ ਹੈ ਕਿ ਨਾਮ ਤੋਂ ਬਿਨਾਂ ਜੀਵਨ ਵਿਅਰਥ ਹੈ, ਜ਼ਿੰਦਗੀ ਵਿਅਰਥ ਹੈ।

ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥

ਗੁਰੂ ਤੋਂ ਦੂਰ ਜੋ ਮਨਮੁਖ ਹਨ, ਦਿਨ ਰਾਤ ਮਾਇਆ ਵਿਚ ਫੱਸੇ ਹਨ, ਮਹਾਂ ਮੂੜ ਹਨ ਅਤੇ ਉਹਨਾਂ ਦੀ ਤਰਜ਼ੇ ਜ਼ਿੰਦਗੀ ਕੁਚੱਜੀ ਹੈ। ਐਸੇ ਜਿਹੜੇ ਮਨਮੁਖ ਹਨ, ਮੂੜ ਹਨ, ਨਿਤਾ ਪ੍ਰਤੀ ਦੁੱਖ ਦੇ ਵਿਚ ਹੀ ਆਪਣਾ ਜੀਵਨ ਬਤੀਤ ਕਰਦੇ ਹਨ।

ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ ੨ ॥

ਇਸ ਤਰ੍ਹਾਂ ਦੇ ਪੁਰਸ਼ਾਂ ਦਾ ਸਾਰਾ ਜੀਵਨ ਅਕਾਰਥ ਚਲਾ ਗਿਆ, ਵਿਅਰਥ ਚਲਾ ਗਿਆ ਕਿਉਂਕਿ ਭੁੱਲ ਕੇ ਵੀ ਕਦੀ ਗੁਰੂ ਦੇ ਚਰਨ ਨਹੀਂ ਪਰਸੇ। ਕਦੀ ਸੰਗਤ ਦੇ ਚਰਨ ਨਹੀਂ ਪਰਸੇ।

ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥

ਜਿੰਨ੍ਹਾਂ ਨੇ ਸਾਧੂਆਂ ਦੀ ਸੇਵਾ ਕੀਤੀ, ਗੁਰੂ ਦੀ ਸੇਵਾ ਕੀਤੀ, ਸੰਗਤ ਦੀ ਸੇਵਾ ਕੀਤੀ ਤਾਂ ਸਾਹਿਬ ਕਹਿੰਦੇ ਹਨ ਕਿ ਉਹਨਾਂ ਦਾ ਜੀਵਨ ਸਕਾਰਥਾ ਹੋਇਆ, ਸਫਲ ਹੋਇਆ, ਲੇਖੇ ਲੱਗਿਆ। ਜਗਤ ਉੱਤੇ ਆਇਆ ਉਹਨਾਂ ਦਾ ਸਫਲ ਹੋਇਆ।

ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥

ਹੇ ਜਗਤ ਦੇ ਨਾਥ! ਹੇ ਪਰੀਪੂਰਨ ਪ੍ਰਮਾਤਮਾ! ਦਇਆ ਕਰ ਮੇਰੇ 'ਤੇ, ਬਖ਼ਸ਼ਿਸ਼ ਕਰ। ਜੋ ਤੇਰੇ ਦਾਸ ਹਨ, ਫਿਰ ਦਾਸਾਂ ਦੇ ਦਾਸ ਹਨ, ਫਿਰ ਉਹਨਾਂ ਦੇ ਦਾਸ ਹਨ, ਉਹਨਾਂ ਦਾ ਦਾਸ ਮੈਨੂੰ ਬਣਾ ਤਾਂਕਿ ਇਸ ਤਰੀਕੇ ਨਾਲ ਤੇਰੀ ਨੇੜਤਾ ਬਣੀ ਰਹੇ ਅਤੇ ਸੇਵਾ ਦਾ ਮੌਕਾ ਮਿਲੇ।

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥

ਗਿਆਨ ਤੋਂ ਹੀਣੇ ਅਸੀਂ ਅੰਨ੍ਹੇ ਹਾਂ। ਤੇਰੇ ਮਾਰਗ 'ਤੇ ਚੱਲੀਏ ਤਾਂ ਕਿਵੇਂ ਚੱਲੀਏ। ਰਸਤਾ ਤਾਂ ਤੇਰਾ ਠੀਕ ਹੈ, ਰੌਸ਼ਨੀ ਹੈ, ਚਾਨਣਾ ਹੈ। ਗੁਰੂ ਸ਼ਬਦ ਉਜਾਰੋ ਦੀਪਾ ਹੈ, ਪਰ ਕੀ ਕਰੀਏ ਅਸੀਂ ਅੰਨ੍ਹੇ ਹਾਂ, ਸੂਰਜ ਦੀ ਰੌਸ਼ਨੀ ਤੋਂ ਲਾਭ ਲੈਣ ਲਈ ਅੱਖਾਂ ਦਾ ਚਾਨਣਾ ਚਾਹੀਦਾ ਹੈ। ਗੁਰੂ ਦੇ ਸ਼ਬਦ ਤੋਂ ਨੂਰ ਲੈਣ ਲਈ ਆਖ਼ਰ ਕੁਝ ਮਨ ਵਿਚ ਤਾਂ ਅਹਿਸਾਸ ਚਾਹੀਦਾ ਹੈ। ਮਨ ਦੇ ਵਿਚ ਥੋੜ੍ਹਾ ਬੋਧ ਤਾਂ ਚਾਹੀਦਾ ਹੈ। ਮਨ ਦੇ ਵਿਚ ਥੋੜ੍ਹਾ ਚਾਨਣਾ ਤਾਂ ਚਾਹੀਦਾ ਹੀ ਹੈ। ਸਾਹਿਬ ਕਹਿੰਦੇ ਹਨ ਕਿ ਬਾਹਰ ਤਾਂ ਬੜਾ ਚਾਨਣਾ ਤੂੰ ਗੁਰੂ-ਸ਼ਬਦ ਦਾ ਕਰ ਦਿੱਤਾ ਹੈ, ਪਰ ਕੀ ਕਰੀਏ ਅਸੀਂ ਅਗਿਆਨੀ ਹਾਂ, ਅੰਨ੍ਹੇ ਹਾਂ, ਕਿਵੇਂ ਹੇ ਪ੍ਰਮਾਤਮਾ! ਤੇਰੇ ਦੱਸੇ ਮਾਰਗ 'ਤੇ ਚਲੀਏ।

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥ ੪ ॥ ੧ ॥

ਹੇ ਅਕਾਲ ਪੁਰਖ! ਬਖ਼ਸ਼ਿਸ਼ ਕਰ, ਰਹਿਮਤ ਕਰ। ਆਪਣਾ ਦਾਮਨ ਦੇ ਅੰਨ੍ਹੇ ਨੂੰ, ਆਪਣੀ ਬਾਂਹ ਦੇ ਮੈਂ ਅੰਨ੍ਹੇ ਨੂੰ ਤਾਂਕਿ ਤੇਰੀ ਬਾਂਹ ਪਕੜ ਕੇ ਇਸ ਮਾਰਗ 'ਤੇ ਚੱਲ ਕੇ ਤੇਰੇ ਦਰ ਤੱਕ ਪਹੁੰਚ ਸਕਾਂ। ਤੇਰੇ ਟਿਕਾਣੇ ਤੱਕ ਪਹੁੰਚ ਸਕਾਂ।

ਹਰ ਸਾਲ ਕਾਨ੍ਹਪੁਰ ਤੋਂ ਗਿਆਨੀ ਜੈ ਸਿੰਘ ਸ਼ੁਗਲ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਆਉਂਦੇ ਹਨ, ਜਿਨ੍ਹਾਂ ਦਿਨਾਂ ਵਿਚ ਦਾਸ ਇਥੇ ਅਉਂਦਾ ਸੀ। ਪੰਜਾਬੀ ਦੇ ਮਹਾਨ ਉੱਘੇ ਸ਼ਾਇਰ ਹਨ। ਰੂਹਾਨੀਅਤ ਦੀਆਂ ਬੜੀਆਂ ਬਾਰੀਕੀਆਂ ਨੂੰ ਇਹ ਛੂੰਹਦੇ ਹਨ ਅਤੇ ਵਕਤ ਦੇ ਮੁਤਾਬਿਕ ਵੀ ਆਪ ਲਿਖਦੇ ਹਨ। ਭਾਵੇਂ ਨੇਤਰ ਨਹੀਂ ਪਰ ਇਹਨਾਂ ਕੋਲ ਲਿਖਣ ਦਾ, ਕਵਿਤਾ ਦਾ ਅਨੁਭਵ ਹੈ। ਦੋ ਮਿੰਟਾਂ ਲਈ ਇਹਨਾਂ ਪਾਸੋਂ ਆਪ ਇਕ ਨਜ਼ਮ ਸਰਵਣ ਕਰ ਲੈਣਾ।

ਗੁਰਦੇਵ ਜੀ ਮਹਾਰਾਜ ਦੋ ਗੱਲਾਂ ਸਾਨੂੰ ਦੱਸਦੇ ਹਨ ਕਿ ਦੁੱਖਾਂ ਬਿਪਤਾਵਾਂ ਦਾ ਜਨਮ ਕਿਵੇਂ ਹੁੰਦਾ ਹੈ ਤੇ ਸੁੱਖ ਦੀ ਪ੍ਰਾਪਤੀ ਕਿਸ ਢੰਗ ਨਾਲ ਹੋ ਸਕਦੀ ਹੈ। ਮਨੁੱਖ ਦੇ ਪ੍ਰਾਣਾਂ ਵਿਚ ਜਿਹੜੀ ਗਹਿਰੀ ਚਾਹਤ ਹੈ, ਉਹ ਸੁੱਖ ਦੀ ਹੈ, ਇਸ ਵਾਸਤੇ ਧਾਰਮਿਕ ਸਿਆਣੇ ਬੰਦੇ ਕਹਿੰਦੇ ਹਨ ਕਿ ਨਾਸਤਿਕ ਦੁਨੀਆਂ ਵਿਚ ਕੋਈ ਵੀ ਨਹੀਂ ਹੈ। ਕਿਉਂਕਿ ਨਾਸਤਿਕ ਤੋਂ ਨਾਸਤਿਕ ਬੰਦੇ ਨੂੰ ਵੀ ਆਖ਼ਰ ਸੁੱਖ ਤਾਂ ਚਾਹੀਦਾ ਹੈ। ਸੁੱਖ ਪ੍ਰਮਾਤਮਾ ਹੈ, ਸੁੱਖ ਈਸ਼ਵਰ ਹੈ।

ਨਾਸਤਿਕ ਨੂੰ ਅਸੀਂ ਇਸ ਵਾਸਤੇ ਨਾਸਤਿਕ ਕਹਿੰਦੇ ਹਾਂ ਕਿ ਉਹ ਸੁੱਖ ਤਾਂ ਮੰਗਦਾ ਹੈ ਪਰ ਪ੍ਰਮਾਤਮਾ ਨੂੰ ਨਹੀਂ ਚਾਹੁੰਦਾ। ਇਹਨੂੰ ਰੌਸ਼ਨੀ ਤਾਂ ਚਾਹੀਦੀ ਹੈ, ਪਰ ਇਹਨੂੰ ਸੂਰਜ ਨਹੀਂ ਚਾਹੀਦਾ। ਹੁਣ ਇਹਨੂੰ ਕੌਣ ਦੱਸੇ ਕਿ ਸੂਰਜ ਤੋਂ ਬਿਨਾਂ ਰੌਸ਼ਨੀ ਤਾਂ ਹੋ ਹੀ ਨਹੀਂ ਸਕਦੀ। ਅਕਾਲ ਪੁਰਖ ਤੋਂ ਬਿਨਾਂ ਸੁੱਖ ਤਾਂ ਹੋ ਹੀ ਨਹੀਂ ਸਕਦਾ ਅਤੇ ਸੁੱਖ ਉਸ ਦੇ ਨਾਲ ਹੀ ਜੁੜਿਆ ਹੋਇਆ ਹੈ। ਮੰਗ ਰੌਸ਼ਨੀ ਦੀ ਹੈ, ਪਰ ਸੂਰਜ ਨਾਲ ਕੋਈ ਸੰਬੰਧ ਹੀ ਨਹੀਂ। ਮੰਗ ਸੁੱਖ ਦੀ ਹੈ ਪਰ ਪ੍ਰਮਾਤਮਾ ਨਾਲ ਸੰਬੰਧ ਹੀ ਨਹੀਂ। ਮਨੁੱਖ ਇਕੋ ਇਕ ਚੀਜ਼ ਦੀ ਜੀਵਨ ਭਰ ਤਲਬ ਕਰਦਾ ਹੈ ਤੇ ਉਹ ਹੈ ਸੁੱਖ।

ਸਿਆਣੇ ਤਾਂ ਇੰਝ ਕਹਿੰਦੇ ਹਨ ਕਿ ਮਨੁੱਖ ਪੁੱਤਰਾਂ ਦੀ ਮੰਗ ਨਹੀਂ ਕਰਦਾ, ਸੁੱਖ ਦੀ ਮੰਗ ਕਰਦਾ ਹੈ। ਜੇਕਰ ਪੁੱਤਰਾਂ ਤੋਂ ਸੁੱਖ ਨਾ ਮਿਲੇ ਤਾਂ ਫਿਰ ਪੁੱਤਰਾਂ ਨਾਲ ਵੀ ਸੰਬੰਧ ਟੁੱਟਦਿਆਂ ਦੇਰ ਨਹੀਂ ਲੱਗਦੀ। ਬੜਿਆਂ-ਬੜਿਆਂ ਦੇ ਸੰਬੰਧ ਟੁੱਟ ਗਏ ਹਨ। ਮਨੁੱਖ ਭਰਾਵਾਂ ਦੀ ਮੰਗ ਨਹੀਂ ਕਰਦਾ, ਸੁੱਖ ਦੀ ਮੰਗ ਕਰਦਾ ਹੈ। ਜੇ ਭਰਾਵਾਂ ਤੋਂ ਸੁੱਖ ਨਾ ਮਿਲੇ ਤਾਂ ਇਹ ਸੰਬੰਧ ਟੁੱਟਦਿਆਂ ਦੇਰ ਨਹੀਂ ਲੱਗਦੀ। ਮਨੁੱਖ ਮਿੱਤਰਾਂ ਦੀ ਮੰਗ ਨਹੀਂ ਕਰਦਾ, ਸੁੱਖ ਦੀ ਮੰਗ ਕਰਦਾ ਹੈ। ਜੇ ਮਿੱਤਰਾਂ ਤੋਂ ਵੀ ਸੁੱਖ ਦੀ ਬਜਾਇ ਦੁੱਖ ਮਿਲਣ ਲੱਗੇ ਤਾਂ ਮਿੱਤਰਾਂ ਦੇ ਵੈਰੀ ਹੁੰਦਿਆਂ, ਦੁਸ਼ਮਣ ਹੁੰਦਿਆਂ ਦੇਰ ਨਹੀਂ ਲੱਗਦੀ।

ਸੁੱਖ ਮਿਲ ਰਿਹਾ ਹੈ ਤਾਂ ਮਿੱਤਰ ਹੈ, ਦੁੱਖ ਮਿਲ ਰਿਹਾ ਹੈ ਤਾਂ ਦੁਸ਼ਮਣ ਹੈ। ਪੁੱਤਰ ਕੋਲੋਂ ਸੁੱਖ ਮਿਲ ਰਿਹਾ ਹੈ ਤਾਂ ਪਿਆਰਾ ਲੱਗ ਰਿਹਾ ਹੈ। ਦੁੱਖ ਮਿਲ ਰਿਹਾ ਹੈ ਤਾਂ ਨਫ਼ਰਤ ਪੈਦਾ ਹੋ ਗਈ। ਭਰਾ ਕੋਲੋਂ ਸੁੱਖ ਮਿਲ ਰਿਹਾ ਹੈ ਤਾਂ ਚੰਗਾ ਲੱਗ ਰਿਹਾ ਹੈ। ਦੁੱਖ ਮਿਲਣਾ ਅਰੰਭ ਹੋ ਗਿਆ ਤਾਂ ਭਰਾ ਵੀ ਦੁਸ਼ਮਣ ਲੱਗਦਾ ਹੈ। ਪਿਉ ਕੋਲੋਂ ਸੁੱਖ ਮਿਲ ਰਿਹਾ ਹੈ ਤਾਂ ਸਤਿਕਾਰ ਹੈ, ਸਨਮਾਨ ਹੈ, ਚੰਗਾ ਲੱਗਦਾ ਹੈ, ਪਰ ਦੁੱਖ ਮਿਲ ਰਿਹਾ ਹੈ ਤਾਂ ਰਿਸ਼ਤਾ ਟੁੱਟਦਿਆਂ ਦੇਰ ਨਹੀਂ ਲੱਗਦੀ।

ਮਨੁੱਖ ਪਤੀ ਜਾਂ ਪਤਨੀ ਦੀ ਚਾਹਤ ਨਹੀਂ ਕਰਦਾ, ਸੁੱਖ ਦੀ ਚਾਹਤ ਕਰਦਾ ਹੈ। ਜੇ ਪਤੀ ਤੋਂ ਸੁੱਖ ਨਾ ਮਿਲੇ, ਪਤਨੀ ਤੋਂ ਸੁੱਖ ਨਾ ਮਿਲੇ ਤਾਂ ਇਹ ਸਮੁੱਚੇ ਸੰਸਾਰ ਚੋਂ ਝਾਤ ਮਾਰ ਕੇ ਦੇਖਣਾ, ਇਹੋ ਜਿਹੇ ਰਿਸ਼ਤੇ ਦੇ ਟੁੱਟਦਿਆਂ ਵੀ ਦੇਰ ਨਹੀਂ ਲੱਗਦੀ ਅਤੇ ਟੁੱਟੇ ਹਨ ਬਥੇਰੀਆਂ ਥਾਵਾਂ 'ਤੇ। ਮਨੁੱਖ ਦੀ ਮੰਗ ਸੁੱਖ ਦੀ ਹੈ। ਸੁੱਖ ਨੂੰ ਹੀ ਮੰਗਦਾ ਹੈ। ਸੁੱਖ ਪੁੱਤਰਾਂ ਵਿਚ ਹੈ, ਸੁੱਖ ਮਿੱਤਰਾਂ ਵਿਚ ਹੈ, ਸੁੱਖ ਭਰਾਵਾਂ ਵਿਚ ਹੈ, ਸੁੱਖ ਪਤਨੀ ਵਿਚ ਹੈ, ਸੁੱਖ ਪਤੀ ਵਿਚ ਹੈ, ਇਸ ਤਰ੍ਹਾਂ ਦੀ ਮਨੁੱਖ ਕਲਪਨਾ ਕਰ ਲੈਂਦਾ ਹੈ। ਹੁੰਦਾ ਕੀ ਹੈ? ਪੁੱਤਰ ਮਿਲ ਜਾਂਦੇ ਹਨ, ਸੁੱਖ ਨਹੀਂ ਮਿਲਦਾ। ਭਰਾ ਮਿਲ ਜਾਂਦੇ ਹਨ, ਸੁੱਖ ਨਹੀਂ ਮਿਲਦਾ। ਮਿੱਤਰ ਮਿਲ ਜਾਂਦੇ ਹਨ, ਸੁੱਖ ਨਹੀਂ ਮਿਲਦਾ। ਪਤਨੀ ਮਿਲ ਜਾਂਦੀ ਹੈ, ਪਤੀ ਮਿਲ ਜਾਂਦਾ ਹੈ, ਸੁੱਖ ਨਹੀਂ ਮਿਲਦਾ। ਕਿੰਨ੍ਹਾਂ ਨੂੰ ਮਿਲਿਆ, ਕਿਸੇ ਕੋਲੋਂ ਪੁੱਛ ਕੇ ਦੇਖ ਲਉ। ਕਿਸ ਨੂੰ ਸੁੱਖ ਮਿਲਿਆ ਅੱਜ ਤੱਕ?

ਸਾਹਿਬ ਤਾਂ ਕਹਿੰਦੇ ਹਨ ਕਿ ਜਿਸ ਨੂੰ ਤੁਸੀਂ ਆਪਣਾ ਇਕ ਦੁੱਖ ਸੁਣਾਉ ਅਗਲਾ

ਦੱਸ ਦੁੱਖ ਸੁਣਾਉਂਦਾ ਹੈ ਆਪਣੇ। ਮੈਂ ਆਪਣੇ ਦੁੱਖਾਂ ਦੀ ਪੰਡ ਕਿਹਦੇ ਅੱਗੇ ਖੋਲ੍ਹਾਂ ਕਿਉਂਕਿ ਅਜੇ ਮੈਂ ਖੋਲ੍ਹਣ ਹੀ ਲੱਗਦਾ ਹਾਂ ਕਿ ਅਗਲਾ ਪਹਿਲੇ ਹੀ ਖੋਲ੍ਹ ਕੇ ਰੱਖ ਦੇਂਦਾ ਹੈ। ਤੁਸੀਂ ਆਖੋ ਮੈਨੂੰ ਜ਼ੁਕਾਮ ਲੱਗਿਆ ਹੈ ਤਾਂ ਅਗਲਾ ਟਾਈਫ਼ਾਈਡ ਦੀ ਗੱਲ ਕਰਨ ਲੱਗ ਪੈਂਦਾ ਹੈ। ਅਗਲਾ ਨਜ਼ਲੇ ਦੀ ਗੱਲ ਕਰਨ ਲੱਗ ਪੈਂਦਾ ਹੈ। ਅਗਲਾ ਉਸ ਤੋਂ ਵੀ ਵੱਡੇ ਰੋਗ ਦੀ ਗੱਲ ਕਰਨ ਲੱਗ ਪੈਂਦਾ ਹੈ।

ਹੁਣ ਤੇ ਮਨੋਵਿਗਿਆਨੀ ਐਸਾ ਕਹਿੰਦੇ ਹਨ ਕਿ ਮਨੁੱਖ ਨੂੰ ਦੁੱਖ ਨਾਲ ਵੀ ਕੁਝ ਮਮਤਾ ਹੋ ਗਈ ਹੈ, ਕਿਉਂਕਿ ਬਹੁਤ ਪੁਰਾਣਾ ਹੈ, ਕਈ ਜਨਮਾਂ ਤੋਂ ਹੈ। ਇਸ ਵਾਸਤੇ ਦੁੱਖ ਦੀ ਵਿਆਖਿਆ ਕਰਦਿਆਂ, ਦੁੱਖ ਨੂੰ ਦੱਸਦਿਆਂ ਵੀ ਬੰਦਾ ਰੱਸ ਲੈਂਦਾ ਹੈ। ਦੁੱਖ ਨੂੰ ਵਧਾ ਕੇ ਦੱਸਦਾ ਹੈ। ਦੁੱਖ ਨਾਲ ਵੀ ਹੰਕਾਰ ਜੁੜ ਗਿਆ। ਭਈ ਛੋਟਾ ਜਿਹਾ ਦੁੱਖ ਦੱਸਿਆ। ਇਹ ਵੀ ਕੋਈ ਦੁੱਖ ਹੈ? ਇਹਦੇ ਵਿਚ ਵੀ ਸਾਡੀ ਕੋਈ ਮਹਿਮਾ ਹੈ, ਕੋਈ ਬਹੁਤ ਵੱਡਾ ਦੁੱਖ ਦੱਸੋ। ਜ਼ੁਕਾਮ ਦੀ ਕੀ ਗੱਲ ਕਰਨੀ ਹੈ, ਇਹ ਵੀ ਕੋਈ ਗੱਲ ਹੈ, ਆਖੋ ਇਤਨਾ ਵੱਡਾ ਅਪਰੇਸ਼ਨ ਹੋਇਆ, ਇਤਨਾ ਵੱਡਾ ਰੋਗ ਹੋ ਗਿਆ ਸੀ, ਇਤਨੀ ਵੱਡੀ ਬਿਮਾਰੀ ਹੋ ਗਈ ਸੀ। ਬੱਸ, ਇਸ ਗੱਲ ਨੂੰ ਵਧਾ ਚੜ੍ਹਾ ਕੇ, ਤਰ੍ਹਾਂ ਤਰ੍ਹਾਂ ਦੇ ਪ੍ਰਮਾਣ ਜੁਟਾਕੇ ਬੰਦਾ ਵਰਨਣ ਕਰਦਾ ਹੈ ਤਾਂ ਸਿਆਣੇ ਮਨੋਵਿਗਿਆਨੀ ਇਹ ਕਹਿਣ ਲੱਗ ਪਏ ਕਿ ਮਨੁੱਖ ਆਪਣੇ ਦੁੱਖ ਨੂੰ ਦੱਸਣ ਲੱਗਿਆਂ ਵੀ ਰੱਸ ਲੈਂਦਾ ਹੈ, ਸਵਾਦ ਲੈਂਦਾ ਹੈ। ਕਈ ਦਫ਼ਾ ਇਤਨਾ ਦੁੱਖ ਹੁੰਦਾ ਨਹੀਂ, ਵਧਾ ਕੇ ਦੱਸਦਾ ਹੈ। ਕਦੀ ਦਫ਼ਾ ਇਤਨੀ ਤਕਲੀਫ਼ ਹੁੰਦੀ ਨਹੀਂ ਜਿਸਨੂੰ ਬਹੁਤ ਵਿਸਥਾਰ ਨਾਲ ਬੰਦਾ ਬਿਆਨ ਕਰਦਾ ਹੈ। ਦੁੱਖ ਨਾਲ ਵੀ ਮੋਹ ਹੋ ਗਿਆ। ਦੁੱਖ ਨਾਲ ਵੀ ਮਮਤਾ ਹੋ ਗਈ।

ਕੁਝ ਸਿਆਣੇ ਐਸਾ ਕਹਿੰਦੇ ਹਨ ਕਿ ਬਿਮਾਰੀ ਲੰਬੀ ਹੋਵੇ ਤਾਂ ਮਰੀਜ਼ ਬਿਮਾਰੀ ਨਾਲ ਸਹਿਮਤ ਹੋ ਜਾਂਦਾ ਹੈ ਕਿ ਠੀਕ ਹੈ ਇਹ ਤਾਂ ਚੱਲਣੀ ਹੈ। ਕੁਝ ਇਸ ਤਰ੍ਹਾਂ ਮਨੁੱਖ ਨੇ ਸਮਝ ਲਿਆ ਹੈ। ਇਹ ਗੱਲ ਵੱਖਰੀ ਹੈ ਕਿ ਪ੍ਰਾਣਾਂ ਦੀ ਗਹਿਰੇ ਤੱਲ ਵਿਚ ਜਿਹੜੀ ਚਾਹਤ ਹੈ ਉਹ ਸੁੱਖ ਦੀ ਹੈ ਕਿ ਕਿਸੇ ਵੀ ਤਰੀਕੇ ਨਾਲ ਸੁੱਖ ਮਿਲੇ। ਮੰਗਦਾ ਮਨੁੱਖ ਸੁੱਖ ਨੂੰ ਹੈ ਤੇ ਸਾਹਿਬ ਕਹਿੰਦੇ ਹਨ-

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥

(ਅੰਗ ੨੧੦)

ਸੁੱਖ ਹਰੀ ਵਿਚ ਹੈ। ਸੁੱਖ ਪ੍ਰਮਾਤਮਾ ਦੇ ਵਿਚ ਹੈ। ਪਦਾਰਥ ਤੋਂ ਵਕਤੀ ਲੋੜ ਦੀ ਪੂਰਤੀ ਤਾਂ ਹੋ ਜਾਂਦੀ ਹੈ, ਸੁੱਖ ਨਹੀਂ ਮਿਲਦਾ, ਸਗੋਂ ਪਦਾਰਥਾਂ ਤੋਂ ਅੱਜ ਤੱਕ ਲੋਕਾਂ ਨੂੰ ਦੁੱਖ ਹੀ ਮਿਲਿਆ, ਸੁੱਖ ਕਿਥੇ ਮਿਲਿਆ। ਇਸ ਵਾਸਤੇ ਸਮੁੱਚੇ ਸੰਸਾਰ ਨੂੰ ਸਤਿਗੁਰੂ ਦੀ ਬਾਣੀ ਨੇ ਦੁੱਖਾਂ ਦਾ ਸਾਗਰ ਕਹਿ ਦਿੱਤਾ। ਅਗਨ ਦਾ ਸਾਗਰ, ਦੁੱਖ ਦਾ ਸਾਗਰ, ਸਿਵਾਏ ਦੁੱਖ ਤੋਂ ਹੋਰ ਕੁਝ ਨਹੀਂ ਹੈ।

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥

(ਅੰਗ ੧੨੪੦)

ਹਰ ਬੰਦਾ ਕੀ ਹੈ? ਹਰ ਬੰਦਾ ਇਕ ਦੁੱਖ ਦੀ ਪੰਡ ਹੈ। ਜ਼ਰਾ ਖੋਲ੍ਹ ਕੇ ਵੇਖੋ ਤਾਂ ਸਹੀ, ਆਪਣੇ ਦੁੱਖ ਬੜੇ ਵਿਸਥਾਰ ਨਾਲ ਗਿਣ ਗਿਣ ਕੇ ਦੱਸੇਗਾ। ਅੱਜ ਦੇ ਇਸ ਪਾਵਨ ਪਵਿੱਤਰ ਵਾਕ ਵਿਚ ਸਤਿਗੁਰੂ ਦੱਸਦੇ ਹਨ ਕਿ ਦੁੱਖ ਕਿਵੇਂ ਜਨਮ ਲੈਂਦਾ ਹੈ। ਆਦਿ ਕਾਲ ਤੋਂ ਬੜੇ-ਬੜੇ ਗਿਆਨੀਆਂ ਨੇ, ਸਿਆਣਿਆਂ ਨੇ ਦੁੱਖਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰੀਰ ਦੇ ਵਿਚੋਂ ਦੁੱਖ ਨਿਕਲ ਜਾਣ, ਵੈਦਾਂ, ਹਕੀਮਾਂ, ਡਾਕਟਰਾਂ ਨੇ ਅਤੇ ਮੈਡੀਕਲ ਸਾਇੰਸ ਨੇ ਬੜੀ ਮਿਹਨਤ ਕੀਤੀ ਹੈ। ਅਜੇ ਵੀ ਵਿਚਾਰੇ ਦਿਨ ਰਾਤ ਜੁੱਟੇ ਹੋਏ ਹਨ। ਵੱਡੀਆਂ-ਵੱਡੀਆਂ ਲਬੋਰਟਰੀਆਂ ਦੇ ਵਿਚ ਸਾਇੰਸਦਾਨ ਜੁੱਟੇ ਹੋਏ ਹਨ ਕਿ ਕਿਵੇਂ ਬਿਮਾਰੀ ਦੇ ਕੀਟਾਣੂੰਆਂ ਨੂੰ ਖ਼ਤਮ ਕਰੀਏ, ਕਿਵੇਂ ਸਾਰੀ ਮਨੁੱਖਤਾ ਨੂੰ ਤੰਦਰੁਸਤ ਕਰੀਏ।

ਦੇਖਣ ਵਿੱਚ ਐਸਾ ਆਇਆ ਹੈ ਅਤੇ ਆਂਕੜੇ ਵੀ ਦੱਸਦੇ ਪਏ ਹਨ ਕਿ ਮੈਡੀਕਲ ਸਾਇੰਸ ਭਾਵੇਂ ਸਿਖਰ 'ਤੇ ਪਹੁੰਚੀ ਹੈ, ਪਰ ਰੋਗੀਆਂ ਦੀ ਗਿਣਤੀ ਉਤਨੀ ਹੀ ਹੈ, ਜਿਤਨੀ ਪਹਿਲੇ ਸੀ। ਪਰਸੰਟੇਜ ਉਤਨੀ ਹੈ ਰੋਗੀਆਂ ਦੀ ਜਿਤਨੀ ਪਹਿਲੇ ਸੀ। ਫੀ ਸਦੀ ਦੇ ਹਿਸਾਬ ਨਾਲ ਉਹ ਉਤਨੀ ਹੀ ਹੈ, ਘੱਟੀ ਨਹੀਂ ਹੈ। ਦਵਾਈਆਂ ਨਵੀਆਂ ਆ ਗਈਆਂ ਹਨ ਤੇ ਬਿਮਾਰੀਆਂ ਵੀ ਨਵੀਆਂ ਆ ਗਈਆਂ ਹਨ। ਨਵੇਂ ਨਵੇਂ ਲੇਬਲ, ਨਵੇਂ ਨਵੇਂ ਪੈਕ, ਉਹਨਾਂ ਦੇ ਵਿਚ ਦਵਾਈਆਂ ਬਜ਼ਾਰ ਵਿਚ ਆ ਗਈਆਂ ਹਨ ਅਤੇ ਨਵੇਂ ਨਵੇਂ ਰੂਪ ਧਾਰਨ ਕਰਕੇ ਬਿਮਾਰੀਆਂ ਆ ਗਈਆਂ ਹਨ, ਰੋਗ ਆ ਗਏ ਹਨ। ਜਿਨ੍ਹਾਂ ਦੇ ਪਹਿਲਾਂ ਅਸੀਂ ਦਰਸ਼ਨ ਨਹੀਂ ਕੀਤੇ ਸਨ, ਪਰ ਹੁਣ ਐਸੇ ਰੋਗ ਪੈਦਾ ਹੋ ਗਏ ਹਨ ਜਿਨ੍ਹਾਂ ਨੂੰ ਪਹਿਲੇ ਕਦੇ ਸੁਣਿਆ ਵੀ ਨਹੀਂ ਸੀ। ਇਹ ਤਾਂ ਸਿਲਸਿਲਾ ਉਸੇ ਤਰੀਕੇ ਨਾਲ ਚੱਲ ਰਿਹਾ ਹੈ ਆਦਿਕਾਲ ਤੋਂ।

ਵੈਦ ਲੋਗਾਂ ਨੇ, ਹਕੀਮ ਲੋਗਾਂ ਨੇ ਅਤੇ ਹੁਣ ਵੀਹਵੀਂ ਸਦੀ ਵਿਚ ਡਾਕਟਰਾਂ ਨੇ ਬੜੀ ਮਿਹਨਤ ਕੀਤੀ ਹੈ ਕਿ ਮਨੁੱਖਤਾ ਨੂੰ ਕਿਸੇ ਤਰੀਕੇ ਨਾਲ ਤੰਦਰੁਸਤ ਕਰੀਏ, ਪਰੰਤੂ ਹਮੇਸ਼ਾ ਦੋ ਚਾਰ ਬਿਮਾਰੀਆਂ ਐਸੀਆਂ ਆ ਗਈਆਂ, ਜਿਹੜੀਆਂ ਲਾ ਇਲਾਜ ਸਨ। ਤਪੇਦਿਕ ਕਿਸੇ ਵਕਤ ਲਾ ਇਲਾਜ ਸੀ, ਇਸਦਾ ਕੋਈ ਇਲਾਜ ਨਹੀਂ ਸੀ। ਚੇਚਕ ਲਾ ਇਲਾਜ ਸੀ, ਕੋਈ ਇਲਾਜ ਨਹੀਂ ਸੀ ਤੇ ਜਿਥੇ ਬੰਦੇ ਦਾ ਵੱਸ ਨਹੀਂ ਚੱਲਦਾ ਸੀ, ਕੋਈ ਜੜ੍ਹੀ ਬੂਟੀ ਨਹੀਂ, ਕੋਈ ਇਲਾਜ ਨਹੀਂ ਤਾਂ ਉਸ ਬਿਮਾਰੀ ਨੂੰ ਬੰਦਾ ਪੂਜਣ ਲੱਗ ਪੈਂਦਾ ਸੀ। ਬਈ ਮੱਥਾ ਟੇਕੋ ਇਹਨੂੰ। ਚੇਚਕ ਨੂੰ ਮਾਂ ਆਖਿਆ, ਮਾਂ, ਮਾਤਾ। ਬਈ ਫਲਾਣੇ ਨੂੰ ਮਾਤਾ ਨਿਕਲੀ ਹੈ। ਫਲਾਣੇ ਘਰ ਮਾਤਾ ਆਈ ਹੈ। ਮਾਤਾ ਦਾ ਪੂਜਣ ਕਰੋ। ਹੈ ਤਾਂ ਰੋਗ, ਹੈ ਤਾਂ ਬਿਮਾਰੀ ਪਰ ਮਾਂ ਕਿਉਂ ਆਖਿਆ? ਗੁਸਤਾਖ਼ੀ ਮਾਫ਼ ! ਕਿਸੇ ਵਕਤ ਮਜਬੂਰ ਹੋ ਕੇ ਬੰਦਾ ਗੰਡੇ ਨੂੰ ਵੀ ਸਲਾਮ ਕਰਦਾ ਹੈ। ਮਜਬੂਰ ਹੈ, ਡਰਦਾ ਹੈ ਉਸ ਤੋਂ। ਇਸ ਰੋਗ ਦਾ ਵੀ ਕੋਈ ਇਲਾਜ ਨਹੀਂ ਸੀ। ਸਾਹਮਣੇ ਬੱਚਾ ਇਸ ਰੋਗ ਤੋਂ ਤੜਫਦਾ ਪਿਆ ਹੈ, ਇਹ ਕਿਵੇਂ ਜਾਏ? ਇਸ ਰੋਗ ਨੂੰ ਕਿਵੇਂ ਦੂਰ

ਕਰੀਏ? ਇਲਾਜ ਤਾਂ ਹੈ ਹੀ ਕੋਈ ਨਹੀਂ, ਦਵਾ ਦਾਰੂ ਤਾਂ ਹੈ ਹੀ ਕੋਈ ਨਹੀਂ। ਫਿਰ ਮਨੁੱਖ ਨੇ ਇਸ ਰੋਗ ਨੂੰ ਮਾਂ ਆਖਿਆ। ਮਾਤਾ ਕਹਿਕੇ ਮੱਥਾ ਟੇਕਿਆ, ਪੂਜਿਆ।

ਦੇਸ ਦੀ ਵੰਡ ਤੋਂ ਪਹਿਲਾਂ ਮੈਂ ਐਸੇ ਕਈ ਘਰ ਦੇਖੇ ਜਿਨ੍ਹਾਂ ਬੱਚਿਆਂ ਨੂੰ ਮਾਤਾ ਨਿਕਲ ਆਉਂਦੀ ਸੀ ਤਾਂ ਲੋਕੀਂ ਪੂਜਦੇ ਸਨ, ਉਹਨਾਂ ਦਾ ਪੂਜਣ ਹੁੰਦਾ ਸੀ, ਪਰੰਤੂ ਆਪ ਦੇ ਗਿਆਤ ਲਈ ਅਰਜ਼ ਕਰਾਂ, ਜਿਹੜਾ ਮਿਆਦੀ ਬੁਖ਼ਾਰ ਹੈ, ਜਿਸਨੂੰ ਅੱਜ ਕਲ ਟਾਈਫ਼ਾਈਡ ਕਹਿੰਦੇ ਹਨ, ਇਹਦੀ ਵੀ ਪੂਜਾ ਹੁੰਦੀ ਰਹੀ ਹੈ। ਇਸ ਨੂੰ ਵੀ ਲੋਕੀਂ ਪੂਜਦੇ ਰਹੇ ਹਨ। ਇਲਾਜ ਹੀ ਨਹੀਂ ਸੀ, ਦਵਾਈ ਹੀ ਨਹੀਂ ਸੀ, ਮਜਬੂਰੀ ਸੀ। ਹੱਦ ਹੋ ਗਈ ਹੈ, ਚੰਗੀ ਮਾਂ ਹੈ ਬੱਚੇ 'ਤੇ ਪ੍ਰਗਟ ਹੋਈ। ਕਿਸੇ ਨੂੰ ਅੰਨ੍ਹਾ ਕਰ ਗਈ, ਕਿਸੇ ਨੂੰ ਬਹਿਰਾ ਕਰ ਗਈ, ਕਿਸੇ ਨੂੰ ਗੂੰਗਾ ਕਰ ਗਈ, ਕਿਸੇ ਨੂੰ ਕਰੂਪ ਕਰ ਗਈ। ਇਹ ਚੰਗੀ ਮਾਂ ਹੈ। ਕੀ ਮਾਂ ਦਾ ਇਹੀ ਕੰਮ ਹੈ ਕਿ ਬੱਚੇ ਨੂੰ ਅੰਨ੍ਹਾ ਕਰ ਜਾਏ, ਬੱਚੇ ਨੂੰ ਬਹਿਰਾ ਕਰ ਜਾਏ, ਬੱਚੇ ਨੂੰ ਗੂੰਗਾ ਕਰ ਜਾਏ ਤੇ ਬੱਚੇ ਨੂੰ ਸਾਰੀ ਜ਼ਿੰਦਗੀ ਲਈ ਕਰੂਪ ਕਰ ਜਾਏ। ਪਰ ਬੰਦਾ ਮਾਂ ਕਰਕੇ ਪੂਜਦਾ ਸੀ। ਮਾਤਾ ਹੈ, ਮਾਤਾ ਹੈ। ਚੰਗੀ ਤਰ੍ਹਾਂ ਮੈਨੂੰ ਯਾਦ ਹੈ ਕਿ ਲੱਸੀ ਛਿੜਕਦੇ ਸਨ, ਫੁੱਲ ਅਰਪਣ ਕਰਦੇ ਸਨ। ਲੋਕੀਂ ਗੀਤ ਗਾਉਂਦੇ ਸਨ। ਹੱਥ ਜੋੜਦੇ ਸਨ ਕਿ ਮਾਤਾ ਦਾ ਪੂਜਣ ਹੋ ਰਿਹਾ ਹੈ। ਇਸ ਬਿਮਾਰੀ 'ਤੇ ਕਾਬੂ ਪਾ ਲਿਆ ਹੈ।

ਆਪ ਦੇ ਗਿਆਤ ਲਈ ਅਰਜ਼ ਕਰਾਂ, ਸਾਇੰਸਦਾਨਾਂ ਦਾ ਹੁਣ ਦਾਅਵਾ ਹੈ ਕਿ ਸਾਰੀ ਦੁਨੀਆਂ ਵਿਚ ਵੱਡੀ ਚੇਚਕ ਨਹੀਂ ਹੈ। ਜੇਕਰ ਕਿਧਰੇ ਹੈ ਤਾਂ ਉਹਨਾਂ ਨੇ ਬੜੇ ਬੜੇ ਇਨਾਮ ਦੱਸੇ ਹਨ ਬਈ ਅਸੀਂ ਇਨਾਮ ਦੇਵਾਂਗੇ ਕੋਈ ਦੱਸੇ ਸਾਨੂੰ ਕਿਥੇ ਹੈ। ਛੋਟੇ ਛੋਟੇ ਇਹ ਸਮਾਲ ਪੋਕਸ ਜਿਸਨੂੰ ਖਸਰਾ ਜਿਹਾ ਕਹਿ ਦੇਂਦੇ ਹਨ, ਇਹ ਤਾਂ ਮਾੜਾ ਜਿਹਾ ਬੱਚਿਆਂ ਨੂੰ ਨਿਕਲਦਾ ਹੈ ਪਰ ਉਹ ਜਿਹੜੀ ਵੱਡੀ ਚੇਚਕ ਹੈ ਕਹਿੰਦੇ ਹਨ ਅਜੋਕੇ ਡਾਕਟਰ ਜਾਂ ਸਾਇੰਸ ਕਹਿ ਦੇਈਏ ਕਿ ਸਾਰੀ ਦੁਨੀਆਂ ਵਿਚ ਖ਼ਤਮ ਕਰ ਦਿੱਤੀ ਹੈ। ਅਸੀਂ ਇਹਦਾ ਬੀਜ ਹੀ ਨਾਸ ਕਰ ਦਿੱਤਾ ਹੈ। ਇਸ ਬਿਮਾਰੀ ਦੀਆਂ ਜੜ੍ਹਾਂ ਹੀ ਅਸੀਂ ਪੁੱਟ ਦਿੱਤੀਆਂ ਹਨ।

ਤਪੇਦਿਕ ਦਾ ਵੀ ਇਲਾਜ ਲੱਭ ਪਿਆ ਹੈ। ਟਾਈਫ਼ਾਈਡ ਸੌ ਦੇ ਵਿਚੋਂ ਨੜਿਨਵੇਂ ਮਰੀਜ਼ ਮਰ ਜਾਂਦੇ ਸਨ, ਇਹ ਮਿਆਦੀ ਬੁਖ਼ਾਰ ਸੀ ਅਤੇ 40-42 ਦਿਨ ਰਹਿੰਦਾ ਸੀ। ਇਸ ਦੀ ਮਿਆਦ ਮਿਥੀ ਹੋਈ ਸੀ ਕਿ 42 ਦਿਨ ਇਸ ਨੇ ਰਹਿਣਾ ਹੈ। 42 ਦਿਨ ਬੰਦੇ ਨੂੰ ਖ਼ੁਰਾਕ ਦਿੱਤੀ ਨਹੀਂ ਜਾਂਦੀ ਸੀ ਫਲਾਂ ਦੇ ਰੱਸ ਤੋਂ ਬਿਨਾਂ। 42 ਦਿਨ ਖ਼ੁਰਾਕ ਨਹੀਂ ਦਿੱਤੀ, ਰੋਟੀ ਨਹੀਂ ਦਿੱਤੀ, ਉਸ ਨੂੰ ਉਪਰੋਂ ਤਾਪ ਚੜ੍ਹਿਆ ਹੋਇਆ ਹੁੰਦਾ ਸੀ। ਸੁੱਕ ਕੇ ਲਕੜੀ ਹੋ ਜਾਂਦਾ ਸੀ। ਜੇ 42 ਦਿਨਾਂ ਬਾਅਦ ਕਿਧਰੇ ਤਾਪ ਉਤਰਿਆ ਵੀ ਤਾਂ ਕੋਈ ਹੋਰ ਬਿਮਾਰੀ ਉਸ ਨੂੰ ਚੰਬੜ ਜਾਂਦੀ ਸੀ ਕਿਉਂਕਿ ਕਮਜ਼ੋਰ ਹੋ ਜਾਂਦਾ ਸੀ। ਹੱਡੀਆਂ ਦਾ ਢਾਂਚਾ ਹੋ ਜਾਂਦਾ ਸੀ। ਬਿਮਾਰੀਆਂ ਹੋਰ ਨਵੇਂ ਸਿਰਿਉਂ ਹਮਲਾ ਕਰ ਲੈਂਦੀਆਂ ਸਨ। ਹੁੰਦਾ ਕੀ ਸੀ ਕਿ ਮਿਆਦੀ ਬੁਖ਼ਾਰ ਵਿਚ ਸੌ ਦੇ ਵਿਚੋਂ 99 ਬੰਦੇ ਮਰ ਜਾਂਦੇ ਸਨ ਪਰ ਅੱਜ ਕਾਬੂ ਹੋ ਗਿਆ ਹੈ। 99 ਬੰਦੇ ਬਚਦੇ ਹਨ

ਤੇ ਕੋਈ ਇਕ ਅੱਧ ਗਿਆ ਤੇ ਗਿਆ। ਕਾਬੂ ਹੋ ਗਿਆ, ਪਕੜ ਵਿਚ ਆ ਗਿਆ। ਇਹਨੂੰ ਪਿਤਾ ਜਾਣ ਕੇ ਪੂਜਦੇ ਸਨ। ਮਿਆਦੀ ਬੁਖ਼ਾਰ ਨੂੰ ਦੇਵਤਾ ਜਾਣ ਕੇ ਪੂਜਦੇ ਸਨ। ਅੱਜ ਇਹ ਦੇਵਤਾ ਨਹੀਂ ਹੈ। ਚੇਚਕ ਨੂੰ ਮਾਤਾ ਜਾਣ ਕੇ ਪੂਜਦੇ ਸਨ, ਸਾਰੀ ਦੁਨੀਆਂ ਦੇ ਵਿੱਚ, ਸਿਆਣਿਆਂ ਦੀ ਦੁਨੀਆਂ ਦੇ ਵਿਚ। ਇਹ ਹੁਣ ਮਾਂ ਨਹੀਂ ਰਹੀ। ਇਹਨੂੰ ਕਿਸ ਤਰ੍ਹਾਂ ਮਾਂ ਮੰਨ ਲਈਏ? ਇਹਨੂੰ ਘਰੋਂ ਕੱਢ ਦਿੱਤਾ, ਇਹਦੀਆਂ ਜੜ੍ਹਾਂ ਪੁੱਟ ਦਿੱਤੀਆਂ। ਜੇ ਮਾਂ ਹੀ ਸੀ ਤਾਂ ਇਹਦੀਆਂ ਜੜ੍ਹਾਂ ਪੁੱਟਣ ਦੀ ਕੀ ਲੋੜ ਸੀ। ਜੇ ਮਾਂ ਹੀ ਸੀ ਤਾਂ ਇਹਨੂੰ ਮਾਰਨ ਦੀ ਕੀ ਲੋੜ ਸੀ। ਉਹ ਮਾਂ ਥੋੜ੍ਹੀ ਹੈ ਜੋ ਬੱਚੇ ਨੂੰ ਮਾਰੇ। ਚੇਚਕ ਮਰ ਗਈ। ਸਾਰੀ ਦੁਨੀਆ ਵਿਚ ਖ਼ਤਮ ਹੈ।

ਜਿਥੇ ਬੰਦੇ ਦਾ ਵੱਸ ਨਾ ਚੱਲੇ ਜਿਹਦੇ ਅੱਗੇ ਮਨੁੱਖ ਦੇ ਹੱਥ ਜੁੜ ਜਾਂਦੇ ਹਨ, ਸਾਹਮਣੇ ਗੁੰਡਾ ਛੁਰਾ ਲੈ ਕੇ ਖੜਾ ਹੈ ਤੇ ਬੰਦਾ ਸੋਚੇ ਮੇਰੇ ਕੋਲ ਕੁਛ ਵੀ ਨਹੀਂ ਜਾਂ ਪਿਸਟਲ ਲੈ ਕੇ ਖੜਾ ਹੈ ਤੇ ਮੇਰੇ ਕੋਲ ਕੁਛ ਵੀ ਨਹੀਂ ਤੇ ਮੈਂ ਇਸਦੇ ਨਾਲ ਲੜ ਵੀ ਨਹੀਂ ਸਕਦਾ। ਇਹ ਹੁਣ ਮੈਨੂੰ ਮਾਰ ਦੇਵੇਗਾ। ਇਹਦੇ ਕੋਲ ਭਰਿਆ ਹੋਇਆ ਪਿਸਟਲ ਹੈ। ਹੱਥ ਜੁੜ ਜਾਂਦੇ ਹਨ ਬੰਦੇ ਦੇ ਕਿ ਤੂੰ ਛੱਡ ਦੇ ਮੈਨੂੰ। ਜੋ ਕਹਿੰਦਾ ਹੈਂ ਉਹ ਮੈਨੂੰ ਕਬੂਲ ਹੈ। ਹੱਥ ਜੁੜ ਜਾਂਦੇ ਹਨ ਮਜਬੂਰੀ ਵਿਚ। ਇਸ ਤਰ੍ਹਾਂ ਬਿਮਾਰੀਆਂ ਦੇ ਅੱਗੇ ਮਨੁੱਖ ਦੇ ਮਜਬੂਰੀ ਨਾਲ ਹੱਥ ਜੁੜੇ ਤੇ ਬਿਮਾਰੀਆਂ ਨੂੰ ਕਿਧਰੇ ਦੇਵਤਾ ਆਖਿਆ, ਕਿਧਰੇ ਦੇਵੀ ਆਖਿਆ, ਕਿਧਰੇ ਮਾਂ ਆਖਿਆ, ਕਿਧਰੇ ਪਿਤਾ ਆਖਿਆ ਤੇ ਪੂਜਾ ਹੁੰਦੀ ਰਹੀ। ਪ੍ਰਤਿਸ਼ਠਾ ਹੁੰਦੀ ਰਹੀ।

ਲਫ਼ਜ਼ ਮੈਂ ਫਿਰ ਦੁਹਰਾ ਦੇਵਾਂ, ਮੈਂ ਖ਼ੁਦ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਚੇਚਕ ਕਿਸੇ ਬੱਚੇ ਨੂੰ ਨਿਕਲੀ ਹੈ ਤਾਂ ਸਾਰਾ ਮਹੱਲਾ ਪੂਜਣ ਆਉਂਦਾ ਸੀ। ਉਸ ਬੱਚੇ ਦੀ ਪ੍ਰਕਰਮਾ ਹੋ ਰਹੀ ਹੈ। ਲੋਕੀਂ ਫੁੱਲ ਪਏ ਅਰਪਣ ਕਰਦੇ ਹਨ। ਲੱਸੀ ਪਏ ਛਿੜਕਦੇ ਹਨ। ਗੀਤ ਪਏ ਗਾਉਂਦੇ ਹਨ। ਪੂਜਣ ਪਏ ਕਰਦੇ ਹਨ ਕਿ ਮਾਤਾ ਆਈ ਹੈ ਅਤੇ ਕਮਾਲ ਦੀ ਗੱਲ ਹੈ ਇਹ ਚੰਗੀ ਮਾਂ ਹੈ ਬੱਚੇ ਨੂੰ ਅੰਨ੍ਹਾ ਕਰ ਗਈ ਹੈ, ਬੱਚੇ ਨੂੰ ਗੂੰਗਾ, ਬੱਚੇ ਨੂੰ ਬਹਿਰਾ ਕਰ ਗਈ ਤੇ ਬੱਚੇ ਨੂੰ ਹਮੇਸ਼ਾ ਲਈ ਕਰੂਪ ਕਰ ਗਈ। ਮਾਂ 'ਤੇ ਦਰਅਸਲ ਵੱਸ ਨਹੀਂ ਚੱਲਦਾ ਮਨੁੱਖ ਦਾ ਪਰ ਉਸ ਬਿਮਾਰੀ 'ਤੇ ਅੱਜ ਵੱਸ ਚਲਦਾ ਹੈ ਅਤੇ ਚੱਲ ਗਿਆ ਹੈ। ਅੱਜ ਇਹ ਮਾਂ ਨਹੀਂ ਰਹੀ। ਅੱਜ ਮਿਆਦੀ ਬੁਖ਼ਾਰ ਕੋਈ ਦੇਵਤਾ ਨਹੀਂ ਪਰ ਕਿਸੇ ਵਕਤ ਇਸ ਦੇਸ਼ ਵਿਚ ਤੇ ਕੁਝ ਹੋਰ ਦੇਸ਼ਾਂ ਵਿਚ ਬਿਮਾਰੀਆਂ ਨੂੰ ਵੀ ਦੇਵਤਾ ਜਾਣਕੇ ਪੂਜਿਆ ਗਿਆ। ਮਾਂ ਬਾਪ ਜਾਣ ਕੇ ਪੂਜਿਆ ਗਿਆ। ਪ੍ਰਤਿਸ਼ਠਾ ਕੀਤੀ ਗਈ। ਮੈਂ ਅਰਜ਼ ਕਰਾਂ, ਪੁਰਾਣੇ ਸਮੇਂ ਤੋਂ, ਪ੍ਰਾਚੀਨ ਸਮੇਂ ਤੋਂ ਵੈਦ ਲੋਗਾਂ ਨੇ, ਹਕੀਮ ਲੋਗਾਂ ਨੇ ਅਤੇ ਅੱਜ ਦੇ ਸਮੇਂ ਵਿਚ ਐਲੋਪੈਥਿਕ ਨੇ ਬੜੀ ਮਿਹਨਤ ਕੀਤੀ ਹੈ, ਬੜਾ ਯਤਨ ਕੀਤਾ ਹੈ ਕਿ ਮਨੁੱਖ ਦੇ ਤਨ ਵਿਚੋਂ ਰੋਗ ਕੱਢ ਦੇਈਏ ਕਿਸੇ ਤਰੀਕੇ ਨਾਲ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

☆☆☆

ਸੁਪਨੈ ਸੁਖੁ ਨ ਹੋਈ

ਸੂਹੀ ਮਹਲਾ ੪ ॥

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥ ੧ ॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ ੨ ॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥ ੩ ॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥ ੪ ॥ ੪ ॥

(ਅੰਗ ੭੩੨)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ! ਆਏ ਹੁਕਮਨਾਮੇ ਦੀ ਵਿਚਾਰ ਆਰੰਭ ਕਰੀਏ।

ਸੂਹੀ ਮਹਲਾ ੪ ॥ ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥

ਸੂਹੀ ਰਾਗ ਦੇ ਅੰਦਰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦਾ ਅਮਰ ਵਾਕ ਹੈ। ਜੀਵਨ ਦੇ ਤਿੰਨ ਤੱਲ ਮੰਨੇ ਗਏ ਹਨ-ਪ੍ਰਥਮ ਹੈ ਤਨ। ਤੇ ਤਨ ਨੂੰ ਯੰਤਰ ਆਖਿਆ ਗਿਆ ਹੈ। ਮਸ਼ੀਨ, ਯੰਤਰ। ਕਿਉਂਕਿ ਪੰਜ ਤੱਤ ਦਾ ਤਨ ਹੈ ਤੇ ਪੰਜੇ ਹੀ ਤੱਤ ਜੜ੍ਹ ਹਨ। ਮਸ਼ੀਨ ਵੀ ਜੜ੍ਹ ਹੁੰਦੀ ਹੈ। ਯੰਤਰ ਜੜ੍ਹ ਹੁੰਦੇ ਹਨ ਤਾਂ ਤਨ ਜੜ੍ਹ ਹੈ। ਯੰਤਰ ਹੈ। ਮਨ ਮੰਤਰ ਹੈ। ਮੰਤਰ ਸ਼ਬਦ ਮਨ ਇਕੋ ਧਾਤੂ ਤੋਂ ਬਣੇ ਹਨ। ਮੰਤਰ ਜਿਸਦੇ ਵਿਚ ਮਨ ਹੈ। ਮੰਤਰ ਜਿਵੇਂ ਕਹਿੰਦੇ ਹਨ ਸੁਤੰਤਰ। ਜਿਸਦੇ ਵਿਚ ਮੇਰਾ ਆਪਾ ਹੈ, ਜਿਸਦੇ ਵਿਚ ਮੈਂ ਖ਼ੁਦ ਹਾਂ। ਇਹ ਨਹੀਂ ਕਿ ਗੱਲ

ਮੇਰੇ ਉਤੇ ਥੋਪੀ ਗਈ ਹੈ, ਮਜਬੂਰਨ ਮੈਂ ਮੰਨਦਾ ਪਿਆ ਹਾਂ, ਨਹੀਂ। ਸੁਆਇੰਮ ਤੰਤਰ। ਉਸ ਤੰਤਰ ਦੇ ਵਿਚ ਮੇਰਾ ਸਭ ਕੁਝ ਹੈ। ਮੇਰਾ ਸੁਭਾਅ, ਮੇਰਾ ਜੀਵਨ, ਮੇਰੀ ਚਾਹਤ, ਮੇਰੀ ਕਾਮਨਾ, ਸੁਆਇਮ ਤੰਤਰ, ਜਿਸਨੂੰ ਛੋਟੇ ਰੂਪ ਵਿਚ ਕਹਿੰਦੇ ਹਨ ਸੁਤੰਤਰ। ਮੰਤਰ ਇਹ ਵੀ ਪੂਰਾ ਸ਼ਬਦ ਬਣਦਾ ਹੈ, ਮਨ ਤੰਤਰ, ਮੰਤਰ। ਮਨ ਜਿਸ ਵਿਚ ਸ਼ਾਮਿਲ ਹੋਵੇ, ਮੰਤਰ। ਤਨ ਜਿਸ ਵਿਚ ਸ਼ਾਮਿਲ ਹੋਇਆ ਹੈ, ਯੰਤਰ, ਮਸ਼ੀਨ। ਪਰ ਆਤਮਾ ਜਿਸ ਵਿਚ ਸ਼ਾਮਿਲ ਹੋਈ ਹੈ, ਸੁਆਇੰਮ ਤੰਤਰ। ਜਿਸ ਵਿਚ ਮੇਰਾ ਸਭ ਕੁਝ ਸ਼ਾਮਿਲ ਹੋ ਗਿਆ ਹੈ। ਧਾਰਮਿਕ ਜਗਤ ਦੇ ਵਿਚ ਇਹਨਾਂ ਦੀ ਗੱਲ ਹੈ। ਯੰਤਰ, ਮੰਤਰ, ਤੰਤਰ।

ਇਹ ਮੈਂ ਇਸ ਵਾਸਤੇ ਅਰਜ਼ ਪਿਆ ਕਰਦਾ ਹਾਂ ਕਿ ਜੇਕਰ ਇਕ ਟੇਪ ਰਿਕੋਰਡ ਵਿਚ ਸਾਰਾ ਦਿਨ ਗੁਰਬਾਣੀ ਪਈ ਚੱਲਦੀ ਰਹੀ ਹੈ। ਕੈਸਟ ਚੱਲਦੀ ਰਹੇ। ਸਾਰੀ ਰਾਤ ਚੱਲਦੀ ਰਹੇ। 24 ਘੰਟੇ ਕੀਰਤਨ ਚੱਲਦਾ ਰਹੇ ਤਾਂ ਕੀ ਉਸ ਟੇਪ ਰਿਕੋਰਡ ਨੂੰ ਕਹਿ ਦੇਵਾਂਗੇ ਕਿ ਇਹ ਅਖੰਡ ਕੀਰਤਨੀਆ ਹੈ? ਨਹੀਂ, ਉਹ ਜੰਤਰ ਹੈ, ਮਸ਼ੀਨ ਹੈ। ਭਾਵੇਂ 18 ਸਾਲ ਵਜਦੀ ਰਹੇ। 24 ਸਾਲ ਕਰਦੀ ਰਹੇ ਕੀਰਤਨ ਪਰ ਮਸ਼ੀਨ, ਮਸ਼ੀਨ ਹੈ। ਉਸਨੇ ਬ੍ਰਹਮ ਗਿਆਨੀ ਨਹੀਂ ਬਣਨਾ। ਚੱਲ ਚੱਲ ਕੇ ਮਸ਼ੀਨ ਘਿੱਸ ਸਕਦੀ ਹੈ। ਚੱਲ ਚੱਲ ਕੇ ਮਸ਼ੀਨ ਖ਼ਰਾਬ ਹੋ ਸਕਦੀ ਹੈ ਅਤੇ ਚੱਲ ਚੱਲ ਕੇ ਮਸ਼ੀਨ ਟੁੱਟ ਸਕਦੀ ਹੈ। ਪਰ ਮਸ਼ੀਨ ਦੇ ਤੱਲ 'ਤੇ ਜੋ ਕੁਝ ਕੀਤਾ ਗਿਆ ਹੈ, ਉਸਨੂੰ ਯੰਤਰ ਕਹਿੰਦੇ ਹਨ ਤੇ ਯੰਤਰ ਕੋਈ ਬਹੁਤ ਗਹਿਰਾ ਨਹੀਂ ਹੁੰਦਾ। ਲੋੜ ਹੈ ਯੰਤਰਾਂ ਦੀ। ਲੋੜ ਹੈ ਮਸ਼ੀਨਾਂ ਦੀ ਵੀ। ਇਹ ਜਿਹੜਾ ਯੰਤਰ ਹੈ ਸਾਡੇ ਕੋਲ ਸਰੀਰ, ਯੰਤਰ ਹੈ, ਮਸ਼ੀਨ ਹੈ। ਗਿਆਨ-ਇੰਦਰੇ ਇਹ ਹੱਥ ਪੈਰ ਤੇ ਕਰਮ-ਇੰਦਰੇ ਇਸਦੇ ਹਿੱਸੇ ਹਨ। ਇਹ ਸਭ ਮਸ਼ੀਨ ਦੇ ਪੁਰਜ਼ੇ ਹਨ। ਮੈਂ ਮੱਥਾ ਟੇਕਿਆ। ਉਸ ਵਿਚ ਮੇਰਾ ਮਨ ਨਹੀਂ, ਉਹ ਯੰਤਰ ਹੈ। ਮੈਂ ਮੱਥਾ ਵੀ ਨਹੀਂ ਟੇਕਿਆ ਪਰ ਮੇਰਾ ਮਨ ਝੁਕ ਗਿਆ ਹੈ। ਮੈਂ ਸਿਰ ਵੀ ਨਹੀਂ ਝੁਕਾਇਆ ਪਰ ਮਨ ਝੁਕ ਗਿਆ ਹੈ, ਪਰ ਇਕ ਤੀਸਰੀ ਅਵਸਥਾ ਹੈ, ਜਿਸਨੂੰ ਤੰਤਰ ਕਹਿੰਦੇ ਹਨ। ਇਹ ਮੈਂ ਇਸ ਵਾਸਤੇ ਅਰਜ਼ ਪਿਆ ਕਰਦਾ ਹਾਂ, ਕਿਉਂਕਿ ਇਹ ਪਹਿਲੀ ਪੰਗਤੀ ਹੈ, ਖ਼ਿਆਲ ਮੈਨੂੰ ਇਸੇ ਨੇ ਦੇ ਦਿੱਤੇ ਹਨ-

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥

ਰੋਜ਼ ਹਰੀ ਹਰੀ ਜੱਪ ਰਿਹਾ ਹੈ। ਅੱਲਾਹ ਹੂ ਅੱਲਾਹ ਹੂ ਜੱਪ ਰਿਹਾ ਹੈ। ਵਾਹਿਗੁਰੂ ਵਾਹਿਗੁਰੂ ਜੱਪ ਰਿਹਾ ਹੈ। ਯਾਂਤਰਿਕ, ਮਸ਼ੀਨੀ। ਯੰਤਰ ਪਾਠ ਪਿਆ ਕਰਦਾ ਹੈ। ਯੰਤਰ ਕੀਰਤਨ ਪਿਆ ਕਰਦਾ ਹੈ। ਯੰਤਰ ਹੀ ਕਥਾ ਕਰ ਰਿਹਾ ਹੈ। ਯੰਤਰ ਸੇਵਾ ਪਿਆ ਕਰ ਰਿਹਾ ਹੈ। ਯੰਤਰ ਹੀ ਦਾਨ ਪੁੰਨ ਪਿਆ ਕਰਦਾ ਹੈ। ਜ਼ਬਾਨ ਮੇਰੀ ਬਾਣੀ ਪੜ੍ਹ ਰਹੀ ਹੈ। ਉਸ ਵਿਚ ਮੇਰਾ ਮਨ ਸ਼ਾਮਿਲ ਨਹੀਂ। ਇਹ ਯੰਤਰ, ਮੰਤਰ ਨਹੀਂ। ਜ਼ਬਾਨ ਮੇਰੀ ਵਾਹਿਗੁਰੂ ਵਾਹਿਗੁਰੂ ਕਰ ਰਹੀ ਹੈ। ਇਸ ਵਿਚ ਮੇਰਾ ਮਨ ਸ਼ਾਮਿਲ ਨਹੀਂ ਹੈ। ਇਹ ਯੰਤਰ ਹੈ। ਮੰਤਰ ਨਹੀਂ ਹੈ। ਸਰੀਰ ਮੇਰਾ ਝੁਕ ਰਿਹਾ ਹੈ। ਮਹਾਰਾਜ ਦੇ ਅੱਗੇ ਮੈਂ ਮੱਥਾ ਟੇਕ ਰਿਹਾ ਹਾਂ, ਇਸ ਵਿਚ ਮੇਰਾ ਮਨ ਨਹੀਂ

ਹੈ। ਇਹ ਯੰਤਰ ਹੈ, ਮੰਤਰ ਨਹੀਂ। ਸੇਵਾ ਮੈਂ ਕਰ ਰਿਹਾ ਹਾਂ। ਹੱਥ ਕਰ ਰਹੇ ਹਨ। ਉਸ ਵਿਚ ਮੇਰਾ ਮਨ ਨਹੀਂ। ਇਹ ਯੰਤਰ ਹੈ। ਮੰਤਰ ਨਹੀਂ।

ਧਾਰਮਿਕ ਜਗਤ ਵਿਚ ਅਹਿਮੀਅਤ ਵੀ ਮੰਤਰ ਤੋਂ ਸ਼ੁਰੂ ਹੁੰਦੀ ਹੈ, ਯੰਤਰ ਤੋਂ ਨਹੀਂ। ਇਹ ਗੱਲ ਵੱਖਰੀ ਹੈ ਕਿ ਜੋਤਸ਼ੀਆਂ ਦੀ ਦੁਨੀਆਂ ਵਿਚ, ਨਜੂਮੀਆਂ ਦੀ ਦੁਨੀਆਂ ਵਿਚ, ਵਹਿਮੀਆਂ ਦੀ ਦੁਨੀਆਂ ਵਿਚ, ਸ਼ਗਨ ਅਪਸ਼ਗਨ ਮੰਨਣ ਵਾਲਿਆਂ ਦੀ ਦੁਨੀਆਂ ਵਿਚ ਯੰਤਰ ਦੀ ਵੀ ਆਪਣੀ ਗੱਲ ਹੈ। ਬਹੁਤ ਕੁਝ ਉਹਨਾਂ ਦਾ ਯਾਂਤਰਿਕ ਹੈ, ਮਸ਼ੀਨੀ ਹੈ ਜਾਂ ਇੰਝ ਕਹਿ ਲਉ ਧਾਰਮਿਕ ਜਗਤ ਵਿਚ ਜੋ ਕੁਝ ਵੀ ਚੱਲ ਰਿਹਾ ਹੈ, ਗੁਰਦੁਆਰੇ ਦੇ ਵਿਚ, ਮੰਦਿਰ ਦੇ ਵਿਚ, ਮਸਜਿਦ ਦੇ ਵਿਚ, ਚਰਚ ਦੇ ਵਿਚ, ਬੋਧ ਮੱਠਾਂ ਦੇ ਵਿਚ ਜੋ ਕੁਝ ਵੀ ਚੱਲ ਰਿਹਾ ਹੈ, ਯਾਂਤਰਿਕ ਹੈ, ਮਸ਼ੀਨੀ ਹੈ। 90% ਉਹ ਮੰਤਰ ਨਹੀਂ ਹੈ, ਯੰਤਰ ਹੈ। ਮਸ਼ੀਨਾਂ ਨਾਲ ਵੀ ਭਾਂਡੇ ਮਾਂਜੇ ਜਾਂਦੇ ਹਨ। ਮਸ਼ੀਨਾਂ ਨੂੰ ਲਾ ਲਈਏ ਲੰਗਰ ਦੇ ਭਾਂਡੇ ਸਾਫ਼ ਕਰੇ।

ਮੈਂ ਦੇਖਿਆ ਹੈ, ਵਿਦੇਸ਼ਾਂ ਦੇ ਵਿਚ, ਕਈ ਥਾਵਾਂ 'ਤੇ ਮਸ਼ੀਨਾਂ ਲੱਗ ਗਈਆਂ ਹਨ। ਸਾਰਾ ਦਿਨ ਜਿੱਥੇ ਲੰਗਰ ਚੱਲਦਾ ਹੈ, ਉਥੇ ਮਸ਼ੀਨਾਂ ਲੱਗ ਗਈਆਂ ਹਨ ਅਤੇ ਏਅਰ ਕਲੀਨਰ ਜਿਹੜਾ ਹੈ, ਉਥੇ ਹਵਾ ਦੇ ਪ੍ਰੈਸ਼ਰ ਨਾਲ ਮਸ਼ੀਨਾਂ ਫ਼ਰਸ਼ ਸਾਫ਼ ਕਰਦੀਆਂ ਹਨ। ਕਲੀਨ ਸਾਫ਼ ਕਰਦੀਆਂ ਹਨ। ਝਾੜੂ ਦੇਣ ਦੀ ਲੋੜ ਹੀ ਨਹੀਂ। ਹੁਣ ਮਸ਼ੀਨ ਸਫ਼ਾਈ ਪਈ ਕਰਦੀ ਹੈ। ਇਸਨੂੰ ਕਹੀਏ ਕਿ ਬਹੁਤ ਵੱਡੀ ਸੇਵਾ ਪਈ ਕਰਦੀ ਹੈ, ਗੁਰਮੁਖ ਹੈ। ਇਹ ਮਸ਼ੀਨ ਬੜੀ ਗੁਰਮੁਖ ਹੈ। ਆਖਾਂਗੇ ਇਹ ਤਾਂ ਯਾਂਤਰਿਕ ਹੈ। ਯੰਤਰ ਹੈ।

ਮਸ਼ੀਨਾਂ ਭਾਂਡੇ ਪਈਆਂ ਮਾਂਜਦੀਆਂ ਹਨ। ਮਸ਼ੀਨਾਂ ਕੱਪੜੇ ਪਈਆਂ ਧੋਂਦੀਆਂ ਹਨ। ਮਸ਼ੀਨਾਂ ਫ਼ਰਸ਼ ਸਾਫ਼ ਪਈਆਂ ਕਰਦੀਆਂ ਹਨ। ਮਸ਼ੀਨਾਂ ਕੀਰਤਨ ਪਈਆਂ ਕਰਦੀਆਂ ਹਨ। ਮਸ਼ੀਨਾਂ ਕਥਾ ਪਈਆਂ ਕਰਦੀਆਂ ਹਨ। ਮਸ਼ੀਨ ਸੇਵਾ ਕਰ ਰਹੀ ਹੈ ਤਾਂ ਇਹਨਾਂ ਮਸ਼ੀਨਾਂ ਨੂੰ ਕਹਿ ਦੇਈਏ ਬ੍ਰਹਮ ਗਿਆਨੀ ਹਨ। ਇਹ ਗੁਰਮੁਖ ਹਨ। ਇਹ ਬੜਾ ਸਤਿਸੰਗੀ ਹੈ ਟੇਪਰਿਕੋਰਡਰ। ਇਹ ਵੇਕੂਡ ਬੜਾ ਸਤਿਸੰਗੀ ਹੈ। ਸਾਰਾ ਦਿਨ ਫ਼ਰਸ਼ ਸਾਫ਼ ਕਰਦਾ ਹੈ।

ਜੈਸੇ ਜੈਸੇ ਮਨੁੱਖ ਦੀ ਮਸਰੂਫੀਅਤ ਧਨ ਕਮਾਉਣ ਵਿਚ ਵੱਧੀ ਹੈ, ਇਸਦੇ ਕੋਲ ਸਮਾਂ ਨਹੀਂ ਰਿਹਾ ਅਤੇ ਘਰੇਲੂ ਜਾਂ ਇਸਦਾ ਨਿੱਜੀ ਕੰਮ ਹੁਣ ਮਸ਼ੀਨਾਂ ਕਰਨ ਲੱਗ ਪਈਆਂ ਹਨ। ਕਿਤਨਾ ਵੀ ਮਸ਼ੀਨ ਕੰਮ ਕਰ ਲਵੇ। ਠੀਕ ਹੈ ਕੁਝ ਸਹੂਲੀਅਤ ਹੋ ਸਕਦੀ ਹੈ ਪਰ ਮਸ਼ੀਨ ਬ੍ਰਹਮ ਗਿਆਨੀ ਨਹੀਂ ਬਣਦੀ। ਸਰੀਰ ਸਾਡੇ ਕੋਲ ਯੰਤਰ ਹੈ। ਮਨ ਸਾਡੇ ਕੋਲ ਮੰਤਰ ਹੈ। ਆਤਮਾ ਸਾਡੇ ਕੋਲ ਤੰਤਰ ਹੈ। ਇਹ ਜੋ ਬੁਨਿਆਦੀ ਨੁਕਤਾ ਤੁਹਾਡੇ ਸਾਹਮਣੇ ਰੱਖਦਾ ਪਿਆ ਹਾਂ ਇਸ ਦੀ ਪ੍ਰੇਰਨਾ ਮਿਲ ਗਈ ਹੈ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਇਸ ਵਾਕ ਤੋਂ। 50-50 ਸਾਲ ਤੋਂ ਲੋਕੀ ਸਤਿਸੰਗ ਕਰ ਰਹੇ ਹਨ। ਗੁਰਦੁਆਰੇ ਆ ਰਹੇ ਹਨ। ਦੋ ਸ਼ਬਦ ਬਰਦਾਸ਼ਤ ਕਰ ਲੈਣਾ। ਬੈਠੇ ਹੁੰਦੇ ਹਨ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਵਿਚ। ਕਈ ਮੈਨੂੰ ਮਸ਼ੀਨਾਂ ਹੀ ਦਿਖਾਈ ਦਿੰਦੀਆਂ ਹਨ। ਮਨ ਉਹਨਾਂ ਦਾ ਉਥੇ ਨਹੀਂ ਹੁੰਦਾ। ਕੌਣ ਮੱਥਾ ਟੇਕਦਾ

ਪਿਆ ਹੈ, ਕੌਣ ਆਇਆ ਹੈ, ਕੌਣ ਗਿਆ ਹੈ, ਮਨ ਇਸ ਪਾਸੇ ਹੁੰਦਾ ਹੈ।

ਜਿਹੜਾ ਕੰਮ ਮਨ ਨਾਲ ਨਾ ਕੀਤਾ ਜਾਏ, ਉਹ ਮੰਤਰ ਨਹੀਂ ਹੈ। ਮਨ ਦਾ ਤੰਤਰ ਉਸ ਵਿਚ ਨਹੀਂ ਹੈ। ਜਿਸਦੇ ਵਿਚ ਸਿਰਫ਼ ਸਰੀਰ ਹੈ, ਇਹ ਤਾਂ ਯਾਂਤਰਿਕ ਹੈ। ਇਹੀ ਕਾਰਨ ਹੈ ਕਿ ਚੱਲਦਿਆਂ ਚੱਲਦਿਆਂ ਮਸ਼ੀਨਾਂ ਘਿੱਸ ਜਾਂਦੀਆਂ ਹਨ ਤੇ ਸੇਵਾ ਕਰਦਿਆਂ-ਕਰਦਿਆਂ, ਪਾਠ ਕਰਦਿਆਂ-ਕਰਦਿਆਂ, ਕੀਰਤਨ ਕਰਦਿਆਂ-ਕਰਦਿਆਂ, ਕਈ ਬੁੱਢੇ ਹੋ ਗਏ ਹਨ, ਘਿੱਸ ਗਏ ਹਨ। ਘਿੱਸ ਗਈ ਹੈ ਮਸ਼ੀਨ। ਪੁਰਾਣੀ ਹੋ ਗਈ ਹੈ।

ਮੈਂ ਸੇਵਾ ਕਰ ਰਿਹਾ ਹਾਂ। ਉਸ ਵਿਚ ਮੇਰਾ ਮਨ ਸ਼ਾਮਿਲ ਹੈ। ਮਨ ਦੇ ਭਾਵ ਸ਼ਾਮਿਲ ਹਨ। ਗੁਰੂ ਦੀ ਸੇਵਾ ਕਰ ਰਿਹਾ ਹਾਂ। ਸੰਗਤ ਦੀ ਸੇਵਾ ਕਰ ਰਿਹਾ ਹਾਂ। ਜਿਸ ਸੰਗਤ ਵਿਚ ਹਰੀ ਆਪ ਵੱਸਦਾ ਹੈ। ਮੇਰਾ ਇਸ ਤਰ੍ਹਾਂ ਦਾ ਖ਼ਿਆਲ ਹੋਵੇ। ਮੇਰੀ ਇਹ ਸੋਚਣੀ ਹੋਵੇ। ਮੇਰੀ ਯਾਦ ਵਿਚ ਇਹ ਚਲੇ ਤਾਂ ਇਹ ਸੇਵਾ ਮੰਤਰ ਹੈ, ਯੰਤਰ ਨਹੀਂ ਹੈ। ਮੈਂ ਪਾਠ ਕਰ ਰਿਹਾ ਹਾਂ। ਇਸਦੇ ਵਿਚ ਮੇਰਾ ਮਨ ਹੈ। ਇਹ ਮੰਤਰ ਹੈ। ਮਨ ਨਹੀਂ ਹੈ ਤਾਂ ਯੰਤਰ ਹੈ। ਮਸ਼ੀਨ ਹੈ। ਕਰਦਾ ਰਹਿ। 18-18 ਘੰਟੇ ਅਖੰਡ ਪਾਠ ਕਰਨ ਵਾਲੇ ਮੈਂ ਪਾਠੀ ਦੇਖੇ ਹਨ। ਆਮ ਬੰਦਿਆਂ ਨਾਲੋਂ ਵੀ ਉਹਨਾਂ ਦੀ ਜ਼ਿੰਦਗੀ ਥੱਲੇ ਹੈ। ਕੁਝ ਵੀ ਨਹੀਂ ਹੈ। ਇਕ ਪਾਠ ਤੋਂ ਉੱਠੇ, ਦੂਜੇ 'ਤੇ। ਦੂਜੇ ਤੋਂ ਉੱਠੇ ਤੀਜੇ 'ਤੇ। ਸਾਰਾ ਸਾਰਾ ਦਿਨ ਸੇਵਾ ਕਰਨ ਵਾਲੇ ਵੀ ਮੈਂ ਦੇਖੇ ਹਨ ਅਤੇ ਬੜਾ ਕੌੜਾ ਬੋਲਦੇ ਹਨ। ਸੇਵਾ ਵਿਚ ਜੇਕਰ ਮਨ ਸ਼ਾਮਿਲ ਹੋਇਆ ਹੁੰਦਾ ਤਾਂ ਸੇਵਾ ਨੇ ਤਾਂ ਅੰਮ੍ਰਿਤਮਈ ਬਣਾ ਦੇਣਾ ਸੀ।

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ (ਅੰਗ ੪੨੩)

ਵਾਹਿਗੁਰੂ ਵਾਹਿਗੁਰੂ ਜੋ ਜੱਪ ਰਿਹਾ ਹੈ ਸਿਰਫ਼ ਇਹੀ ਤੱਪ ਨਹੀਂ। ਸੇਵਾ ਜੋ ਕਰ ਰਿਹਾ ਹੈ, ਉਹ ਵੀ ਤੱਪ ਹੈ। ਮੱਥਾ ਜੋ ਟੇਕ ਰਿਹਾ ਹੈ, ਭਾਵਨਾ ਨਾਲ, ਇਹ ਵੀ ਤੱਪ ਹੈ। ਇਹ ਵੀ ਜੱਪ ਹੈ। ਯੰਤਰ ਦੇ ਨਾਲ ਮਨ ਸ਼ਾਮਿਲ ਕਰ ਲਈਏ, ਮੰਤਰ ਹੋ ਜਾਂਦਾ ਹੈ ਅਤੇ ਮੰਤਰ ਵਿਚ ਆਤਮਾ ਸ਼ਾਮਿਲ ਕਰ ਲਈਏ ਤਾਂ ਸਭ ਕੁਝ ਮਿੱਟ ਜਾਏ, ਕੁਝ ਵੀ ਨਹੀਂ, ਮਨ ਵੀ ਨਹੀਂ ਤੇ ਉਹ ਹੋ ਜਾਂਦਾ ਹੈ ਤੰਤਰ। ਤੰਤਰ ਹੀ ਪ੍ਰਮਾਤਮਾ ਹੈ। ਸੁਆਇੰਮ ਤੰਤਰ। ਮੁਕਤੀ, ਅਜ਼ਾਦੀ, ਜਿਸਨੂੰ ਅਸੀਂ ਕਹਿੰਦੇ ਹਾਂ ਸੁਤੰਤਰਤਾ। ਸੁਆਇੰਮ ਦਾ ਤੰਤਰ। ਆਤਮਾ ਦਾ ਤੰਤਰ। ਪ੍ਰਭੂ ਦਾ ਤੰਤਰ। ਉਹ ਤਾਂ ਫਿਰ ਪ੍ਰਮਾਤਮਾ ਹੀ ਪ੍ਰਮਾਤਮਾ ਹੈ।

ਕਹਿੰਦੇ ਹਨ ਮਨਸੂਰ ਦੀ ਜ਼ਬਾਨ ਤੋਂ ਜੱਦ ਨਿਕਲਿਆ ਅਨਲਹੱਕ ਤਾਂ ਉਸਦੇ ਵਿੱਦਿਆ ਗੁਰੂ ਜੁਨੈਦ ਨੇ ਆਖਿਆ ਕਿ ਮੈਂ ਸਮਝਦਾ ਹਾਂ, ਜਿਹੜੀ ਅਵਸਥਾ ਤੇਰੀ ਬਣ ਗਈ ਹੈ, ਹੁਣ ਤੂੰ ਅਨਲਹੱਕ ਨਹੀਂ ਕਹਿਣਾ। ਕਿਉਂ? ਤੂੰ ਖ਼ੁਦ ਵੀ ਫੱਸੇਂਗਾ ਤੇ ਮੈਂ ਵੀ ਫੱਸਾਂਗਾ। ਕਿਉਂਕਿ ਮੈਂ ਤਾਂ ਵਿੱਦਿਆ ਗੁਰੂ ਹਾਂ। ਤੈਨੂੰ ਇਸ ਪਾਸੇ ਲਾਉਣ ਵਾਲਾ। ਇਹ ਗੱਲ ਵੱਖਰੀ ਹੈ, ਤੇਰੀ ਅਵਸਥਾ ਅੱਗੇ ਚੱਲੀ ਗਈ ਹੈ, ਪਰ ਤੇਰੀ ਇਸ ਕੀਤੀ ਦਾ, ਇਸ ਅਵਸਥਾ ਦਾ ਇਲਜ਼ਾਮ ਮੇਰੇ 'ਤੇ ਆਵੇਗਾ। ਤੂੰ ਇਹ ਅਨਲਹੱਕ ਨਹੀਂ ਕਹਿਣਾ। ਪਤਾ ਹੈ ਮਨਸੂਰ ਕੀ

ਆਖਦਾ ਹੈ ਆਪਣੇ ਵਿੱਦਿਆ ਗੁਰੂ ਨੂੰ। ਅਨਲਹੱਕ ਮਨਸੂਰ ਨਹੀਂ ਕਹਿੰਦਾ। ਇਹ ਜੋ ਕਹਿੰਦਾ ਹੈ ਉਸਦੇ ਉੱਤੇ ਮੇਰਾ ਕਹਿਣਾ ਚੱਲਦਾ ਹੀ ਨਹੀਂ। ਮੇਰਾ ਹੁਕਮ ਚੱਲਦਾ ਹੀ ਨਹੀਂ। ਇਹ ਉਹ ਕਹਿੰਦਾ ਹੈ, ਜਿੱਥੋਂ ਤੱਕ ਮਨਸੂਰ ਦੀ ਪਹੁੰਚ ਕੋਈ ਨਹੀਂ। ਜੁਨੇਦ ਕਹਿੰਦਾ ਹੈ ਕਿ ਮੈਂ ਸਮਝਦਾ ਹਾਂ। ਇਸ ਅਵਸਥਾ ਨੂੰ ਮੈਂ ਸਮਝਦਾ ਹਾਂ। ਤੂੰ ਕੰਟਰੋਲ ਕਰ। ਕਾਬੂ ਕਰ। ਨਹੀਂ ਤਾਂ ਫ਼ਤਵਾ ਤੇਰੇ 'ਤੇ ਵੀ ਲੱਗੇਗਾ ਤੇ ਮੇਰੇ 'ਤੇ ਵੀ ਲੱਗੇਗਾ।

ਇਸਲਾਮੀ ਦੁਨੀਆਂ ਵਿਚ ਇਸ ਤਰ੍ਹਾਂ ਹੀ ਹੈ। ਜਿਹੜੀ ਗੱਲ ਸ਼ਰ੍ਹਾ ਨਾਲ ਮੇਲ ਨਹੀਂ ਖਾਂਦੀ, ਫ਼ਤਵਾ ਆਇਦ ਕਰ ਦਿਉ। ਫ਼ਤਵਾ ਲਗਾ ਦਿਉ ਅਤੇ ਉਸ ਫਤਵੇ ਦੇ ਵਿਚ ਸਜ਼ਾਏ ਮੌਤ ਹੀ ਹੁੰਦੀ ਹੈ ਅਕਸਰ। ਮਨਸੂਰ ਕਹਿੰਦਾ ਹੈ ਮੈਂ ਤਾਂ ਕਹਿੰਦਾ ਹੀ ਨਹੀਂ। ਜਿਹੜਾ ਅਨਲਹੱਕ ਕਹਿੰਦਾ ਹੈ, ਉਸਨੂੰ ਕਹੋ ਤੁਸੀਂ। ਮੈਂ ਤਾਂ ਕਹਿੰਦਾ ਹੀ ਨਹੀਂ। ਇਕ ਦਫ਼ਾ ਬਿਸਮਾਦ ਤਾਰੀ ਹੋ ਗਿਆ ਜੁਨੇਦ 'ਤੇ। ਜੁਨੇਦ ਇਤਨਾ ਹੀ ਬੋਲਿਆ, ਐ ਮੇਰੇ ਬੱਚੇ! ਫੱਸੇਂਗਾ ਤੂੰ। ਫੱਸਾਂਗਾ ਮੈਂ ਵੀ। ਇਹ ਵੀ ਠੀਕ ਹੈ। ਉਹ ਅਨਲਹੱਕ ਤੂੰ ਨਹੀਂ ਕਹਿੰਦਾ ਤੇ ਮੈਂ ਰੋਕ ਸਕਾਂ, ਉਸ ਤੱਕ ਮੇਰੇ ਬੋਲ ਵੀ ਨਹੀਂ ਪਹੁੰਚਦੇ। ਐਸਾ ਮਨੁੱਖ ਇੰਝ ਕਹਿ ਲਉ ਤਾਂਤਰਿਕ ਹੋ ਗਿਆ। ਆਤਮਾ ਦੇ ਤੱਲ 'ਤੇ ਜੀਅ ਰਿਹਾ ਹੈ। ਯਾਂਤਰਿਕ ਗੱਲ ਮਿੱਟ ਗਈ। ਮੰਤਰ ਵੀ ਮਿੱਟ ਗਏ। ਇਸ ਤਰ੍ਹਾਂ ਦਾ ਮਨੁੱਖ ਆਪਣੀ ਤਰਫੋਂ ਕਿਸੇ ਮੰਤਰ ਦਾ ਜੱਪ ਨਹੀਂ ਕਰਦਾ। ਮੰਤਰ ਉਸਦੇ ਅੰਦਰ ਚੱਲਦਾ ਹੈ। ਉਹ ਤੰਤਰ ਹੋ ਜਾਂਦਾ ਹੈ।

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥

(ਅੰਗ ੭੯੫)

ਵਾਹਿਗੁਰੂ ਵਾਹਿਗੁਰੂ ਮੈਂ ਕਰਦਾ ਸੀ। ਉਹ ਹੁਣ ਮੈਂ ਨਹੀਂ ਕਰਦਾ। ਪਰ ਇਕ ਧੁਨੀ ਅੰਦਰ ਚੱਲਦੀ ਹੈ। ਉਹ ਤਾਂ ਤੰਤਰ ਹੋ ਗਿਆ ਅਤੇ ਉਹੀ ਧੁਨੀ ਸਾਰੇ ਬ੍ਰਹਿਮੰਡ ਵਿਚ ਚੱਲਦੀ ਹੈ। ਉਹ ਠਾਕੁਰ ਸਦਾ ਬੋਲਦਾ ਪਿਆ ਹੈ ਅਤੇ ਸਭ ਜਗ੍ਹਾ ਉਸਦੀ ਆਵਾਜ਼ ਗੂੰਜਦੀ ਪਈ ਹੈ। ਸਦਾ ਵੇਖਦਾ ਪਿਆ ਹੈ ਅਤੇ ਸਭ ਜਗ੍ਹਾ ਵੇਖਦਾ ਪਿਆ ਹੈ। ਸਦਾ ਸੁਣਦਾ ਪਿਆ ਹੈ ਅਤੇ ਸਭ ਜਗ੍ਹਾ ਸੁਣਦਾ ਪਿਆ ਹੈ। ਉਸਦੇ ਕੰਨ ਸੀਮਤ ਨਹੀਂ ਹੁੰਦੇ ਅਤੇ ਉਸਦੇ ਕੰਨ ਇਸ ਤਰ੍ਹਾਂ ਦੇ ਨਹੀਂ ਹਨ। ਉਹ ਤਾਂ ਇਕ ਵਿਆਪਕ ਸ਼ਕਤੀ ਹੈ। ਉਸਦੀ ਸ੍ਰੋਤ ਵਿਆਪਕ ਹੈ। ਉਸਦਾ ਸੁਣਨਾ ਵਿਆਪਕ ਹੈ। ਉਸਦਾ ਦੇਖਣਾ ਵਿਆਪਕ ਹੈ। ਉਸਦਾ ਬੋਲ ਵੀ ਵਿਆਪਕ ਹੈ। ਜਦ ਉਸਦੀ ਹੋਂਦ ਵਿਆਪਕ ਹੈ ਤਾਂ ਉਸਦੇ ਬੋਲ ਵੀ ਵਿਆਪਕ ਹਨ।

ਅਸੀਂ ਵਿਆਪਕ ਨਹੀਂ ਹਾਂ। ਸਾਡੇ ਬੋਲ ਵਿਆਪਕ ਨਹੀਂ ਹਨ। ਸਾਡੀ ਦ੍ਰਿਸ਼ਟੀ ਵੀ ਵਿਆਪਕ ਨਹੀਂ ਹੈ। ਘਰ ਵਿਚ ਹੁਣ ਕੀ ਹੋ ਰਿਹਾ ਹੈ, ਸਾਨੂੰ ਨਹੀਂ ਪਤਾ। ਅੱਖਾਂ ਉਥੋਂ ਤੱਕ ਨਹੀਂ ਜਾਂਦੀਆਂ, ਕਿਉਂਕਿ ਅਸੀਂ ਵਿਆਪਕ ਨਹੀਂ। ਸਾਡੀ ਸ੍ਰੋਤ ਸ਼ਕਤੀ ਵੀ ਵਿਆਪਕ ਨਹੀਂ ਹੈ। ਘਰ ਵਿਚ ਕੀ ਕੁਝ ਬੋਲਿਆ ਜਾ ਰਿਹਾ ਹੈ, ਬਾਕੀ ਦੇ ਮੈਂਬਰ ਕੀ ਕੁਝ ਬੋਲਦੇ ਪਏ ਹਨ, ਕੁਝ ਨਹੀਂ ਪਤਾ ਕੰਨਾਂ ਨੂੰ। ਸ੍ਰੋਤ ਸ਼ਕਤੀ ਵਿਆਪਕ ਨਹੀਂ ਹੈ ਅਤੇ ਅਸੀਂ ਜੇ ਕੁਝ ਬੋਲਾਂਗੇ,

ਇਥੇ ਹੀ ਬੋਲਾਂਗੇ। ਸਾਡਾ ਬੋਲ ਵਿਆਪਕ ਨਹੀਂ ਹੈ। ਸਾਰੀ ਜਗ੍ਹਾ 'ਤੇ ਨਹੀਂ ਸੁਣਿਆ ਜਾ ਸਕਦਾ। ਉਹ ਜਿਹੜਾ ਵਿਆਪਕ ਬੋਲ ਹੈ, ਬਸ ਉਹੀ ਹੁਣ ਗੂੰਜ ਰਿਹਾ ਹੈ। ਉਹੀ ਸੁਣਾਈ ਦੇ ਰਿਹਾ ਹੈ। ਤਾਂ ਤੰਤਰ ਹੋ ਗਿਆ। ਪ੍ਰਮਾਤਮਾ ਹੋ ਗਿਆ। ਇਹ ਤਾਂ ਆਤਮਾ ਹੋ ਗਿਆ। ਇਹ ਸੁਤੰਤਰ ਹੋ ਗਿਆ। ਇਹ ਮੁਕਤ ਹੋ ਗਿਆ। ਇਸਨੇ ਮੁਕਤ ਗੱਦੀ ਨੂੰ ਪ੍ਰਾਪਤ ਕਰ ਲਿਆ। ਸਾਰੇ ਬੰਧਨ ਟੁੱਟ ਗਏ। ਇਹ ਤਾਂ ਬ੍ਰਹਮ ਗਿਆਨੀ ਹੋ ਗਿਆ। ਕੁਝ ਵੀ ਨਾਮ ਦੇ ਦਿਉ। ਇਹ ਤਾਂ ਵਲੀ ਅੱਲਾਹ ਹੋ ਗਿਆ। ਇਹ ਤਾਂ ਸੰਤ ਹੋ ਗਿਆ।

ਬ੍ਰਹਮ ਗਿਆਨੀ ਦਾ ਮਤਲਬ ਕੀ ਹੈ? ਜਿਸਦੇ ਵਿਚ ਹੁਣ ਬ੍ਰਹਮ ਜੀਂਵਦਾ ਹੈ। ਹੁਣ ਉਹ ਖ਼ੁਦ ਨਹੀਂ ਜੀਵਦਾ। ਸੰਤ ਦਾ ਮਤਲਬ ਕੀ ਹੈ? ਜਿਸਦੇ ਵਿਚ ਸੱਚ ਜੀਂਵਦਾ ਹੈ। ਬਾਕੀ ਸਭ ਮਿੱਟ ਗਿਆ। ਅਤੇ ਗ਼ਜ਼ਬ ਦੀ ਗੱਲ ਹੈ, ਇਸ ਤਰ੍ਹਾਂ ਦੀ ਅਵਸਥਾ ਨੂੰ ਇਕ ਸੀਮਾ ਤੱਕ ਹੀ ਬਿਆਨ ਕੀਤਾ ਜਾ ਸਕਦਾ ਹੈ, ਕਿਉਂਕਿ ਹੁਣ ਤਨ ਤੋਂ ਪਾਰ ਯਾਂਤਰਿਕ ਨਹੀਂ ਹੈ। ਮਨ ਤੋਂ ਵੀ ਪਾਰ ਮਾਂਤਰਿਕ ਨਹੀਂ ਹੈ। ਤੇ ਜਦ ਮਨ ਤੇ ਤਨ, ਮਸ਼ੀਨ ਤੇ ਇਹ ਮਨ ਉਸ ਦੇ ਵਿਚ ਸ਼ਾਮਿਲ ਨਹੀਂ ਹੋ ਸਕਦਾ ਤਾਂ ਫਿਰ ਬਿਆਨ ਕਿਸ ਤਰ੍ਹਾਂ ਹੋਵੇ। ਹੋ ਹੀ ਨਹੀਂ ਸਕਦਾ। ਇਸ ਵਾਸਤੇ ਉਸਨੂੰ ਅਕਥ ਕਥਾ ਕਹਿ ਦਿੱਤਾ ਹੈ। ਹੈਰਾਨ ਹੋ ਜਾਂਦਾ ਹਾਂ, ਜਦ ਮੈਂ ਸਾਰੀ ਸਾਰੀ ਰਾਤ ਕੀਰਤਨ ਕਰਨ ਵਾਲੇ ਨੂੰ ਵੀ ਕ੍ਰੋਧੀ ਦੇਖਦਾ ਹਾਂ। ਈਰਖਾਲੂ ਦੇਖਦਾ ਹਾਂ। ਬੜੀ ਈਰਖਾ। ਬੜਾ ਹੰਕਾਰ। ਕ੍ਰੋਧ ਵੀ ਬੜਾ। ਬਰਦਾਸ਼ਤ ਦਾ ਮਾਦਾ ਵੀ ਨਹੀਂ। ਇਕ ਦਮ ਆਪੇ ਤੋਂ ਬਾਹਰ। ਇਹ ਕੀਰਤਨ ਮੰਤਰ ਨਹੀਂ ਹੈ, ਯੰਤਰ ਹੈ। ਨਹੀਂ ਤਾਂ

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥

(ਅੰਗ ੭੪੭)

ਇਕ ਕੀਰਤਨ ਕਰ, ਸਾਰੇ ਬੰਧਨ ਟੁੱਟ ਜਾਣਗੇ। ਤੰਤਰ ਹੋ ਜਾਏਂਗਾ। ਆਤਮ ਪ੍ਰਕਾਸ਼ ਹੋ ਜਾਏਂਗਾ। ਅੱਜ ਦੀ ਵਿਚਾਰਧਾਰਾ ਜੋ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਅੱਜ ਦੇ ਇਸ ਵਾਕ ਵਿਚ ਪ੍ਰਵਾਨ ਕਰ ਰਹੇ ਹਨ, ਜੇਕਰ ਥੋੜ੍ਹਾ ਇਸ ਪਾਸੇ ਮਨ ਗਿਆ ਤਾਂ ਮੈਂ ਸਮਝਦਾ ਹਾਂ, ਸਤਿਸੰਗ ਦਾ ਲਾਭ ਹੀ ਇੰਨਾ ਹੈ ਕਿ ਸਮਝ ਵਿਚ ਆ ਜਾਏ ਗੱਲ। ਬਿਨ ਸਮਝੇ ਸਿਧਾਂਤ ਦੀ ਨਾ ਆਈ ਸਮਝ ਤਾਂ ਬਿਨਾ ਕੋਈ ਸਿੱਧੀ ਪੱਲੇ ਨਹੀਂ ਪਏਗਾ। ਕੁਝ ਵੀ ਪੱਲੇ ਨਹੀਂ ਪਏਗਾ। ਸਮਝਣਾ ਤਾਂ ਹੈ ਇਸ ਗੱਲ ਨੂੰ। ਜਾਣਨਾ ਤਾਂ ਪਏਗਾ।

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ

ਇਹ ਇਕੋ ਹੀ ਪੰਗਤੀ ਐਸੀ ਹੈ, ਜਿਸ ਦੇ ਉੱਤੇ ਸਾਰੀ ਜ਼ਿੰਦਗੀ ਦਾ ਕਥਨ ਕੀਤਾ ਜਾ ਸਕਦਾ ਹੈ। ਕਿਉਂ? 90% ਤਾਂ ਸਭ ਮਸ਼ੀਨੀ ਹੋ ਰਿਹਾ ਹੈ। ਵਿਚਾਰੀ ਤਸਲੀਮਾ ਨਸਰੀਨ ਨੇ ਕਿਧਰੇ ਲੇਖ ਲਿਖ ਦਿੱਤਾ। ਕੋਈ ਮੁਹੰਮਦ ਸਾਹਿਬ ਨੇ ਨਹੀਂ ਆਖਿਆ ਕਿ ਇਕ ਪੁਰਸ਼ ਦੇ ਪਿੱਛੇ ਚਾਰ ਚਾਰ ਇਸਤਰੀਆਂ ਬੰਨ੍ਹ ਦਿਉ। ਕੋਈ ਇਸਤਰੀਆਂ ਭੇਡਾਂ ਹਨ, ਬੱਕਰੀਆਂ ਹਨ ਅਤੇ ਘਰ ਨੂੰ ਤੁਸੀਂ ਭੇਡਾਂ ਦਾ ਅਖਾੜਾ ਬਣਾ ਲਉ। ਫਿਰ ਸਾਲ-ਛੇ ਮਹੀਨੇ ਬਾਅਦ ਤਿੰਨ

ਦਫ਼ਾ ਆਖੋ ਤਲਾਕ, ਤਲਾਕ, ਤਲਾਕ ਤੇ ਤਲਾਕ ਹੋ ਗਿਆ। ਫਿਰ ਹੋਰ ਕਰ ਲਉ। ਇਹ ਇਸਤਰੀ ਜਾਤ ਨਾਲ ਮਜ਼ਾਕ ਹੈ। ਡਾਕਟਰ ਸੀ ਵਿਚਾਰੀ। ਵਿਚਾਰਕ ਸੀ। ਲੇਖਕਾ ਸੀ। ਸਾਰਾ ਬੰਗਲਾ ਦੇਸ਼ ਦਾ ਮੂਰਖ ਸਮਾਜ ਉੱਠ ਖੜਾ ਹੋਇਆ। ਇਸਨੂੰ ਸਜ਼ਾਏ ਮੌਤ ਦਿਉ। ਇਸਨੇ ਕਿਉਂ ਆਖਿਆ ਹੈ। ਮਾਰੋ ਇਸਨੂੰ। ਇਕ ਅਬਲਾ, ਇਕ ਔਰਤ, ਇਕ ਇਸਤਰੀ। ਵਿਚਾਰ ਦਾ ਜਵਾਬ ਵਿਚਾਰ ਵਿਚ ਨਹੀਂ। ਵਿਚਾਰੀ ਦਾ ਜਿਉਣਾ ਔਖਾ ਹੋਇਆ ਪਿਆ ਹੈ। ਪਤਾ ਨਹੀਂ ਕਿਤਨੇ ਮੁਲਕਾਂ ਵਿਚ ਪਨਾਹ ਮੰਗਦੀ ਰਹੀ, ਮੈਨੂੰ ਬਚਾਉ। ਮਾਰਦੇ ਹਨ ਮੈਨੂੰ। ਸਜ਼ਾਏ ਮੌਤ। ਬਿਨਾਂ ਜ਼ਮਾਨਤ ਦੇ ਵਾਰੰਟ ਵੀ ਉਸ ਦੇ ਜਾਰੀ ਹੋ ਗਏ। ਹੱਦ ਹੋ ਗਈ। ਕਿਉਂਕਿ ਬਹੁਤ ਕੁਝ ਬੋਲਿਆ ਤਾਂ ਮੈਂ ਵੀ ਕਸੂਰਵਾਰ ਇਹਨਾਂ ਦੀ ਦੁਨੀਆਂ ਵਿਚ ਹੋਵਾਂਗਾ। ਪਰ ਮੈਂ ਅਰਜ਼ ਪਿਆ ਕਰਦਾ ਹਾਂ ਕਿ ਯਾਂਤਰਿਕ ਹੋ ਰਿਹਾ ਹੈ, ਸਭ ਕੁਝ ਮਸ਼ੀਨੀ ਹੋ ਰਿਹਾ ਹੈ। ਪ੍ਰਮਾਤਮਾ ਤਾਂ ਦਇਆ ਹੈ, ਪਰ ਨਮਾਜ਼ ਪੜ੍ਹਦਿਆਂ ਦਇਆ ਨਹੀਂ ਪੈਦਾ ਹੋਈ ਤਾਂ ਯਾਂਤਰਿਕ। ਪ੍ਰਮਾਤਮਾ ਤਾਂ ਦਇਆ ਹੈ, ਕਰੁਣਾਕਰ ਹੈ, ਰਹੀਮ ਹੈ, ਰਹਿਮਾਨ ਹੈ, ਪਰ ਪਾਠ ਕਰਕੇ, ਪੂਜਾ ਕਰਕੇ ਦਇਆ ਨਹੀਂ ਪੈਦਾ ਹੋਈ ਤਾਂ ਯਾਂਤਰਿਕ।

ਯਾਂਤਰਿਕ ਢੰਗ ਨਾਲ ਹਜ਼ਾਰਾਂ ਸਾਲ ਤੱਕ ਇਸ ਦੇਸ਼ ਦੇ ਮੰਦਿਰਾਂ ਦੇ ਵਿਚ ਪੂਜਾ ਹੁੰਦੀ ਰਹੀ ਅਤੇ ਹੋ ਰਹੀ ਹੈ। ਸ਼ੂਦਰਾਂ ਲਈ ਮੰਦਿਰਾਂ ਦੇ ਦਰਵਾਜ਼ੇ ਬੰਦ। ਹੱਦ ਹੋ ਗਈ। ਇਨਸਾਨ ਹੈ। ਇਨਸਾਨ ਲਈ ਦਰਵਾਜ਼ੇ ਬੰਦ। ਇਹ ਤਾਂ ਜਿਵੇਂ ਕਿਸੇ ਨੂੰ ਆਖ ਦੇਈਏ ਤੈਨੂੰ ਮੈਂ ਰੋਟੀ ਨਹੀਂ ਖਾਣ ਦੇਣੀ। ਭੁੱਖਾ ਮਾਰ ਦੇਣਾ ਹੈ ਤੇ ਕਿਸੇ ਨੂੰ ਕਹਿ ਦੇਣਾ ਕਿ ਤੈਨੂੰ ਭਜਨ ਕਰਨ ਨਹੀਂ ਦੇਣਾ, ਰੱਬ ਦਾ ਨਾਮ ਤੈਨੂੰ ਮੈਂ ਨਹੀਂ ਜੱਪਣ ਦੇਣਾ, ਕਿਉਂਕਿ ਤੂੰ ਸ਼ੂਦਰ ਹੈਂ। ਤੂੰ ਮੰਦਿਰ ਦੇ ਵਿਚ ਨਹੀਂ ਆ ਸਕਦਾ। ਇਸ ਦਾ ਮਤਲਬ ਆਤਮਿਕ ਤੱਲ 'ਤੇ ਕਿਸੇ ਨੂੰ ਭੁੱਖਾ ਮਾਰਨਾ ਹੈ। ਇਹ ਤਾਂ ਹੱਤਿਆ ਹੈ। ਇਹ ਤਾਂ ਕਤਲ ਹੈ। ਪਰ ਇਹ ਧਰਮ ਦੇ ਨਾਮ 'ਤੇ ਹੁੰਦਾ ਹੈ। ਭਾਵਨਾ ਮਨ ਦੇ ਵਿਚ ਹੁੰਦੀ ਹੈ। ਮੈਂ ਪਾਣੀ ਪਿਲਾ ਰਿਹਾ ਹਾਂ ਇਹ ਮੰਤਰ ਹੈ। ਇਤਨੀ ਸੇਵਾ ਵੀ, ਹੋ ਸਕਦਾ ਹੈ ਜਨਮਾਂ ਜਨਮਾਂਤਰਾਂ ਦੇ ਗੁਨਾਹ ਤੋੜ ਦੇਵੇ। ਕਰੋੜਾਂ ਰੁਪਇਆ ਦਾ ਮੈਂ ਦਾਨ ਕੀਤਾ। ਉਸਦੇ ਵਿਚ ਮੇਰਾ ਮਨ ਨਹੀਂ ਹੈ। ਪਾਖੰਡ ਹੈ। ਯਾਂਤਰਿਕ ਹੈ। ਮਸ਼ੀਨੀ ਹੈ। ਇਕ ਧੇਲਾ ਮੈਂ ਗੁਰੂ ਦੇ ਅੱਗੇ ਰੱਖਿਆ ਹੈ, ਪਰ ਉਸਦੇ ਵਿਚ ਮੇਰੀ ਭਾਵਨਾ ਹੈ, ਉਸਦੇ ਵਿਚ ਮੇਰੀ ਸ਼ਰਧਾ ਹੈ। ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਬੜਾ ਪ੍ਰਫੁਲਿਤ ਹੋਵੇਗਾ ਕਿਉਂਕਿ ਉਹ ਮੰਤਰ ਹੈ। ਦਿੱਤਾ ਹੋਇਆ ਦਾਨ ਮੰਤਰ ਬਣ ਗਿਆ ਤੇ ਮੰਤਰ ਨੇ ਤਾਂ ਕਪਾਟ ਖੋਲ੍ਹਣੇ ਹਨ। ਜਿਸ ਵਿਚ ਮਨ ਸ਼ਾਮਿਲ ਹੋ ਜਾਏ, ਮਨ ਸ਼ਾਮਿਲ ਹੋ ਗਿਆ ਤਾਂ ਭੋਜਨ ਵੀ ਮੰਤਰ ਬਣ ਸਕਦਾ ਹੈ। ਯਾਂਤਰਿਕ ਢੰਗ ਨਾਲ, ਮਸ਼ੀਨੀ ਢੰਗ ਨਾਲ ਭੋਜਨ ਖਾਧਾ ਹੈ। ਵਕਤ ਕੋਈ ਨਹੀਂ। ਜਲਦੀ ਹੈ। ਗੱਡੀ ਪਕੜਨੀ ਹੈ। ਕਿਧਰੇ ਜਾਣਾ ਹੈ। ਐਵੇਂ ਮੂੰਹ ਵਿਚ ਸੁੱਟੀ ਜਾ ਰਿਹਾ ਹਾਂ। ਯਾਂਤਰਿਕ, ਮਸ਼ੀਨੀ। ਪਰ ਇਕ ਇਕ ਬੁਰਕੀ ਖਾ ਰਿਹਾ ਹਾਂ। ਅੰਦਰੋਂ ਧੰਨਵਾਦ, ਹੇ ਪ੍ਰਭੂ! ਤੂੰ ਰਸਨਾ ਦੇ ਤੱਲ 'ਤੇ ਵੀ ਇਤਨਾ ਸੁਆਦੀ ਹੈਂ। ਤੂੰ ਭੋਜਨ ਦੇ ਤੱਲ 'ਤੇ ਵੀ ਇਤਨਾ ਸੁਆਦੀ

ਹੈਂ। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਹ ਭੋਜਨ ਛੱਕਣਾ ਵੀ ਮੰਤਰ ਹੈ।

ਗੁਰੂ ਨਾਨਕ ਕਹਿੰਦੇ ਹਨ ਕਿ ਹੇ ਪ੍ਰਭੂ! ਭੁੱਖ ਤੂੰ ਆਪ ਹੈਂ। ਇਹ ਭੋਜਨ ਵੀ ਤੂੰ ਆਪ ਹੈਂ। ਇਹ ਰੱਸ ਵੀ ਤੂੰ ਆਪ ਹੈਂ। ਉਥੇ ਤਾਂ ਭੋਜਨ ਵੀ ਭਜਨ ਬਣ ਗਿਆ, ਮੰਤਰ। ਮਨ ਜੋ ਸ਼ਾਮਿਲ ਹੋ ਗਿਆ। ਭਾਵਨਾ ਜੋ ਸ਼ਾਮਿਲ ਹੋ ਗਈ। ਕਿਸੇ ਦਾ ਭਜਨ ਵੀ ਭਜਨ ਨਹੀਂ ਹੈ। ਯੰਤਰ ਹੈ, ਮੰਤਰ ਨਹੀਂ ਹੈ। ਸੇਵਾ ਮੰਤਰ ਹੋ ਸਕਦੀ ਹੈ। ਝਾੜੂ ਦੇਣਾ ਮੰਤਰ ਹੋ ਸਕਦਾ ਹੈ। ਸ਼ਾਇਦ ਝਾੜੂ ਦਿੰਦਿਆਂ ਹੀ ਹਿਰਦੇ ਦੇ ਜਨਮਾਂ ਜਨਮਾਤਰਾਂ ਦੇ ਪਾਪ ਸਾਫ਼ ਹੋ ਜਾਣ ਅਤੇ ਇਹ ਪ੍ਰਭੂ ਨਾਲ ਜੁੜ ਜਾਏ। ਸ਼ਾਇਦ ਭਾਂਡਿਆਂ ਦਾ ਮਾਂਜਣਾ ਹੀ ਜਨਮਾਂ ਜਨਮਾਂਤਰਾਂ ਦੀ ਮੈਲ ਧੋ ਦੇਵੇ। ਮੈਂ ਦੇਖਦਾ ਹਾਂ ਕਿ ਸਾਰੀ ਜ਼ਿੰਦਗੀ ਪਾਠ ਕਰਨ ਵਾਲੇ ਦੀ ਜ਼ਿੰਦਗੀ ਬਦਲੀ ਨਹੀਂ। ਜੀਵਨ ਭਰ ਕੀਰਤਨ ਕਰਨ ਵਾਲਿਆਂ ਦੀ ਜ਼ਿੰਦਗੀ ਬਦਲੀ ਨਹੀਂ। ਜੀਵਨ ਭਰ ਸੇਵਾ ਕਰਨ ਵਾਲਿਆਂ ਦੀ ਵੀ ਜ਼ਿੰਦਗੀ ਬਦਲੀ ਨਹੀਂ ਹੈ।

ਮੈਂ ਦਿੱਲੀ ਵਿਚ ਵੇਖਿਆ ਸੀ ਚੌਰ 'ਤੇ ਹੀ ਲੜ ਪਏ ਸਨ। ਕਿਧਰੇ ਇਕ ਸੱਜਣ ਅਰਦਾਸ ਦੇ ਸਮੇਂ ਚੌਰ ਕਰਦਾ ਸੀ ਬੰਗਲਾ ਸਾਹਿਬ। ਕਿਸੇ ਦਿਨ ਦੂਜੇ ਨੇ ਪਕੜ ਲਈ। ਬਸ ਬਾਹਰ ਜਾ ਕੇ ਕੁੱਟਿਆ ਉਸਨੂੰ, ਤੂੰ ਕਿਉਂ ਪਕੜੀ? ਇਹ ਤਾਂ ਮੇਰਾ ਕੰਮ ਹੈ। ਹੱਦ ਹੋ ਗਈ। ਚੌਰ ਕਰਦਿਆਂ ਕਰਦਿਆਂ ਤੇਰੇ ਅੰਦਰ ਕਠੋਰਤਾ ਗਈ ਨਹੀਂ। ਤਾਂ ਚੌਰ ਕਰਨਾ ਯਾਂਤਰਿਕ ਹੈ। ਮੰਤਰ ਨਹੀਂ ਹੈ। ਐਸੀ ਸਮਝ ਆ ਗਈ ਤਾਂ ਸਤਿਸੰਗ ਦਾ ਫਲ ਤੁਹਾਡੀ ਝੋਲੀ ਵਿਚ ਪੈ ਗਿਆ ਹੈ। ਜਿਸ ਵਿਚ ਆਤਮਾ ਸ਼ਾਮਿਲ ਹੋ ਜਾਏ, ਮਨ ਤੋਂ ਵੀ ਅੱਗੇ ਗੱਲ ਚਲੀ ਜਾਏ ਉਹ ਤਾਂ ਫਿਰ ਪ੍ਰਮਾਤਮਾ ਮਈ ਹੋ ਗਿਆ। ਐਸੇ ਮਨੁੱਖ ਦਾ ਬੱਚਿਆਂ ਦੀ ਪਰਵਰਿਸ਼ ਕਰਨਾ ਵੀ ਇੰਞ ਕਹਿ ਲਉ, ਪ੍ਰਮਾਤਮਾ ਦਾ ਹੀ ਪ੍ਰਤਾਪ ਹੈ।

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥

(ਅੰਗ ੯੧੮)

ਹੇ ਪ੍ਰਭੂ! ਸੱਦਕੇ ਜਾਂਦੇ ਹਾਂ ਜੇ ਤੂੰ ਮੋਹ ਨਾ ਪਾਉਂਦਾ ਤਾਂ ਭੁੱਖੇ ਬੱਚੇ ਨੂੰ ਕਿਸਨੇ ਦੁੱਧ ਪਿਲਾਉਣਾ ਸੀ। ਜੇ ਤੂੰ ਮੋਹ ਦੇ ਵਿਚ ਇਤਨੀ ਮਿਠਾਸ ਨਾ ਪਾਉਂਦਾ ਤਾਂ ਕਿਸ ਨੇ ਬੱਚਿਆਂ ਦੀ ਪਾਲਣਾ ਕਰਨੀ ਸੀ। ਤੜਪ ਤੜਪ ਕੇ ਮਰ ਜਾਣੇ ਸਨ। ਮੋਹ ਦੀ ਮਿਠਾਸ ਵੀ ਨਾਮ ਦੀ ਮਿਠਾਸ ਬਣ ਗਈ। ਭੋਜਨ ਦਾ ਰੱਸ ਵੀ ਭਜਨ ਦਾ ਰੱਸ ਬਣ ਗਿਆ। ਜਦ ਇਤਨਾ ਖ਼ਿਆਲ ਆ ਜਾਏ ਹੇ ਪ੍ਰਭੂ! ਤੂੰ ਅੰਨ ਦੇ ਰੂਪ ਵਿਚ ਬ੍ਰਹਮ ਹੈਂ। ਜੈਸੇ ਭਗਤ ਕਬੀਰ ਤਿੰਨਾਂ ਨੂੰ ਸੱਜਦਾ ਕਰਦੇ ਹਨ-

ਧੰਨੁ ਗੁਪਾਲ ਧੰਨੁ ਗੁਰਦੇਵ॥
ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥

(ਅੰਗ ੮੭੩)

ਹੇ ਪ੍ਰਮਾਤਮਾ! ਤੂੰ ਧੰਨਤਾ ਦੇ ਯੋਗ ਹੈਂ। ਤੈਨੂੰ ਸੱਜਦਾ ਕਰਦਾ ਹਾਂ। ਪੂਜਨ ਯੋਗ ਹੈਂ! ਹੇ ਪ੍ਰਭੂ! ਤੈਨੂੰ ਨਮਸਕਾਰ ਹੈ ਅਤੇ ਧੰਨਤਾ ਦੇ ਯੋਗ ਹੈਂ। ਹੇ ਅੰਨ! ਪੇਟ ਦੇ ਵਿਚ ਤੂੰ ਪੈ ਜਾਏਂ ਤੇ ਗੁਰੂ ਵੀ ਚੰਗਾ ਲੱਗਦਾ ਹੈ। ਰੱਬ ਵੀ ਚੰਗਾ ਲੱਗਦਾ ਹੈ। ਨਹੀਂ ਤਾਂ ਗੁਰੂ ਵੀ ਨਹੀਂ ਚੰਗਾ ਲੱਗਦਾ ਤੇ ਨਾ ਰੱਬ ਚੰਗਾ ਲੱਗਦਾ ਹੈ।

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

(ਅੰਗ ੬੫੬)

ਅੰਨ ਦਾ ਸਦਕਾ ਗੁਰੂ ਵੀ ਚੰਗਾ ਲੱਗੇ ਤੇ ਪ੍ਰਭੂ ਵੀ ਚੰਗਾ ਲੱਗੇ ਤਾਂ ਕਬੀਰ ਨੇ ਜਿੱਥੇ ਪ੍ਰਮਾਤਮਾ ਨੂੰ ਰੱਖਿਆ ਹੈ, ਜਿੱਥੇ ਗੁਰੂ ਨੂੰ ਰੱਖਿਆ ਹੈ, ਕਬੀਰ ਅੰਨ ਨੂੰ ਵੀ ਉਥੇ ਰੱਖ ਦਿੰਦੇ ਹਨ ਉਸੇ ਦਰਜੇ 'ਤੇ। ਬੜਾ ਕੀਮਤੀ ਸ਼ਬਦ ਹੈ।

ਧੰਨੁ ਗੁਪਾਲ ਧੰਨੁ ਗੁਰਦੇਵ॥ ਧੰਨ ਅਨਾਦਿ ਭੂਖੇ ਕਵਲੁ ਟਹਕੇਵ॥

ਫਿਰ ਚੌਥੀ ਅਵਸਥਾ ਹੈ-

ਧਨੁ ਓਇ ਸੰਤ ਜਿਨ ਐਸੀ ਜਾਨੀ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥

(ਅੰਗ ੮੭੩)

ਉਹ ਸੰਤ ਜਨ ਵੀ ਧੰਨਤਾ ਦੇ ਯੋਗ ਹਨ, ਜਿੰਨ੍ਹਾਂ ਨੇ ਇਸ ਗੱਲ ਨੂੰ ਜਾਣਿਆ ਹੈ ਕਿ ਅੰਨ ਵੀ ਉਤਨੀ ਅਹਿਮੀਅਤ ਰੱਖਦਾ ਹੈ, ਜਿਸ ਤਰ੍ਹਾਂ ਗੋਪਾਲ ਤੇ ਗੁਰੂ। ਜਿਤਨਾ ਪ੍ਰਮਾਤਮਾ ਤੇ ਗੁਰੂ।

ਧਨੁ ਓਇ ਸੰਤ ਜਿਨ ਐਸੀ ਜਾਨੀ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥....

ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥

ਇਹ ਭਗਤ ਕਬੀਰ ਦੇ ਬੋਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸ਼ਬਦ ਹੈ। ਅੰਨ ਬ੍ਰਹਮ ਬਣ ਗਿਆ। ਅੰਨ ਹੀ ਪ੍ਰਮਾਤਮਾ ਬਣ ਗਿਆ। ਖ਼ਲੀਲ ਜਿਬਰਾਨ ਲਿਬਨਾਨ ਦਾ ਇਕ ਮਹਾਨ ਦਾਰਸ਼ਨਿਕ ਸੰਤ ਹੈ। ਕਿਧਰੇ ਇਕ ਦਿਨ ਮੌਜ ਦੇ ਵਿਚ ਆਇਆ ਤੇ ਜੰਗਲ ਦੀ ਤਰਫ਼ ਚੱਲ ਪਿਆ। ਸ਼ਹਿਰ ਦੇ ਨੇੜੇ ਇਕ ਜੰਗਲ ਸੀ, ਬੜਾ ਭਿਅੰਕਰ। ਬੜੇ ਦਰੱਖ਼ਤ ਸੰਘਣੇ। ਸਾਰਾ ਦਿਨ ਜੰਗਲ ਦੀ ਖ਼ੂਬਸੂਰਤੀ ਦੇਖਦਾ ਰਿਹਾ। ਤਰ੍ਹਾਂ-ਤਰ੍ਹਾਂ ਦੇ ਦਰੱਖ਼ਤ, ਤਰ੍ਹਾਂ-ਤਰ੍ਹਾਂ ਦੇ ਜੰਗਲੀ ਜਾਨਵਰ। ਘੁੰਮਦਾ ਰਿਹਾ ਮਸਤੀ ਦੇ ਵਿਚ। ਸ਼ਾਮਾਂ ਪੈ ਗਈਆਂ। ਘਰ ਜਾਣ ਦਾ ਖ਼ਿਆਲ ਆਵੇ। ਹੁਣ ਰਸਤਾ ਨਾ ਲੱਭੇ। ਜੰਗਲ ਸੀ। ਕੋਈ ਪੱਗਡੰਡੀਆਂ ਤਾਂ ਹੈ ਨਹੀਂ ਸਨ ਤੇ ਇਸ ਤਰ੍ਹਾਂ ਮਸਤੀ ਦੇ ਵਿਚ ਘੁੰਮਣ ਵਾਲੇ ਕੋਈ ਬੰਦੇ ਤਾਂ ਕਦੀ ਕਦਾਈਂ ਆਉਂਦੇ ਹਨ। ਵਿਚਾਰਾ ਭਟਕ ਗਿਆ। ਇਕ ਤਾਂ ਦਿਨ ਭਰ ਘੁੰਮਦਾ ਰਿਹਾ ਸੀ ਤੇ ਉਪਰੋਂ ਸ਼ਾਮਾਂ ਪੈ ਗਈਆਂ ਤੇ ਜਦ ਰਸਤਾ ਨਾ ਲੱਭਿਆ ਤਾਂ ਧਿਆਨ ਸਰੀਰ ਦੇ ਤਲ 'ਤੇ ਆਇਆ। ਤਾਂ ਦੋ ਖ਼ਿਆਲ ਪੈਦਾ ਹੋਏ ਕਿ ਇਕ ਤਾਂ ਭੁੱਖ ਵੀ ਲੱਗੀ ਹੈ। ਸਾਰਾ ਦਿਨ ਕੁਝ ਖਾਧਾ ਨਹੀਂ ਸੀ। ਤਨ ਅੰਨ

ਮੰਗਦਾ ਹੈ। ਰੋਟੀ ਮੰਗਦਾ ਹੈ ਤੇ ਦੂਸਰਾ ਰਾਤ ਪੈ ਰਹੀ ਹੈ। ਜੇ ਹੁਣ ਮੈਨੂੰ ਦਿਨ ਨੂੰ ਰਸਤਾ ਨਹੀਂ ਪਿਆ ਲੱਭਦਾ ਅਤੇ ਅਜੇ ਥੋੜ੍ਹਾ ਜਿਹਾ ਚਾਨਣਾ ਹੈ ਤੇ ਰਾਤ ਪੂਰੀ ਨਹੀਂ ਹੋਈ। ਜਦੋਂ ਪੂਰੀ ਰਾਤ ਹੋ ਗਈ ਤਾਂ ਫਿਰ ਮੈਨੂੰ ਕੁਝ ਨਹੀਂ ਦਿਖਾਈ ਦੇਵੇਗਾ। ਰਾਤ ਜੰਗਲ ਵਿਚ ਕੱਟਣੀ ਪਏਗੀ।

ਵਾਕਿਆ ਹੀ ਰਾਤ ਜੰਗਲ ਵਿਚ ਕੱਟਣੀ ਪਈ। ਨਹੀਂ ਲੱਭਿਆ ਰਸਤਾ। ਕਦੀ ਇਧਰ ਜਾਏ। ਕਦੀ ਇਧਰ ਜਾਏ। ਦਰੱਖ਼ਤ ਹੀ ਦਰੱਖ਼ਤ। ਮੌਜ ਮਸਤੀ ਵਿਚ ਦੂਰ ਤੱਕ ਨਿਕਲ ਗਿਆ। ਰਸਤਾ ਲੱਭਿਆ ਨਾ। ਜੰਗਲ ਖ਼ਤਮ ਨਾ ਹੋਵੇ। ਰਾਤ ਹੋ ਗਈ ਅਤੇ ਰਾਤ ਸੀ ਪੂਰਨਮਾਸ਼ੀ ਦੀ। ਦਰੱਖ਼ਤ 'ਤੇ ਚੜ੍ਹ ਗਿਆ, ਕਿਧਰੇ ਕੋਈ ਖ਼ੂੰਖ਼ਾਰ ਜੰਗਲੀ ਜਾਨਵਰ ਹਮਲਾ ਨਾ ਕਰ ਦੇਵੇ। ਦਰੱਖ਼ਤ ਦੀ ਟਾਹਣੀ 'ਤੇ ਬੈਠ ਕੇ ਸੋਚਦਾ ਹੈ ਕਿ ਚਲੋ ਰਾਤ ਇਥੇ ਕੱਟਦੇ ਹਾਂ। ਸਵੇਰੇ ਰਸਤਾ ਲੱਭਾਂਗੇ, ਪਰ ਭੁੱਖਾ ਦਿਨ ਭਰ ਦਾ। ਜਿਉਂ ਪੂਰਨਮਾਸ਼ੀ ਦਾ ਚੰਦਰਮਾ ਚੜ੍ਹਿਆ। ਇਸਨੇ ਹੱਥ ਪਸਾਰੇ। ਪਤਾ ਹੈ ਕਿਉਂ? ਉਹ ਲਿਖਦਾ ਹੈ ਉਸ ਦਿਨ ਮੈਨੂੰ ਇੰਝ ਲੱਗਿਆ ਜਿਵੇਂ ਆਸਮਾਨ ਤੋਂ ਨਾਨ ਆ ਰਹੇ ਹਨ। ਰੋਟੀ ਆ ਰਹੀ ਹੈ। ਚੰਦਰਮਾ ਰੋਟੀ ਲੱਗਿਆ ਹੈ। ਦਿਨ ਭਰ ਦਾ ਭੁੱਖਾ। ਭੁੱਖ ਦੇ ਵਿਚ ਬਾਰ ਬਾਰ ਭੋਜਨ ਯਾਦ ਆਵੇਗਾ।

ਵਰਤ ਜਿਸ ਦਿਨ ਰੱਖਿਆ ਹੋਵੇ, ਰੋਜ਼ਾ ਜਿਸ ਦਿਨ ਰੱਖਿਆ ਹੋਵੇ, ਕੋਈ ਅੱਲਾਹ ਚੇਤੇ ਨਹੀਂ ਆਉਂਦਾ। ਇਸ ਚੱਕਰ ਵਿਚ ਨਾ ਪੈਣਾ। ਪ੍ਰਮਾਤਮਾ ਚੇਤੇ ਨਹੀਂ, ਰੋਟੀ ਚੇਤੇ ਆਉਂਦੀ ਹੈ। ਸ਼ਾਇਦ ਇਸ ਵਾਸਤੇ ਕਿਉਂਕਿ ਪੁਰਾਣਾ ਜ਼ਮਾਨਾ ਸੀ। ਰਸਤੇ ਦੇ ਵਿਚ ਢਾਬੇ ਵੀ ਨਹੀਂ ਹੁੰਦੇ ਸਨ। ਹੋਟਲ ਵੀ ਨਹੀਂ ਹੁੰਦੇ ਸਨ ਤੇ ਗੁਰੂ ਅਮਰਦਾਸ ਜੀ ਮਹਾਰਾਜ ਨੇ ਦੇਖਿਆ ਦੱਸ-ਦੱਸ ਮੀਲ ਤੋਂ, ਵੀਹ-ਵੀਹ ਮੀਲ ਤੋਂ ਲੋਕੀਂ ਆਉਂਦੇ ਹਨ ਦਰਸ਼ਨ ਕਰਨ ਲਈ। ਸਤਿਸੰਗ ਦੇ ਵਿਚ ਆਉਂਦੇ ਹਨ। ਕੋਈ ਕਿਸੇ ਸ਼ਹਿਰ ਤੋਂ ਆ ਰਿਹਾ ਹੈ, ਕੋਈ ਕਿਸੇ ਇਲਾਕੇ ਤੋਂ ਆ ਰਿਹਾ ਹੈ। ਕਾਬਲ ਤੱਕ ਤੋਂ ਲੋਕੀਂ ਆਉਂਦੇ ਸਨ। ਵਿਚਾਰੇ ਦੱਸ ਵੀਹ ਮੀਲ ਚੱਲਕੇ ਆਏ। ਨਾ ਰਸਤੇ 'ਚ ਢਾਬੇ, ਨਾ ਰਸਤੇ ਵਿਚ ਹੋਟਲ। ਤਾਂ ਐਲਾਨੀਆਂ ਕਹਿ ਦਿੱਤਾ—ਪਹਿਲੇ ਪੰਗਤ ਪਾਛੇ ਸੰਗਤ। ਪਹਿਲਾਂ ਅੰਨ ਪਾਣੀ ਛੱਕ ਲਉ। ਭੁੱਖੇ ਹੋਏ ਤਾਂ ਸੰਗਤ ਵਿਚ ਬੈਠੇ ਰੋਟੀ ਯਾਦ ਕਰੋਗੇ। ਰੱਬ ਨੂੰ ਨਹੀਂ ਯਾਦ ਕਰੋਗੇ। ਭੋਜਨ ਹੀ ਯਾਦ ਆਵੇਗਾ।

ਹੁਣ ਵੀ ਮੈਂ ਦੇਖਦਾ ਹਾਂ ਕਿ ਬਹੁਤ ਸਾਰੀਆਂ ਥਾਵਾਂ 'ਤੇ ਕਹਿੰਦੇ ਹਨ ਗਿਆਨੀ ਜੀ! ਸਮਾਗਮ ਦੇ ਨਾਲ ਲੰਗਰ ਨਾ ਚਲਾਈਏ ਤਾਂ ਇਕੱਠ ਹੀ ਨਹੀਂ ਹੁੰਦਾ। ਮੈਂ ਫਿਰ ਸੋਚਦਾ ਹਾਂ ਕਿ ਫਿਰ ਤਾਂ ਰੋਟੀ ਦਾ ਹੀ ਇਕੱਠ ਹੋਇਆ। ਲੰਗਰ ਦਾ ਹੀ ਇਕੱਠ ਹੋਇਆ। ਮਾਹੌਲ ਭਾਵੇਂ ਕਾਫ਼ੀ ਬਦਲਿਆ ਹੈ। ਵਾਤਾਵਰਨ ਕਾਫ਼ੀ ਬਦਲਿਆ ਹੈ। ਹਾਲਾਤ ਕਾਫ਼ੀ ਬਦਲੇ ਹਨ। ਉਹ ਜ਼ਮਾਨਾ ਸੀ। ਕੋਈ 10 ਮੀਲ ਤੋਂ ਆ ਰਿਹਾ ਹੈ, ਕੋਈ ਵੀਹ ਮੀਲ ਤੋਂ ਆ ਰਿਹਾ ਹੈ। ਦਿਨ ਭਰ ਦਾ ਭੁੱਖਾ।

ਪਹਿਲੇ ਪੰਗਤ ਪਾਛੇ ਸੰਗਤ।

ਇਸ਼ਨਾਨ ਪਾਣੀ ਕਰ ਲੈ। ਅੰਨ ਪਾਣੀ ਛੱਕ ਲੈ, ਫਿਰ ਆ। ਸੰਗਤ ਵਿਚ ਫਿਰ ਆ। ਪ੍ਰਮਾਤਮਾ ਦਾ ਨਾਮ ਫਿਰ ਸੁਣ ਤੇ ਫਿਰ ਜੱਪ, ਨਹੀਂ ਤਾਂ ਰੋਟੀ ਦਾ ਹੀ ਨਾਮ ਜੱਪਦਾ ਰਹੇਂਗਾ। ਰੋਟੀ ਨੂੰ ਹੀ ਯਾਦ ਕਰਦਾ ਰਹੇਂਗਾ। ਤੂੰ ਪਹਿਲੇ ਅੰਨ ਪਾਣੀ ਛੱਕ, ਕਿਉਂਕਿ ਸਰੀਰ ਪਹਿਲੇ ਹੈ, ਮਨ ਬਾਅਦ ਵਿਚ ਹੈ। ਆਤਮਾ ਉਸ ਤੋਂ ਵੀ ਬਾਅਦ ਵਿਚ ਹੈ। ਇਹ ਵੀ ਮੈਂ ਅਰਜ਼ ਕਰ ਦੇਵਾਂ। ਚਾਰ ਪੰਜ ਦਿਨ ਮੰਤਰ ਦਾ ਜੱਪ ਨਾ ਕਰੀਏ। ਭਾਵ ਕਿਸੇ ਚੀਜ਼ ਦੇ ਵਿਚ ਮਨ ਨਹੀਂ ਹੈ ਤਾਂ ਚੱਲ ਜਾਂਦਾ ਹੈ, ਪਰ ਚਾਰ ਦਿਨ ਤਨ ਨੂੰ ਰੋਟੀ ਨਾ ਦਿਉ, ਪਾਣੀ ਨਾ ਦਿਉ, ਨਹੀਂ ਚੱਲਦਾ। ਯੰਤਰ। ਮਸ਼ੀਨ। ਇਸਨੂੰ ਤਾਂ ਦੇਣਾ ਹੀ ਪਵੇਗਾ। ਮਨ ਗੁਜ਼ਾਰਾ ਕਰ ਲੈਂਦਾ ਹੈ। ਇਸਨੂੰ ਕਹਿ ਦੇਈਏ ਕਿ ਇੰਨੇ ਦਿਨ ਸੇਵਾ ਨਹੀਂ ਕਰਨੀ। ਜੱਪ ਤੱਪ ਨਹੀਂ ਕਰਨਾ। ਚੱਲ ਜਾਂਦਾ ਹੈ। ਇਹ ਵੀ ਮੈਂ ਅਰਜ਼ ਕਰ ਦੇਵਾਂ, ਪਰ ਜੇ ਹੁਣ ਕਹਿ ਦੇਈਏ ਕਿ ਦੱਸ ਵੀਹ ਦਿਨ ਐ ਤਨ, ਨਾ ਤੈਨੂੰ ਪਾਣੀ ਦੇਣਾ ਹੈ, ਨਾ ਤੈਨੂੰ ਰੋਟੀ ਦੇਣੀ ਹੈ ਤਾਂ ਨਹੀਂ ਚੱਲਦਾ। ਤਨ ਪਹਿਲੇ ਹੈ। ਇਸੇ ਵਾਸਤੇ ਭਗਤ ਕਬੀਰ ਕਹਿੰਦੇ ਹਨ-

ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੁਪਾਲੁ॥

(ਅੰਗ ੮੭੩)

ਅੰਨ ਦਾ ਤਿਆਗ ਤਾਂ ਗੋਪਾਲ ਦਾ ਤਿਆਗ ਹੈ, ਕਿਉਂਕਿ ਭੁੱਖੇ ਬੰਦੇ ਨੂੰ ਅੰਨ ਯਾਦ ਆਵੇਗਾ। ਗੋਪਾਲ ਚੇਤੇ ਹੀ ਨਹੀਂ ਆ ਸਕਦਾ। ਪ੍ਰਮਾਤਮਾ ਚੇਤੇ ਹੀ ਨਹੀਂ ਆ ਸਕਦਾ। ਜਿਤਨੇ ਚਿਰ ਤੱਕ ਯਾਂਤਰਿਕ ਕਿਰਿਆ ਚਲੇ, ਧਰਮ ਦੀ ਦੁਨੀਆਂ ਆਰੰਭ ਨਹੀਂ ਹੁੰਦੀ। ਮੰਤਰ ਚੱਲੇ, ਉਸਦੇ ਵਿਚ ਮਨ ਸ਼ਾਮਿਲ ਹੋਵੇ। ਮੈਂ ਸੇਵਾ ਤਾਂ ਨਹੀਂ ਕੀਤੀ। ਇੰਝ ਸਮਝ ਲਉ ਕੋਈ ਬੀਮਾਰ ਹੈ। ਰੋਗੀ ਹੈ। ਪਰ ਸੇਵਾ ਦਾ ਭਾਵ ਉਸਦੇ ਅੰਦਰ ਪੈਦਾ ਹੋਇਆ ਹੈ ਤਾਂ ਉਸਦਾ ਹਿਰਦਾ ਸ਼ੁੱਧ ਹੋ ਜਾਏਗਾ। ਭਾਵੇਂ ਨਹੀਂ ਕਰ ਸਕਦਾ। ਕਮਰ ਦੁੱਖ ਰਹੀ ਹੈ। ਗੋਡੇ ਦੁੱਖ ਰਹੇ ਹਨ। ਮੱਥਾ ਝੁਕ ਕੇ ਨਹੀਂ ਟੇਕ ਸਕਦਾ। ਅੰਦਰੋਂ ਭਾਵਨਾ ਝੁਕ ਗਈ ਹੈ। ਮਨ ਝੁਕ ਗਿਆ ਹੈ। ਵਿਚਾਰ ਝੁਕ ਗਏ ਹਨ। ਸੋਚਣੀ ਝੁਕ ਗਈ ਹੈ। ਪਰ ਸਿਰ ਝੁਕਾਉਂਦਾ ਪਇਆ ਹੈ ਤੇ ਭਾਵਨਾ ਕੋਈ ਨਹੀਂ, ਸ਼ਰਧਾ ਕੋਈ ਨਹੀਂ। ਇਹ ਮੰਤਰ ਨਹੀਂ ਹੈ। ਇਹ ਤਾਂ ਮਸ਼ੀਨੀ ਕੰਮ ਹੈ।

ਹਰ ਸ਼ਹਿਰ ਵਿਚ ਸੇਵਾ ਕਰਨ ਵਾਲੇ ਮਿਲ ਜਾਣਗੇ। ਕਥਾ ਕਰਨ ਵਾਲੇ ਮਿਲ ਜਾਣਗੇ। ਕੀਰਤਨ ਕਰਨ ਵਾਲੇ ਮਿਲ ਜਾਣਗੇ। ਦਾਨ ਪੁੰਨ ਕਰਨ ਵਾਲੇ ਮਿਲ ਜਾਣਗੇ। ਬੜਾ ਕੁਝ ਮਿਲੇਗਾ। ਹਰ ਸ਼ਹਿਰ ਵਿਚ ਮਿਲਣਗੇ ਪਰ ਹਰ ਸ਼ਹਿਰ ਵਿਚ ਬ੍ਰਹਮ ਗਿਆਨੀ ਕੋਈ ਨਹੀਂ। ਹਰ ਸ਼ਹਿਰ ਵਿਚ ਸੰਤ ਕੋਈ ਨਹੀਂ। ਸਾਰਕੁਤਾਵਲੀ ਦਾ ਕਰਤਾ ਵੀ ਕਹਿੰਦਾ ਹੈ ਕਿ ਚੰਦਨ ਦਾ ਬੂਟਾ ਹਰ ਜੰਗਲ ਵਿਚ ਨਹੀਂ ਹੁੰਦਾ। ਹੀਰੇ ਹਰ ਪਹਾੜ ਵਿਚ ਨਹੀਂ ਹੁੰਦੇ। ਮਾਨਕ ਹਰ ਹਾਥੀ ਦੇ ਮਸਤੱਕ ਵਿਚ ਨਹੀਂ ਹੁੰਦੇ। ਮਨੀ ਹਰ ਸੱਪ ਦੇ ਮਸਤੱਕ ਵਿਚ ਨਹੀਂ ਹੁੰਦੀ। ਬ੍ਰਹਮ ਗਿਆਨੀ ਹਰ ਸ਼ਹਿਰ ਵਿਚ ਨਹੀਂ ਹੁੰਦੇ। ਕਿਧਰੇ ਕਿਧਰੇ, ਕਿਸੇ ਕਿਸੇ ਥਾਂ 'ਤੇ ਹੁੰਦੇ ਹਨ। ਪਰ ਸੇਵਾਦਾਰ ਤਾਂ ਹਰ ਥਾਂ 'ਤੇ ਹੁੰਦੇ ਹਨ। ਦਾਨੀ ਤਾਂ ਪਿੰਡਾਂ ਵਿਚ ਵੀ ਹੁੰਦੇ ਹਨ।

ਗਿਆਨੀ ਵੀ ਪਿੰਡਾਂ ਵਿਚ ਹੁੰਦੇ ਹਨ। ਐਸੀ ਕੀ ਗੱਲ ਹੈ ਕਿ ਬ੍ਰਹਮ ਗਿਆਨੀ ਨਹੀਂ ਹੁੰਦੇ, ਕਿਉਂਕਿ ਯਾਂਤਰਿਕ ਕਿਰਿਆ ਬੜੀ ਆਸਾਨ ਹੈ। ਮਨ ਨੂੰ ਸ਼ਾਮਿਲ ਕਰਨਾ ਔਖਾ ਹੈ। ਜ਼ਬਾਨ ਚਲਾ ਲੈਣੀ, ਵਾਹਿਗੁਰੂ ਵਾਹਿਗੁਰੂ ਕਹਿ ਲੈਣਾ ਇਹ ਤਾਂ ਸੌਖਾ ਕੰਮ ਹੈ। ਤੁਸੀਂ ਆਖੋਗੇ ਮਹਾਰਾਜ ਨੇ ਕਿਹਾ ਹੈ-

ਆਖਣਿ ਅਉਖਾ ਸਾਚਾ ਨਾਉ॥

(ਅੰਗ ੯)

ਕਹਿਣਾ ਬੜਾ ਔਖਾ ਹੈ। ਜੇਕਰ ਆਖਣਾ ਮੰਤਰ ਬਣ ਜਾਏ। ਮਨ ਸ਼ਾਮਿਲ ਹੋਵੇ। ਜ਼ਬਾਨ ਉਚਾਰਨ ਕਰੇ ਤੇ ਮਨ ਸੁਣੇ। ਮਨ ਸ਼ਾਮਿਲ ਹੋਵੇ। ਮਨ ਸ੍ਰੋਤਾ ਬਣੇ। ਮੰਤਰ ਹੋ ਗਿਆ। ਫਿਰ ਤਾਂ ਇਕੋ ਦਫ਼ਾ ਆਖਿਆ ਹੋਇਆ ਵੀ ਕਰੋੜਾਂ ਪਾਪਾਂ ਨੂੰ ਧੋ ਦੇਵੇਗਾ। ਜਿਵੇਂ ਇਕੋ ਚੰਗਿਆੜੀ ਲੱਖਾਂ ਮਣ ਲੱਕੜਾਂ ਨੂੰ ਸਾੜ ਕੇ ਭਸਮ ਕਰ ਸਕਦੀ ਹੈ। ਇਕ ਦਫ਼ਾ ਮੰਤਰ ਦਾ ਉਚਾਰਨ ਪਤਾ ਨਹੀਂ ਕਿਤਨੇ ਜਨਮਾਂ ਦੇ ਪਾਪਾਂ ਨੂੰ ਧੋ ਦੇਵੇਗਾ। ਅਤੇ ਸੱਚਮੁੱਚ ਹੀ ਧੋ ਦੇਵੇਗਾ।

ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥

(ਅੰਗ ੩੫੮)

ਇਕ ਰੱਤੀ ਜਿਹੀ ਅੱਗ ਦੀ ਚੰਗਿਆੜੀ ਲੱਖਾਂ ਮਣ ਲੱਕੜਾਂ ਸਾੜ ਕੇ ਭਸਮ ਕਰ ਸਕਦੀ ਹੈ। ਇਕ ਦਫ਼ਾ ਉਸਦਾ ਵਾਹਿਗੁਰੂ ਆਖਿਆ ਹੋਇਆ ਕਰੋੜਾਂ ਪਾਪਾਂ ਨੂੰ ਭਸਮ ਕਰ ਸਕਦਾ ਹੈ। ਨਾਸ਼ ਕਰ ਸਕਦਾ ਹੈ ਅਤੇ ਜ਼ਬਾਨ ਆਖੀ ਜਾ ਰਹੀ ਹੈ ਵਾਹਿਗੁਰੂ ਵਾਹਿਗੁਰੂ, ਮਨ ਸ਼ਾਮਿਲ ਨਹੀਂ। ਮੰਤਰ ਹੀ ਨਹੀਂ। ਤੇ ਜੇ ਮੰਤਰ ਨਹੀਂ, ਮਨ ਦੀ ਸ਼ੁੱਧੀ ਕਿੱਥੇ? ਪਵਿੱਤਰਤਾ ਕਿੱਥੇ? ਮਨ ਮੈਲਾ ਹੈ।

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥

(ਅੰਗ ੫੫੮)

ਮੈਲੇ ਦਾ ਮਨ ਮੈਲਾ ਹੈ। ਇਸ ਸ਼ਬਦ ਵਿਚ ਮੇਰੇ ਪਾਤਿਸ਼ਾਹ ਨੇ ਧਾਰਮਿਕ ਗੁੰਝਲਾਂ ਨੂੰ ਹੱਲ ਕੀਤਾ ਹੈ। ਰੁਚੀ ਬਣੀ। ਕਥਨ ਸ਼ਕਤੀ ਬਣੀ।

ਸੂਹੀ ਮਹਲਾ ੪॥

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥

ਹਰ ਵਕਤ ਕਪਟ ਤੇ ਛੱਲ ਹਿਰਦੇ ਦੇ ਵਿਚ ਚੱਲਦਾ ਹੈ। ਬਾਹਰ ਦੀ ਦੁਨਿਆਵੀ ਕਿਰਿਆ ਵਿਚ ਵੀ ਕਪਟ ਹੈ, ਛੱਲ ਹੈ, ਧੋਖਾ ਹੈ ਅਤੇ ਹਰੀ ਹਰੀ ਕਰੀ ਜਾ ਰਿਹਾ ਹੈ। ਜ਼ਬਾਨ ਨਾਲ ਮੰਤਰ ਜਪੀ ਜਾ ਰਿਹਾ ਹੈ।

ਬਹੁਤ ਪੁਰਾਣੀ ਗੱਲ ਹੈ। ਗਿਆਨੀ ਜਸਵੰਤ ਸਿੰਘ ਜੀ ਪਾਰਸ ਜ਼ਿੰਦਾ ਸਨ। ਹੁਣ ਤਾਂ ਨਹੀਂ ਰਹੇ। ਪਾਣੀਪੱਤ ਰਹਿੰਦੇ ਸਨ। ਕਥਾਵਾਚਕ ਗੁਰਬਾਣੀ ਵਿਆਕਰਣ ਦੇ ਬੜੇ ਗਿਆਨੀ

ਪੰਡਤ। ਪਾਣੀਪੱਤ ਦਾਸ ਸਮਾਗਮ 'ਤੇ ਗਿਆ ਸੀ। ਉਹਨਾਂ ਦੀ ਵੀ ਉਥੇ ਕਥਾ ਸੀ। ਇਹ ਗੱਲ ਸ਼ਾਇਦ 22 ਸਾਲ ਪੁਰਾਣੀ ਹੈ। ਸਮਾਗਮ ਤੋਂ ਵਾਪਿਸ ਆ ਰਹੇ ਸੀ। ਉਹਨਾਂ ਦੀ ਰਿਹਾਇਸ਼ ਪਾਣੀਪੱਤ ਵਿਚ ਸੀ। ਮੈਨੂੰ ਕਹਿਣ ਲੱਗੇ ਗਿਆਨੀ ਜੀ, ਮੈਂ ਪਲੰਘ ਲਈ ਨਵਾਰ ਖ਼ਰੀਦਣੀ ਹੈ। ਲਈ ਜਾਵਾਂ, ਨਹੀਂ ਤਾਂ ਫਿਰ ਦੁਬਾਰਾ ਆਉਣਾ ਪਏਗਾ। ਤੁਸੀਂ ਜਾਉ। ਮੈਂ ਕਿਹਾ, ਕੋਈ ਨਹੀਂ ਮੈਂ ਵੀ ਤੁਹਾਡੇ ਨਾਲ ਹਾਂ। ਇਕੱਠੇ ਚੱਲਾਂਗੇ। ਬਾਜ਼ਾਰ ਵਿਚ ਗਏ ਜਿੱਥੇ ਬਹੁਤ ਸਾਰੀਆਂ ਦੁਕਾਨਾਂ ਸਨ ਤੇ ਮੈਂ ਕਿਹਾ ਉਸ ਦੁਕਾਨਦਾਰ ਕੋਲੋਂ ਲੈ ਜਾਉ। ਹੱਥ ਦੇ ਵਿਚ ਮਾਲਾ ਹੈ। ਮੱਥੇ 'ਤੇ ਤਿਲਕ ਲਾਇਆ ਹੈ। ਤਸਵੀਰਾਂ ਲਾਈਆਂ ਹਨ ਸ੍ਰੀ ਰਾਮ ਦੀਆਂ, ਕ੍ਰਿਸ਼ਨ ਦੀਆਂ। ਧਾਰਮਿਕ ਬੰਦਾ ਲੱਗਦਾ ਹੈ। ਇਥੋਂ ਲੈ ਲਉ। ਪਤਾ ਹੈ ਕੀ ਮੈਨੂੰ ਕਹਿਣ ਲੱਗੇ ਕਿ ਇਹ ਕੱਲ ਕੁੰਭ ਦਾ ਇਸ਼ਨਾਨ ਕਰਕੇ ਆਇਆ ਹੈ। ਪਿਛਲੇ ਪਾਪ ਤਾਂ ਸਾਰੇ ਉਤਾਰ ਆਇਆ ਹੈ ਤੇ ਅੱਗੋਂ ਪਾਪ ਹੁਣ ਮੈਥੋਂ ਹੀ ਸ਼ੁਰੂ ਕਰੇਗਾ। ਇਸ ਤੋਂ ਮੈਂ ਨਹੀਂ ਲੈ ਸਕਦਾ। ਹੋਰ ਕਿਧਰੋਂ ਲੈ ਲਵਾਂਗਾ। ਕਹਿਣ ਲੱਗੇ ਕਿ ਇਹਨਾਂ ਕਰਮ ਕਾਂਡੀਆਂ ਦਾ ਮੈਨੂੰ ਬਹੁਤਾ ਪਤਾ ਹੈ। ਇਹਨਾਂ ਯਾਂਤਰਿਕ ਲੋਕਾਂ ਦਾ ਮੈਨੂੰ ਬਹੁਤਾ ਪਤਾ ਹੈ। ਹੱਥ ਵਿਚ ਸੁੰਦਰ ਗੁਟਕਾ ਰੱਖ ਕੇ ਕਿਵੇਂ ਦੂਜੇ ਨੂੰ ਧੋਖਾ ਦੇਣਾ ਹੈ। ਗਿਆਨੀਆਂ ਵਾਲੇ ਲਿਬਾਸ ਪਹਿਨ ਕੇ ਕਿਵੇਂ ਛੱਲ ਤੇ ਮੱਕਰ ਫ਼ਰੇਬ ਕਰਨਾ ਹੈ। ਹੱਥ ਦੇ ਵਿਚ ਤਸਬੀ ਤੇ ਮਾਲਾ ਰੱਖ ਕੇ ਕਿਵੇਂ ਦੂਜੇ ਨੂੰ ਧੋਖਾ ਦੇਣਾ ਹੈ। ਭਰਮਾਉਣਾ ਹੈ। ਹਾਫ਼ਿਜ਼ ਦਾ ਇਕ ਵਾਕ ਚੇਤੇ ਆਇਆ ਹੈ, ਈਰਾਨੀ ਸੂਫ਼ੀ ਸੰਤ ਸੀ। ਉਹ ਕਹਿੰਦੇ ਹਨ–

ਤਸਬੀ ਬਦਸਤੇ ਜ਼ਾਹਿਦ ਚਸ਼ਮੇ ਬਮਾਲੇ ਮਰਦਮ।

ਹੱਥ ਦੇ ਵਿਚ ਤਸਬੀ ਹੈ, ਸਿਰਫ਼ ਹੱਥ ਦੇ ਵਿਚ। ਮਨ ਕਿਥੇ ਹੈ। ਦੂਜਿਆਂ ਦੇ ਤਨ 'ਤੇ। ਦੂਜਿਆਂ ਦੇ ਧਨ 'ਤੇ। ਦ੍ਰਿਸ਼ਟੀ ਕਿੱਥੇ ਹੈ।

ਤਸਬੀ ਬਦਸਤੇ ਜ਼ਾਹਿਦ ਚਸ਼ਮੇ ਬਮਾਲੇ ਮਰਦਮ।
ਇਹ ਕਾਫ਼ਰੇ ਮੁਸਲਮਾਂ ਦੀਦਮ ਨਾ ਦੀਦਬੂਦਮ।

ਕਹਿੰਦਾ ਹੈ ਕਾਫ਼ਰ ਤਾਂ ਮੈਂ ਬੜੇ ਦੇਖੇ ਸਨ ਪਰ ਮੁਸਲਮਾਨ ਕਾਫ਼ਰ ਪਹਿਲੀ ਦਫ਼ਾ ਦੇਖਿਆ ਹੈ। ਮੁਸਲਮਾਨ ਤੇ ਕਾਫ਼ਰ। ਹੱਥ ਦੇ ਵਿਚ ਤਸਬੀ ਹੈ ਤੇ ਦ੍ਰਿਸ਼ਟੀ ਲੋਕਾਂ ਦੇ ਤਨ 'ਤੇ ਅਤੇ ਧਨ 'ਤੇ। ਕਿਸੇ ਦਾ ਰੂਪ ਹਥਿਆਉਣਾ ਚਾਹੁੰਦਾ ਹੈ। ਕਿਸੇ ਦਾ ਧਨ ਹਥਿਆਉਣਾ ਚਾਹੁੰਦਾ ਹੈ। ਬੜੀ ਪ੍ਰਬਲ ਵਾਸ਼ਨਾ। ਬੜਾ ਪ੍ਰਬਲ ਲੋਭ। ਉਂਝ ਹੱਥ ਦੇ ਵਿਚ ਤਸਬੀ ਹੈ।

ਇਹ ਕਹਿੰਦਾ ਹੈ ਮੈਂ ਨਹੀਂ ਦੇਖਿਆ ਸੀ। ਮੈਂ ਨਹੀਂ ਸੁਣਿਆ ਸੀ। ਜੋ ਮੈਂ ਦੇਖ ਰਿਹਾ ਹਾਂ ਤੇ ਮੈਂ ਸੁਣ ਰਿਹਾ ਹਾਂ। ਕਹਿੰਦਾ ਇਹ ਤਾਂ ਮੈਂ ਸੁਣਿਆ ਸੀ ਕਿ ਚਾਂਦੀ ਪੱਥਰਾਂ ਵਿਚੋਂ ਨਿਕਲਦੀ ਹੈ। ਪਹਾੜਾਂ ਵਿਚੋਂ ਨਿਕਲਦੀ ਹੈ। ਚਿੱਟੀ ਚਾਂਦੀ। ਇਹ ਦੁੱਧ ਵਰਗੀ ਚਿੱਟੀ ਚਾਂਦੀ। ਪਰ ਮੈਂ ਇਹ ਨਹੀਂ ਦੇਖਿਆ ਸੀ। ਕਿਧਰੇ ਵੀ ਨਹੀਂ ਦੇਖਿਆ ਸੀ ਕਿ ਚਾਂਦੀ ਵਿਚੋਂ ਪੱਥਰ ਨਿਕਲ ਰਿਹਾ ਹੈ, ਪੱਥਰਾਂ ਵਿਚੋਂ ਚਾਂਦੀ ਨਹੀਂ, ਚਾਂਦੀ ਵਿਚੋਂ ਪੱਥਰ। ਚਿੱਟੇ ਕੱਪੜੇ ਹਨ ਦੁੱਧ ਵਰਗੇ। ਚਿੱਟਾ

ਦਾੜ੍ਹਾ ਹੈ ਦੁੱਧ ਵਰਗਾ। ਦਿਲ ਬਿਲਕੁਲ ਪੱਥਰ ਦਾ ਪੱਥਰ। ਕਠੋਰ ਦਾ ਕਠੋਰ। ਜ਼ਾਲਮ ਦਾ ਜ਼ਾਲਮ। ਕਪਟੀ ਦਾ ਕਪਟੀ । ਹੂ-ਬ-ਹੂ ਇਸ ਤਰ੍ਹਾਂ ਦੇ ਲੋਕ ਜੋ ਦਿਲ ਦੇ ਤੱਲ 'ਤੇ ਪੱਥਰ ਹਨ। ਜ਼ਬਾਨ ਨਾਲ ਵਾਹਿਗੁਰੂ ਵਾਹਿਗੁਰੂ ਕਰੀ ਜਾ ਰਹੇ ਹਨ। ਰਾਮ ਰਾਮ ਕਰੀ ਜਾ ਰਹੇ ਹਨ। ਅੱਲਾਹ ਹੂ ਅੱਲਾਹ ਹੂ ਕਰੀ ਜਾ ਰਹੇ ਹਨ। ਇਸਲਾਮੀ ਜਗਤ ਵਿਚ ਮਿਲਣਗੇ। ਬੜੇ ਹਿੰਦੂ ਜਗਤ ਵਿਚ ਮਿਲਣਗੇ। ਘੱਟ ਤੁਹਾਨੂੰ ਸਿੱਖਾਂ ਵਿਚ ਵੀ ਨਹੀਂ ਮਿਲਣਗੇ। ਇਹੀ ਕੁਝ ਹੈ। ਅੱਗੇ ਗੁਟਕਾ ਕਰਕੇ ਠੱਗੀ ਕਰਨੀ ਹੈ। ਅੱਗੇ ਮਾਲਾ ਕਰਕੇ, ਸਿਮਰਨਾ ਕਰਕੇ ਠੱਗੀ ਕਰਨੀ ਹੈ। ਤਿਲਕ ਦਿਖਾ ਕੇ ਹੀ ਅਗਲੇ ਨੂੰ ਠੱਗਣਾ ਹੈ। ਜਨੇਊ ਦਿਖਾ ਕੇ ਹੀ ਅਗਲੇ ਨੂੰ ਠੱਗਣਾ ਹੈ।

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥

ਹਰ ਵਕਤ ਵਿਚਾਰਾਂ ਦੇ ਵਿਚ ਕਪਟ। ਉਂਝ ਹਰੀ ਹਰੀ ਕਰ ਰਿਹਾ ਹੈ। ਤਾਂ ਇਹ ਹਰੀ ਹਰੀ ਦਾ ਜੱਪ ਮੰਤਰ ਨਹੀਂ ਹੈ, ਯੰਤਰ ਹੈ। ਸਿਰਫ਼ ਮਸ਼ੀਨ ਪਈ ਕਰਦੀ ਹੈ। ਇਸਦੇ ਵਿਚ ਮਨ ਨਹੀਂ ਹੈ। ਨਾ ਇਸ ਮੰਤਰ ਵਿਚ ਭਾਵਨਾ ਹੈ। ਨਾ ਇਸ ਮੰਤਰ ਦੇ ਵਿਚ ਸ਼ਰਧਾ ਹੈ। ਨਾ ਇਸ ਮੰਤਰ ਵਿਚ ਯਕਸੂਹੀ ਹੈ। ਨਾ ਇਸ ਮੰਤਰ ਨੂੰ ਇਹ ਸੁਣ ਰਿਹਾ ਹੈ। ਮਸ਼ੀਨ ਦੀ ਤਰ੍ਹਾਂ ਵਾਹਿਗੁਰੂ ਵਾਹਿਗੁਰੂ ਕਰੀ ਜਾ ਰਿਹਾ ਹੈ। ਇਸਦੇ ਨਾਲ ਹਿਰਦੇ ਦੀ ਪਵਿੱਤਰਤਾ ਨਹੀਂ ਹੁੰਦੀ। ਜਿੰਨੇ ਚਿਰ ਤੱਕ ਹਿਰਦਾ ਸ਼ਾਮਿਲ ਨਾ ਹੋਵੇ। ਸਾਬਣ ਤੇ ਪਾਣੀ ਨੂੰ ਕੱਪੜੇ ਨੇ ਛੋਹਿਆ ਹੀ ਨਹੀਂ ਤੇ ਕੱਪੜਾ ਸਾਫ਼ ਕਿਥੋਂ ਹੋਵੇਗਾ। ਸ਼ਬਦ ਨੂੰ ਹਿਰਦੇ ਨੇ ਛੋਹਿਆ ਹੀ ਨਹੀਂ। ਹਿਰਦੇ ਨੇ ਸੁਣਿਆ ਹੀ ਨਹੀਂ ਤੇ ਹਿਰਦਾ ਸ਼ੁੱਧ ਕਿੱਥੋਂ ਹੋਵੇਗਾ। ਕਿਸ ਤਰ੍ਹਾਂ ਹੋਵੇਗਾ। ਸਿਰਫ਼ ਜ਼ਬਾਨ ਕਰਦੀ ਰਹੀ। ਇਹ ਤਾਂ ਯਾਂਤਰਿਕ ਹੈ। ਇਹ ਤਾਂ ਮਸ਼ੀਨੀ ਹੈ।

ਹੁਣ ਤਾਂ ਇਹ ਦੇਖਿਆ ਗਿਆ ਹੈ ਕਿ ਦੁਨਿਆਵੀ ਗੱਲਾਂ ਕਰਦੇ ਹੋਇਆਂ ਕਾਰ ਵਿਚ ਟੇਪ ਲੱਗੀ ਹੋਈ ਹੈ ਵਾਹਿਗੁਰੂ ਵਾਹਿਗੁਰੂ ਦੀ। ਪਿੰਡਾਂ ਵਿਚ ਇਕ ਗੁਰਦੁਆਰਾ ਹੈ। ਦੱਸ ਦੱਸ ਹੌਰਨ ਲਾਏ ਹਨ। ਮੈਂ ਕਹਿੰਦਾ ਹੁੰਦਾ ਹਾਂ, ਇਤਨਾ ਪਾਪ ਕਿਉਂ ਪਏ ਕਰਦੇ ਹੋ। ਕੋਈ ਮਰੀਜ਼ ਹੋ ਸਕਦਾ ਹੈ। ਵਿਚਾਰੇ ਦੀ ਨੀਂਦ ਖ਼ਰਾਬ ਕਰੋਗੇ। ਕੋਈ ਬੱਚਾ ਸਕੂਲ ਦਾ ਸਬਕ ਪਿਆ ਯਾਦ ਕਰਦਾ ਹੋਵੇਗਾ। ਕਹਿੰਦੇ ਨਹੀਂ, ਲੋਕਾਂ ਦੇ ਕੰਨਾਂ ਵਿਚ ਬਾਣੀ ਪੈਣੀ ਚਾਹੀਦੀ ਹੈ। ਪਰ ਸਵਾਲ ਇਹ ਹੈ ਕਿ ਤੇਰੇ ਕੰਨ ਵਿਚ ਪਈ ਹੈ ਕਦੀ। ਜਿੰਨ੍ਹਾਂ ਦੇ ਕੰਨਾਂ ਵਿਚ ਨਹੀਂ ਪਈ, ਉਹ ਲੋਕਾਂ ਦੇ ਕੰਨਾਂ ਵਿਚ ਜ਼ਬਰਦਸਤੀ ਪਾਉਣਾ ਚਾਹੁੰਦੇ ਹਨ। ਮੈਂ ਤਾਂ ਇਹ ਦੇਖਿਆ ਹੈ ਕਿ ਹਰ ਬੰਦਾ ਸੁਣਾਉਣਾ ਚਾਹੁੰਦਾ ਹੈ, ਕੋਈ ਸੁਣਨਾ ਨਹੀਂ ਚਾਹੁੰਦਾ ਅਤੇ ਹੁਣ ਤਾਂ ਮੈਂ ਇਸ ਤਰ੍ਹਾਂ ਦੇਖਿਆ ਹੈ। ਯੂ. ਪੀ. ਵਿਚ, ਮੱਧ ਭਾਰਤ ਦੇ ਵਿਚ ਰਾਮਾਇਣ ਦੀ ਕਥਾ ਹੋ ਰਹੀ ਹੈ। ਚਾਰ ਬੰਦੇ ਬੈਠੇ ਹਨ ਤੇ ਸਪੀਕਰ 18 ਲਾਏ ਹਨ। ਸਾਰੇ ਮੁਹੱਲੇ ਨੂੰ ਸਿਰ 'ਤੇ ਚੁੱਕਿਆ ਹੈ। ਹੱਦ ਹੋ ਗਈ। ਸਾਰੇ ਮੁਹੱਲੇ ਦੀ ਨੀਂਦ ਖ਼ਰਾਬ ਕੀਤੀ ਹੋਈ ਹੈ। ਸਾਰੇ ਮੁਹੱਲੇ ਦਾ ਉੱਠਣਾ ਬੈਠਣਾ ਹਰਾਮ ਕੀਤਾ ਹੋਇਆ ਹੈ ਕਿ ਲੋਕਾਂ ਦੇ ਕੰਨਾਂ ਵਿਚ ਪਵੇ। ਹੱਦ ਹੋ ਗਈ ਹੈ। ਤੇਰੇ ਕੰਨ ਵਿਚ ਪਈ ਹੈ? ਤੂੰ ਸੁਣਿਆ ਹੈ? ਤੂੰ ਜੇਕਰ ਸੁਣ ਲਏਂ ਤਾਂ ਤੇਰਾ ਸੁਣਨਾ ਹੀ ਇੰਨਾ ਵੱਡਾ ਪਰਉਪਕਾਰ ਹੋਵੇਗਾ।

ਜਿਸ ਗਲੀ ਚੋਂ ਤੂੰ ਲੰਘ ਜਾਏਂਗਾ, ਤੇਰੇ ਕੋਲੋਂ ਹੀ ਲੋਕਾਂ ਨੂੰ ਪ੍ਰੇਰਨਾ ਮਿਲ ਜਾਏਗੀ। ਤੇਰੇ ਲੰਘਣ ਨਾਲ ਹੀ ਪ੍ਰੇਰਨਾ ਮਿਲ ਜਾਏਗੀ।

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥

(ਅੰਗ ੨੭੨)

ਤੈਨੂੰ ਦੇਖਕੇ ਹੀ ਕਈ ਨਿਹਾਲ ਹੋਣਗੇ ਕਿ ਐਸਾ ਰਸਕ ਬੰਦਾ ਹੈ। ਐਸਾ ਭਾਵਕ ਬੰਦਾ ਹੈ। ਤੇਰੀ ਵਾਇਬਰੇਸ਼ਨ, ਤੇਰੀਆਂ ਲਹਿਰਾਂ ਅਗਲੇ ਨੂੰ ਮਾਲਾ ਮਾਲ ਕਰਨਗੀਆਂ, ਪ੍ਰਭਾਵਿਤ ਕਰਨਗੀਆਂ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਇਸ ਤਰੀਕੇ ਨਾਲ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ।

ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥ ੧॥

ਦਿਨ ਰਾਤ ਇਸ ਤਰ੍ਹਾਂ ਦੇ ਧਾਰਮਿਕ ਕਰਮ ਕਰਦਾ ਹੈ ਅਤੇ ਥੋੜ੍ਹੇ ਨਹੀਂ ਕਰਦਾ, ਬਹੁਤ ਕਰਦਾ ਹੈ। ਭੱਜਾ ਹੀ ਫਿਰਦਾ ਹੈ। ਇਕ ਤੀਰਥ ਤੋਂ ਦੂਜੇ ਤੀਰਥ ਅਤੇ ਇਹ ਕਰਮ, ਉਹ ਕਰਮ। ਪਰ ਆਤਮਿਕ ਆਨੰਦ ਇਸਨੂੰ ਸੁਪਨੇ ਵਿਚ ਵੀ ਨਹੀਂ ਮਿਲਦਾ।

ਦੋ ਅਵਸਥਾਵਾਂ ਹਨ ਸਾਡੀਆਂ — ਜਾਗਰਤ ਤੇ ਸੁਪਨ। ਜੇਕਰ ਦੋਹਾਂ ਵਿਚ ਮਨ ਹੈ ਤਾਂ ਦੋਹਾਂ ਅਵਸਥਾਵਾਂ ਤੋਂ ਸੰਸਕਾਰ ਬਣਦੇ ਹਨ। ਹੁਣ ਜਾਗਰਤ ਹਾਲਤ ਵਿਚ ਬੈਠੇ ਹਾਂ। ਤਨ ਵੀ ਕੰਮ ਕਰਦਾ ਹੈ। ਇਸਦੇ ਵਿਚ ਥੋੜ੍ਹਾ ਬਹੁਤ ਮਨ ਵੀ ਕੰਮ ਕਰਦਾ ਹੈ। ਜਦੋਂ ਰਾਤ ਨੂੰ ਸੌਂ ਜਾਂਦੇ ਹਾਂ ਤਾਂ ਸੁਪਨਿਆਂ ਦੀ ਦੁਨੀਆਂ ਵਿਚ ਸਿਰਫ਼ ਮਨ ਹੀ ਕੰਮ ਕਰਦਾ ਹੈ, ਤਨ ਨਹੀਂ। ਤਨ ਪ੍ਰਭਾਵਿਤ ਜ਼ਰੂਰ ਹੁੰਦਾ ਹੈ, ਪਰ ਤਨ ਕਿਰਿਆਮਾਨ ਨਹੀਂ ਹੁੰਦਾ। ਜੇਕਰ ਰਾਤ ਨੂੰ ਸੁਪਨਾ ਆ ਰਿਹਾ ਹੈ ਕਿ ਦੌੜ ਰਹੇ ਹਾਂ, ਭੱਜ ਰਹੇ ਹਾਂ, ਤਾਂ ਪੈਰ ਤਾਂ ਉਥੇ ਦੇ ਉਥੇ ਪਏ ਹਨ। ਪਿਆ ਮਨੁੱਖ ਬਿਸਤਰੇ ਦੇ ਵਿਚ। ਸਰੀਰ ਕਿਰਿਆਮਾਨ ਨਹੀਂ ਹੋਇਆ, ਪਰ ਮਨ ਦੀ ਕਿਰਿਆ ਚੱਲ ਰਹੀ ਹੈ।

ਸੰਸਕਾਰ ਉਸੇ ਕਰਮ ਦੇ ਬਣਦੇ ਹਨ, ਜਿਸ ਵਿਚ ਮਨ ਹੋਵੇ। ਸੁਪਨੇ ਦੇ ਸੰਸਕਾਰ ਬਣਦੇ ਹਨ। ਰਾਤ ਨੂੰ ਦੁੱਖ ਭਰਿਆ ਸੁਪਨਾ ਆਇਆ ਹੈ, ਲੰਮਾ ਚਲਿਆ ਹੈ ਅਤੇ ਸਵੇਰੇ ਯਾਦ ਵੀ ਰਹਿ ਗਿਆ ਹੈ ਤਾਂ ਦਿਨ ਭਰ ਮਨ ਉਦਾਸ ਰਹੇਗਾ। ਉਸ ਸੁਪਨੇ ਦੀ ਛਾਇਆ, ਉਸ ਸੁਪਨੇ ਦਾ ਅਸਰ। ਸੰਸਕਾਰ ਜੋ ਬਣ ਗਏ। ਦਿਨ ਨੂੰ ਕੋਈ ਦੁਖਤ ਘਟਨਾ ਘੱਟ ਗਈ ਹੈ। ਯਕੀਨ ਜਾਣੋ ਇਹ ਦੁਖਤ ਘਟਨਾ ਰਾਤ ਨੂੰ ਸੁਪਨੇ ਵਿਚ ਵੀ ਪਿੱਛਾ ਕਰੇਗੀ। ਲਾਜ਼ਮੀ ਕਰੇਗੀ। ਜਿਸ ਜਾਗਰਤ ਅਵਸਥਾ ਵਿਚ, ਜਿਸ ਕਿਰਿਆ ਵਿਚ ਮਨ ਸ਼ਾਮਿਲ ਹੋਵੇਗਾ, ਸੰਸਕਾਰ ਤਾਂ ਬਣਨਗੇ। ਰਾਤ ਨੂੰ ਉਸ ਕਿਰਿਆ ਵਿਚ ਤਨ ਤਾਂ ਸ਼ਾਮਿਲ ਨਹੀਂ ਹੁੰਦਾ, ਮਨ ਤਾਂ ਸ਼ਾਮਿਲ ਹੁੰਦਾ ਹੈ।

ਸੁਪਨਾ ਆਉਂਦਾ ਹੀ ਮਨ ਦੇ ਵਿਚੋਂ ਹੈ। ਸੁਪਨੇ ਨੂੰ ਐਵੇਂ ਨਾ ਸਮਝ ਲੈਣਾ, ਸਗੋਂ ਕੁਝ

ਵਿਦਵਾਨ ਜਾਗਰਿਤ ਅਵਸਥਾ ਨਾਲੋਂ ਸੁਪਨੇ ਨੂੰ ਸ਼ਕਤੀਸ਼ਾਲੀ ਮੰਨਦੇ ਹਨ। ਸੁਪਨ ਅਵਸਥਾ ਦੇ ਵਿਚ ਜਾਗਰਤ ਅਵਸਥਾ ਸਾਰੀ ਖੋ ਜਾਂਦੀ ਹੈ। ਕੁਝ ਵੀ ਨਹੀਂ ਪਤਾ ਚੱਲਦਾ ਕਿ ਮੇਰਾ ਨਾਮ ਕੀ ਹੈ। ਪਰਿਵਾਰ ਕਿੰਨਾ ਹੈ। ਬੱਚੇ ਕਿੰਨੇ ਹਨ। ਮਾਂ ਬਾਪ ਦਾ ਕੀ ਨਾਮ ਹੈ। ਕੁਝ ਵੀ ਨਹੀਂ ਪਤਾ ਚੱਲਦਾ। ਸੁਪਨਾ ਜਾਗਰਤ ਅਵਸਥਾ ਨੂੰ ਬਿਲਕੁਲ ਧੋ ਦਿੰਦਾ ਹੈ, ਪਰ ਜਾਗਰਤ ਅਵਸਥਾ ਦੇ ਵਿਚ ਕੁਝ ਨਾ ਕੁਝ ਸੁਪਨਾ ਯਾਦ ਰਹਿ ਜਾਂਦਾ ਹੈ। ਚਲੋ ਸਾਰੀ ਰਾਤ ਸੁਪਨੇ ਚੱਲਣ। 20-25 ਸੁਪਨੇ ਚੱਲਣ ਤਾਂ ਇਕ ਦੋ ਯਦ ਰਹਿ ਜਾਂਦੇ ਹਨ। ਇਸ ਵਾਸਤੇ ਕਹਿੰਦੇ ਹਨ ਸੁਪਨੇ ਦੀ ਛਾਪ ਗਹਿਰੀ ਹੈ। ਬਸ ਸੁਰਤ ਹੈ। ਜੇਕਰ ਉਹ ਸੁਪਨਾ ਬਹੁਤ ਦੁਖਦਾਈ ਹੋਵੇ ਜਾਂ ਸੁੱਖਦਾਈ ਹੋਵੇ ਤਾਂ ਉਸਦੀ ਛਾਪ ਬੜੀ ਗਹਿਰੀ ਹੁੰਦੀ ਹੈ। ਜਾਗਣ 'ਤੇ ਵੀ ਯਾਦ ਰਹਿ ਜਾਂਦੀ ਹੈ, ਪਰ ਸੌਣ 'ਤੇ ਸੁਪਨਮਈ ਅਵਸਥਾ ਵਿਚ ਜਾਗਰਤ ਅਵਸਥਾ ਯਾਦ ਨਹੀਂ ਰਹਿੰਦੀ। ਕਿੱਥੇ ਪਏ ਹਾਂ। ਕਿਹੜਾ ਘਰ ਹੈ ਸਾਡਾ। ਕਿਹੜੀ ਭਾਸ਼ਾ ਹੈ। ਕਿਸ ਮੁਲਕ ਦੇ ਰਹਿਣ ਵਾਲੇ ਹਾਂ। ਸੁਪਨੇ ਵਿਚ ਸਭ ਕੁਝ ਖੋ ਜਾਂਦਾ ਹੈ। ਜਾਗਰਤ ਅਵਸਥਾ ਵਿਚ ਸੁਪਨਾ ਸਾਰੇ ਦਾ ਸਾਰਾ ਨਹੀਂ ਖੋਂਹਦਾ। ਯਾਦ ਰਹਿੰਦੀ ਹੈ। ਜੇਕਰ ਯਾਦ ਰਹਿੰਦੀ ਹੈ ਤਾਂ ਸੁਪਨਾ ਦੁਖ਼ਤਮਈ ਹੈ ਅਤੇ ਯਾਦਾਂ ਵਿਚ ਉਦਾਸੀ ਵੀ ਹੋਵੇਗੀ, ਪ੍ਰੇਸ਼ਾਨੀ ਵੀ ਹੋਵੇਗੀ, ਬੇਚੈਨੀ ਵੀ ਹੋਵੇਗੀ।

ਮਹਾਰਾਜ ਇਥੇ ਕਹਿ ਰਹੇ ਹਨ ਜੋ ਦਿਨ ਭਰ ਤਾਂ ਨਾਮ ਜੱਪਦਾ ਹੈ। ਹਰੀ ਹਰੀ, ਵਾਹਿਗੁਰੂ ਵਾਹਿਗੁਰੂ ਜੱਪਦਾ ਹੈ ਪਰ ਹਿਰਦੇ ਵਿਚ ਕਪਟ ਰੱਖਦਾ ਹੈ ਤਾਂ ਜੱਪਣਾ ਮੰਤਰ ਨਹੀਂ ਹੈ। ਇਸ ਤਰ੍ਹਾਂ ਦੇ ਬੰਦੇ ਨੂੰ ਕਦੀ ਸੁਪਨੇ ਵਿਚ ਆਤਮਕ ਆਨੰਦ ਨਹੀਂ ਮਿਲੇਗਾ। ਇਹ ਸੁਪਨੇ ਵਿਚ ਵੀ ਕਦੀ ਸੁਖੀ ਨਹੀਂ ਹੋ ਸਕਦਾ। ਇਹ ਜਾਗਰਤ ਅਵਸਥਾ ਵਿਚ ਜਿਸ ਤਰ੍ਹਾਂ ਕਪਟ ਵਿਚ ਰਹਿੰਦਾ ਹੈ, ਸੁਪਨ ਅਵਸਥਾ ਵਿਚ ਵੀ ਰੋਂਦਾ ਪਿੱਟਦਾ ਰਹੇਗਾ। ਦੁਖੀ ਰਹੇਗਾ। ਇਸਨੂੰ ਸੁਪਨੇ ਵਿਚ ਵੀ ਆਨੰਦ ਪ੍ਰਾਪਤ ਨਹੀਂ ਹੋਣਾ।

ਗਿਆਨੀ ਗੁਰ ਬਿਨੁ ਭਗਤਿ ਨ ਹੋਈ॥

ਹੁਣ ਸੰਬੋਧਨ ਕਰਦੇ ਪਏ ਹਨ ਗਿਆਨੀ ਨੂੰ, ਕਿਉਂਕਿ ਇਸ ਤਰ੍ਹਾਂ ਦੇ ਗਿਆਨੀ ਲੋਕ ਹੀ ਅਖੰਡ ਕੀਰਤਨ ਕਰਨਗੇ ਸਾਰੀ ਸਾਰੀ ਰਾਤ। ਅਖੰਡ ਪਾਠ ਕਰਨਗੇ ਚਾਰ ਚਾਰ, ਦੱਸ ਦੱਸ, ਪੰਜ ਪੰਜ, 101 ਅਖੰਡ ਪਾਠ ਰਖਾਉਣੇ ਹਨ।

ਮੈਂ ਦੋ ਚਾਰ ਡੇਰਿਆਂ 'ਤੇ ਦੇਖ ਕੇ ਹੈਰਾਨ ਹੋਇਆ। 51 ਅਖੰਡ ਪਾਠ ਰੱਖੇ ਸਿੱਧੇ। ਅਤੇ ਫਲਾਨੇ ਨੰਬਰ 'ਤੇ ਪਾਠੀ ਆਉਣਾ ਚਾਹੀਦਾ ਹੈ। ਫਲਾਨੇ ਅਵਾਜ਼ਾਂ ਪਏ ਮਾਰਨ। ਕਿਧਰੇ ਪਾਠੀ ਪਿਆ ਨਹੀਂ ਪਹੁੰਚਦਾ, ਕਿਧਰੇ ਪਾਠੀ ਊਂਘਦਾ ਪਿਆ ਹੈ। ਹੁਣ 51 ਅਖੰਡ ਪਾਠ ਰੱਖਣੇ। ਇਤਨੇ ਪਾਠੀ ਇਕੱਠੇ ਕਰਨੇ। ਕੋਈ ਖ਼ਾਲਾ ਜੀ ਦਾ ਘਰ ਤਾਂ ਹੈ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਦੇ ਹਨ। ਫੋਕਾ ਕਰਮ-ਕਾਂਡ। ਵਿਅਰਥ ਦੀ ਕਰਮ ਕਾਂਡ ਸਰੀਰ ਦੀ ਬੈਠਣ ਦੀ ਸੀਮਾ ਹੈ। ਸਰੀਰ ਦੀ ਬੋਲਣ ਦੀ ਸੀਮਾ ਹੈ। ਵੇਖਣ ਦੀ ਸੀਮਾ ਹੈ। ਹੁਣ ਸਰੀਰ ਥੱਕ ਗਿਆ ਹੈ, ਨਹੀਂ ਬੈਠ ਸਕਦਾ। ਥੋੜ੍ਹਾ ਸੌਂ ਜਾਵਾਂ। ਫਿਰ ਕੀਰਤਨ

ਕਰਦਾ ਹੈ।

ਕੋਈ! ਬੈਣੀ ਜਾਂ ਤ੍ਰਿਲੋਚਨ ਅਰਦਾਸਾ ਸੋਧ ਕੇ ਨਹੀਂ ਬੈਠੇ ਸਨ ਕਿ ਸਾਰੀ ਰਾਤ ਬੈਠਾਂਗੇ ਤੇ ਕੀਰਤਨ ਕਰਾਂਗੇ। ਨਹੀਂ, ਉਹ ਤਾਂ ਕਿਧਰੇ ਸੰਤ ਪ੍ਰਾਹੁਣੇ ਆ ਗਏ, ਮਹਿਮਾਨ ਆ ਗਏ ਤੇ ਭਗਤ ਜੀ ਨੇ ਪਤਨੀ ਨੂੰ ਕਹਿ ਦਿੱਤਾ ਕਿ ਇਹ ਚਾਰ ਪੰਜ ਸੰਤ ਆਏ ਹਨ। ਘਰ ਹੀ ਰਹਿਣਗੇ ਰਾਤ ਨੂੰ। ਤੇ ਰਾਤ ਦਾ ਜਿਹੜਾ ਭੋਜਨ ਹੈ, ਇਹਨਾਂ ਦਾ ਵੀ ਬਣਾ। ਭਗਤਣੀ ਨੇ ਭੋਜਨ ਬਣਾਉਣਾ ਸ਼ੁਰੂ ਕੀਤਾ। ਤੇ ਸਾਰੇ ਸੰਤਾਂ ਦਾ ਮਤਾ ਕਿ ਜਿੰਨੇ ਚਿਰ ਤੱਕ ਭੋਜਨ ਤਿਆਰ ਹੁੰਦਾ ਹੈ, ਆਪਾਂ ਭਜਨ ਕਰ ਲਈਏ। ਸੰਧਿਆ ਦਾ ਵਕਤ ਹੈ। ਬੈਠੇ ਹਨ ਭਜਨ ਵਿਚ। ਸੁਰਤ ਜੁੜ ਗਈ ਸਾਰਿਆਂ ਦੀ ਅਤੇ ਕੁਦਰਤੀ ਗੱਲ ਹੈ ਕਿ ਇਕ ਜੁੜਿਆ ਹੋਇਆ ਹੋਵੇ ਤਾਂ ਉਸ ਦਾ ਸਦਕਾ ਕਈ ਜੁੜ ਜਾਂਦੇ ਹਨ। ਉਹ ਸਾਰੇ ਜੁੜ ਗਏ। ਭੋਜਨ ਬਣਾ ਕੇ ਵਿਚਾਰੀ ਬੈਠੀ ਰਹੀ ਕਿ ਕਦੋਂ ਇਹ ਭਜਨ ਤੋਂ ਉਥਾਨ ਹੋਣ ਤੇ ਮੈਂ ਇਹਨਾਂ ਨੂੰ ਲੰਗਰ ਪਰੋਸ ਕੇ ਦੇਵਾਂ। ਭਜਨ ਦੀ ਮਸਤੀ, ਉਸ ਦੀਆਂ ਲਹਿਰਾਂ ਵਿਚ ਉਹ ਭਗਤਣੀ ਵੀ ਲੀਨ ਹੋ ਗਈ। ਉਹ ਵੀ ਜੁੜ ਗਈ। ਸਾਰੀ ਰਾਤ ਕੀਰਤਨ ਵਿਚ ਹੀ ਲੰਘ ਗਈ। ਭੋਜਨ ਛੱਕਣਾ ਚੇਤੇ ਨਾ ਰਿਹਾ। ਭਜਨ ਹੀ ਭੋਜਨ ਬਣ ਗਿਆ।

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥

(ਅੰਗ ੨੭੩)

ਪ੍ਰਮਾਤਮਾ ਦਾ ਨਾਮ ਹੀ ਭੋਜਨ ਬਣ ਗਿਆ। ਕੋਈ ਪਹਿਲੇ ਅਰਦਾਸਾ ਸੋਧ ਕੇ ਨਹੀਂ ਬੈਠੇ ਸਨ ਕਿ ਹੇ ਪ੍ਰਭੂ! ਸਾਰੀ ਰਾਤ ਤੇਰਾ ਭਜਨ ਕਰਨਾ ਹੈ। ਨਹੀਂ। ਸਾਰੀ ਰਾਤ ਪ੍ਰਭੂ ਨੇ ਕਰਾ ਲਿਆ। ਸੁੱਤੇ ਸਿੱਧ ਹੋ ਗਿਆ। ਸਤਿਗੁਰੂ ਗਿਆਨੀ ਕਰਕੇ ਸੰਬੋਧਨ ਕਰਦੇ ਪਏ ਹਨ। ਅਗਿਆਨੀ ਨੂੰ ਸਮਝਾਉਣਾ ਆਸਾਨ ਹੈ ਪਰ ਗਿਆਨੀ ਨੂੰ ਸਮਝਾਉਣਾ ਬੜਾ ਔਖਾ ਹੈ। ਕਿਉਂਕਿ ਗਿਆਨੀ ਇਹ ਸਮਝਦਾ ਹੈ ਕਿ ਮੈਂ ਜਾਣਦਾ ਹਾਂ। ਮੈਨੂੰ ਪਤਾ ਹੈ। ਹੁਣ ਪਤਾ ਕੁਝ ਵੀ ਨਹੀਂ ਤੇ ਕਹਿੰਦਾ ਹੈ ਮੈਨੂੰ ਪਤਾ ਹੈ। ਹੁਣ ਇਸਨੂੰ ਕਿਸ ਤਰ੍ਹਾਂ ਸਮਝਾਈਏ, ਪਤਾ ਤੇ ਕੁਝ ਵੀ ਨਹੀਂ ਇਸਨੂੰ।

ਯਕੀਨ ਜਾਣੋ, ਧਾਰਮਿਕ ਜਗਤ ਵਿਚ ਬਹੁਤਾ ਜੋ ਨੁਕਸਾਨ ਹੋਇਆ ਹੈ, ਅੱਜ ਤੱਕ ਮੌਲਵੀਆਂ ਕਰਕੇ ਹੋਇਆ ਹੈ। ਬ੍ਰਾਹਮਣਾਂ ਕਰਕੇ ਹੋਇਆ ਹੈ। ਗਿਆਨੀਆਂ ਕਰਕੇ ਹੋਇਆ ਹੈ। ਜਾਣਦੇ ਕੁਝ ਨਹੀਂ। ਦਾਅਵਾ ਹੈ ਕਿ ਜਾਣਦੇ ਹਾਂ। ਗਿਆਨੀ ਹਨ ਪਰ ਜਾਣਦੇ ਕੁਝ ਨਹੀਂ ਕਿ ਦਇਆ ਕਿਸਨੂੰ ਕਹਿੰਦੇ ਹਨ। ਸੀਲ-ਸੰਜਮ ਕਿਸਨੂੰ ਕਹਿੰਦੇ ਹਨ। ਆਤਮਕ ਆਨੰਦ ਕਿਸਨੂੰ ਕਹਿੰਦੇ ਹਨ। ਬਸ ਬਾਹਰੋਂ ਸੁਣਿਆ ਹੈ। ਪੜ੍ਹਿਆ ਹੈ। ਬਿਆਨ ਕਰੀ ਜਾਂਦੇ ਹਨ। ਅਵਸਥਾ ਉਹਨਾਂ ਦੀ ਨਹੀਂ ਹੈ, ਪਰ ਕਿਉਂਕਿ ਪੜ੍ਹਿਆ, ਸੁਣਿਆ ਤੇ ਯਾਦ ਕੀਤਾ ਹੈ ਤਾਂ ਗਿਆਨੀ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਸਨ ਕਿ ਗਿਆਨੀਆਂ ਨੂੰ ਸਮਝਾਉਣਾ ਔਖਾ ਹੈ, ਕਿਉਂਕਿ ਉਹ ਪਹਿਲੇ ਮੰਨ ਲੈਂਦਾ ਹੈ ਕਿ ਮੈਂ ਜਾਣਦਾ ਹਾਂ। ਜਾਣਦਾ ਕੁਝ ਵੀ ਨਹੀਂ ਅਤੇ

ਭਗਤ ਕਬੀਰ ਨੇ ਵੀ ਕਹਿ ਦਿੱਤਾ—

ਹ੍ਰਿਦੈ ਕਪਟੁ ਮੁਖ ਗਿਆਨੀ॥

ਬੜਾ ਗਿਆਨੀ ਹੈ। ਹਿਰਦੇ ਵਿਚ ਤਾਂ ਕਪਟ ਹੈ। ਬੜੀ ਬਾਣੀ ਯਾਦ ਹੈ। ਚਾਰੇ ਵੇਦ ਯਾਦ ਹਨ। ਸਾਰੀ ਗੀਤਾ ਕੰਠ ਹੈ। ਸਾਰੀ ਕੁਰਾਨ ਹਿਫਜ਼ ਹੈ। ਹਿਰਦੇ ਵਿਚ ਤਾਂ ਕਪਟ ਹੈ।

ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥

(ਅੰਗ ੬੫੬)

ਅਤੇ ਬਹੁਤਾ ਧਾਰਮਿਕ ਜਗਤ ਵਿਚ ਨੁਕਸਾਨ ਇਹਨਾਂ ਗਿਆਨੀਆਂ ਕਰਕੇ ਹੁੰਦਾ ਹੈ। ਇਹਨਾਂ ਮੌਲਵੀਆਂ ਕਰਕੇ ਹੁੰਦਾ ਹੈ। ਜੁਨੇਦ ਨੇ ਜਦ ਮਨਸੂਰ ਨੂੰ ਕਿਹਾ ਅਨਲਹੱਕ ਨਾ ਆਖ ਤਾਂ ਪਤਾ ਹੈ ਮਨਸੂਰ ਨੇ ਆਪਣੇ ਵਿੱਦਿਆ ਗੁਰੂ ਨੂੰ ਕੀ ਆਖਿਆ? ਤੁਸੀਂ ਤਾਂ ਸੂਫ਼ੀ ਹੋ। ਮੌਲਵੀਆਂ ਵਾਲੀ ਗੱਲ ਕਿਉਂ ਕਰਦੇ ਹੋ? ਇਹ ਫ਼ਤਵੇ ਤਾਂ ਮੌਲਵੀ ਆਇਦ ਕਰਦੇ ਹੁੰਦੇ ਹਨ। ਇਸਦਾ ਮਤਲਬ ਹੈ ਕਿ ਇਸਲਾਮੀ ਜਗਤ ਵਿਚ ਮੌਲਵੀ ਕੋਈ ਕਾਬਲੇ ਕਬੂਲ ਨਹੀਂ ਰਿਹਾ ਸੀ। ਅੱਖਰੀ ਗਿਆਨ ਬੜਾ ਹੈ, ਅਵਸਥਾ ਨਹੀਂ ਹੈ। ਗਿਆਨੀ ਨੂੰ ਅੱਖਰੀ ਗਿਆਨ ਬੜਾ ਹੈ, ਅਵਸਥਾ ਨਹੀਂ ਹੈ। ਬ੍ਰਾਹਮਣ ਨੂੰ ਅੱਖਰੀ ਗਿਆਨ ਬੜਾ ਹੈ, ਅਵਸਥਾ ਨਹੀਂ ਹੈ। ਇਹਨਾਂ ਲੋਕਾਂ ਕਰਕੇ ਧਾਰਮਿਕ ਜਗਤ ਦੇ ਵਿਚ ਨੁਕਸਾਨ ਬੜਾ ਹੁੰਦਾ ਹੈ। ਇਸ ਵਾਸਤੇ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਹੇ ਗਿਆਨੀ! ਗੁਰੂ ਦੀ ਸਮਝ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਗੁਰੂ ਦੀ ਭਾਵਨਾ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਗੁਰ-ਸ਼ਬਦ ਦੀ ਵਿਚਾਰ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਅੰਦਰ ਕਪਟ ਬਣਿਆ ਰਹੇਗਾ।

ਗਿਆਨੀ ਗੁਰ ਬਿਨੁ ਭਗਤਿ ਨ ਹੋਈ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ ਰਹਾਉ॥

ਕਦੀ ਕੋਰੇ ਕੱਪੜੇ ਨੂੰ ਵੀ ਰੰਗ ਚੜ੍ਹਦਾ ਹੈ? ਹਿਰਦੇ ਦੇ ਵਿਚ ਭਾਵਨਾ ਹੀ ਨਹੀਂ। ਹਿਰਦੇ ਦੇ ਵਿਚ ਸ਼ਰਧਾ ਹੀ ਨਹੀਂ। ਹਿਰਦੇ ਵਿਚ ਭਰੋਸਾ ਹੀ ਨਹੀਂ। ਬੜਾ ਅੱਖਰੀ ਗਿਆਨ ਹੈ। ਇਸਦੇ ਨਾਲ ਮਨ ਕਿਸ ਤਰ੍ਹਾਂ ਰੰਗਿਆ ਜਾਏਗਾ? ਇਸਦੇ ਨਾਲ ਹਿਰਦੇ ਵਿਚ ਕੀ ਤਬਦੀਲੀ ਆਵੇਗੀ? ਕਦੀ ਨਹੀਂ ਆਵੇਗੀ। ਹਿਰਦਾ ਕਠੋਰ ਦਾ ਕਠੋਰ ਬਣਿਆ ਰਹੇਗਾ।

ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥

ਹੈ ਤਾਂ ਆਪਣੇ ਮਨ ਦੇ ਅਧੀਨ। ਅੰਦਰ ਤੇ ਸਾਰੀ ਸੋਚਣੀ ਮਾਨਸਿਕ ਹੈ। ਇਸਦੀ ਆਪਣੀ ਹੈ। ਕੋਈ ਭਾਵਨਾ ਨਹੀਂ। ਕੋਈ ਰੱਬੀ ਭਰੋਸਾ ਨਹੀਂ। ਉਂਝ ਵਰਤ ਵੀ ਰੱਖ ਰਿਹਾ ਹੈ। ਪੂਜਾ ਵੀ ਕਰ ਰਿਹਾ ਹੈ। ਸਾਰੇ ਧਾਰਮਿਕ ਕਰਮ ਕਰ ਰਿਹਾ ਹੈ, ਪਰ ਜੀਅ ਰਿਹਾ ਹੈ ਆਪਣੇ ਮਨ ਦੇ ਮੁਤਾਬਿਕ। ਪ੍ਰਭੂ ਨੂੰ ਸਾਹਮਣੇ ਰੱਖ ਕੇ ਨਹੀਂ ਜੀਅ ਰਿਹਾ। ਪ੍ਰਮਾਤਮਾ ਦੀ ਭਾਵਨਾ ਨਹੀਂ। ਭਰੋਸਾ ਨਹੀਂ। ਵਿਸ਼ਵਾਸ ਨਹੀਂ। ਪ੍ਰਮਾਤਮਾ ਦਾ ਨਾਮ ਹੈ ਦਇਆ ਦਾ, ਪਰ ਕਠੋਰਤਾ

ਨਾਲ ਪੇਸ਼ ਆ ਰਿਹਾ ਹੈ। ਕਠੋਰਤਾ ਨਾਲ ਜਿਹੜਾ ਪੇਸ਼ ਆਵੇ ਸਮਝ ਲੈਣਾ, ਇਸਦਾ ਅਜੇ ਪ੍ਰਭੂ ਨਾਲ ਕੋਈ ਸੰਬੰਧ ਨਹੀਂ, ਕਿਉਂਕਿ ਪ੍ਰਮਾਤਮਾ ਤਾਂ ਦਇਆ ਹੈ। ਜ਼ਬਾਨ ਨਾਲ ਝੂਠ ਬੋਲ ਰਿਹਾ ਹੈ। ਅਜੇ ਇਸਦਾ ਸੱਚ ਨਾਲ ਕੋਈ ਸੰਬੰਧ ਨਹੀਂ। ਨਫ਼ਰਤ ਤੇ ਘ੍ਰਿਣਾ ਵਿਚ ਜੀਅ ਰਿਹਾ ਹੈ। ਅਜੇ ਇਸਦਾ ਪ੍ਰੇਮ ਨਾਲ ਕੋਈ ਸੰਬੰਧ ਨਹੀਂ। ਪ੍ਰੇਮ ਹੀ ਤਾਂ ਪ੍ਰਮਾਤਮਾ ਹੈ।

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥

(ਜਾਪੁ ਸਾਹਿਬ)

ਪੂਜਾ ਕਰਦਾ ਹੈ, ਪਾਠ ਕਰਦਾ ਹੈ। ਵਰਤ ਰੱਖਦਾ ਹੈ। ਬਹੁਤ ਕੁਝ ਕਰਦਾ ਹੈ, ਪਰ ਹਿਰਦੇ ਵਿਚੋਂ ਅਪਵਿੱਤਰਤਾ ਜਾਂਦੀ ਨਹੀਂ। ਮੈਲ, ਕਪਟ, ਛੱਲ ਬਣਿਆ ਹੀ ਰਹਿੰਦਾ ਹੈ।

ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥ ੨॥

ਬੜਾ ਪ੍ਰਬਲ ਅੰਦਰ ਹੰਕਾਰ ਹੈ। ਮੈਂ ਜਾਣਦਾ ਹਾਂ। ਗਿਆਨੀ ਹਾਂ। ਅਭਿਮਾਨ ਹੈ। ਇਸ ਰੋਗ ਦੇ ਸਦਕਾ ਬੜਾ ਦੁੱਖੀ ਹੁੰਦਾ ਹੈ ਅਤੇ ਇਸੇ ਅਭਿਮਾਨ ਅਧੀਨ, ਹੰਕਾਰ ਅਧੀਨ ਸਾਰੇ ਕਰਮ ਕਰੀ ਜਾਂਦਾ ਹੈ। ਜਦ ਇਤਨਾ ਵੱਡਾ ਰੋਗ ਮੌਜੂਦ ਹੈ ਤਾਂ ਹੁਣ ਜੋ ਕੁਝ ਵੀ ਕਰੇਗਾ, ਉਸ ਕ੍ਰਿਤ ਦੇ ਵਿਚ ਵੀ ਰੋਗ ਹੋਵੇਗਾ। ਮਹਾਂ ਰੋਗ ਕੀ ਹੈ? ਅਭਿਮਾਨ। ਮਹਾਂ ਰੋਗ ਕੀ ਹੈ? ਹੰਕਾਰ। ਦਾਨ ਕਰ ਰਿਹਾ ਹੈ, ਹੰਕਾਰ ਕਰਕੇ। ਪੁੰਨ ਕਰ ਰਿਹਾ ਹੈ, ਹੰਕਾਰ ਕਰਕੇ। ਸੇਵਾ ਕਰ ਰਿਹਾ ਹੈ, ਹੰਕਾਰ ਕਰਕੇ। ਹੈਰਾਨੀ ਦੀ ਗੱਲ ਹੈ। ਧਾਰਮਿਕ ਮੰਦਿਰਾਂ ਦੀ ਵੀ ਸੇਵਾ ਕਰ ਰਿਹਾ ਹੈ ਪਰ ਅੰਦਰ ਚਾਹਤ ਹੈ ਕਿ ਨਾਮ ਮੇਰਾ ਹੋਵੇ। ਕਰੈਡਿਟ ਮੈਨੂੰ ਮਿਲੇ। ਸੇਵਾ ਕਰਨ ਦਾ ਤਾਂ ਮਤਲਬ ਇਤਨਾ ਸੀ, ਮੇਰਾ ਨਾਮੁ ਬਿਲਕੁਲ ਮਿੱਟ ਜਾਏ ਤਾਂ ਪ੍ਰਮਾਤਮਾ ਦਾ ਨਾਮ ਪ੍ਰਗਟ ਹੋ ਜਾਏ। ਤੂੰ ਪ੍ਰਗਟ ਹੋ ਜਾਏਂ। ਪ੍ਰਮਾਤਮਾ ਦਾ ਨਾਮ ਭਾਵੇਂ ਪ੍ਰਗਟ ਹੋਵੇ ਭਾਵੇਂ ਨਾ ਹੋਵੇ, ਮੇਰਾ ਨਾਮ ਪ੍ਰਗਟ ਹੋਵੇ। ਆਖ਼ਿਰ ਇਹੀ ਤਾਂ ਚਾਹਤ ਹੈ। ਹੋਰ ਕੀ ਹੈ। ਹੰਕਾਰ ਦੀ ਇਹੀ ਮੰਗ ਹੈ। ਸੋ ਸਾਹਿਬ ਕਹਿੰਦੇ ਹਨ ਕਿ ਮਹਾਂ ਰੋਗ ਕਰਕੇ ਹੀ ਸਾਰੇ ਕਰਮ ਕਰ ਰਿਹਾ ਹੈ। ਇਸਦੇ ਨਾਲ ਆਤਮਿਕ ਆਨੰਦ ਨਹੀਂ ਪੈਦਾ ਹੁੰਦਾ।

ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥

ਮਨ ਦੇ ਵਿਚ ਤਾਂ ਦਸਾਂ ਦਿਸ਼ਾਵਾਂ ਦੀ ਭਟਕਣਾ ਮੌਜੂਦ ਹੈ, ਪਰ ਬਾਹਰੋਂ ਧਰਮ ਦਾ ਭੇਖ ਵੀ ਧਾਰਨ ਕੀਤਾ ਹੋਇਆ ਹੈ। ਸੰਤ ਬਣਿਆ ਹੋਇਆ ਹੈ। ਕਈਆਂ ਦੇ ਬਸ ਕੱਪੜੇ ਹੀ ਗਿਆਨੀ ਹਨ। ਕੱਪੜੇ ਹੀ ਸੰਤ ਹਨ। ਕੱਪੜੇ ਹੀ ਫ਼ਕੀਰ ਹਨ।

ਵਿਚਾਰਾ ਗ਼ਾਲਬ ਕਿਧਰੇ ਮੁਸ਼ਾਹਿਰੇ ਵਿਚ ਗਿਆ ਸੀ ਹੈਦਰਾਬਾਦ। ਨਜ਼ਾਮ ਹੈਦਰਾਬਾਦ ਨੇ ਬੁਲਾਇਆ ਸੀ। ਮੁਫ਼ਲਿਸ ਸੀ। ਸ਼ੇਰਵਾਨੀ ਪਾਈ ਹੋਈ, ਲੀਰਾਂ ਲੀਰਾਂ। ਥੱਲੇ ਚੋਲਾ ਵੀ ਲੀਰਾਂ ਲੀਰਾਂ। ਟੋਪੀ ਵੀ ਪਾਈ ਹੋਈ। ਬਾਕੀ ਸ਼ਾਇਰ ਤਾਂ ਅੰਦਰ ਚਲੇ ਗਏ, ਪਰ ਜਿਉਂ ਹੀ ਗ਼ਾਲਬ ਜਾਣ ਲੱਗਾ ਤਾਂ ਦਰਬਾਨ ਨੇ ਰੋਕ ਲਿਆ। ਕਹਿੰਦਾ ਤੂੰ ਅੰਦਰ ਨਹੀਂ ਜਾ

ਸਕਦਾ। ਉਹ ਬੜਾ ਆਖੇ ਕਿ ਮੈਂ ਮਿਰਜ਼ਾ ਗ਼ਾਲਬ ਹਾਂ। ਕਹਿੰਦਾ ਹੈ, ਤੇਰੇ ਜੈਸੇ ਕਈ ਪਾਗ਼ਲ ਆਪਣੇ ਆਪ ਨੂੰ ਮਿਰਜ਼ਾ ਗ਼ਾਲਬ ਕਹਿੰਦੇ ਹਨ। ਹੋ ਜਾ ਇਕ ਪਾਸੇ। ਵਿਚਾਰਾ ਵਾਪਿਸ ਆ ਗਿਆ। ਉਸਤਾਦ ਜ਼ੌਕ ਤੇ ਇਹ ਦੋਵੇਂ ਇਕੱਠੇ ਠਹਿਰੇ ਸਨ ਤੇ ਜ਼ੌਕ ਨੇ ਪੁੱਛ ਲਿਆ, ਗ਼ਾਲਬ ਪਹੁੰਚੇ ਨਹੀਂ। ਕਹਿਣ ਲੱਗਾ ਕੀ ਕਰੀਏ ਆਉਣ ਨਹੀਂ ਦਿੱਤਾ। ਦਰਬਾਨ ਨੇ ਰੋਕ ਦਿੱਤਾ। ਤਾਂ ਜ਼ੌਕ ਕਹਿਣ ਲੱਗਾ, ਮੈਂ ਤੈਨੂੰ ਪਹਿਲੇ ਕਿਹਾ ਸੀ। ਤੂੰ ਕੱਪੜੇ ਮੇਰੇ ਕੋਲੋਂ ਲੈ ਲੈ ਜੇ ਤੇਰੇ ਕੋਲ ਨਹੀਂ ਹਨ। ਤੂੰ ਮੇਰੀ ਸ਼ੇਰਵਾਨੀ ਪਹਿਨ ਲੈ। ਤਿੰਨ ਦਿਨ ਮੁਸ਼ਾਇਰਾ ਚੱਲਣਾ ਹੈ। ਹੁਣ ਕੱਲ ਜਾਵਾਂਗੇ। ਤੂੰ ਮੇਰੇ ਕੱਪੜੇ ਪਾ ਲਈਂ। ਮੇਰੀ ਸ਼ੇਰਵਾਨੀ ਪਹਿਨ ਲਈਂ। ਉੱਪਰ ਜਿਹੜਾ ਲੰਮਾ ਜਿਹਾ ਕੋਟ ਮੁਸਲਮਾਨ ਲੋਕ ਪਹਿਨਦੇ ਹਨ, ਸ਼ੇਰਵਾਨੀ ਕਹਿੰਦੇ ਹਨ ਉਸਨੂੰ।

ਨਾ ਚਾਹੁੰਦਿਆਂ ਹੋਇਆਂ ਵੀ ਉਸਨੇ ਉਸਤਾਦ ਜ਼ੌਕ ਦੀ ਸ਼ੇਰਵਾਨੀ ਪਹਿਨ ਲਈ। ਅੱਜ ਰਾਤ ਨੂੰ ਜਦੋਂ ਮੁਸ਼ਾਇਰੇ ਵਿਚ ਜਾਣ ਲੱਗਾ ਤਾਂ ਉਸੇ ਦਰਬਾਨ ਨੇ ਸਲਾਮ ਕੀਤਾ ਹੈ। ਕੱਲ ਰੋਕਿਆ ਸੀ, ਅੱਜ ਸਲਾਮ ਕੀਤਾ ਹੈ। ਚਲਾ ਗਿਆ ਅੰਦਰ। ਮੁਸ਼ਾਇਰੇ ਤੋਂ ਬਾਅਦ ਨਜ਼ਾਮ ਹੈਦਰਾਬਾਦ ਨੇ ਸਾਰਿਆਂ ਲਈ ਲੰਗਰ ਦਾ ਇੰਤਜ਼ਾਮ ਕੀਤਾ ਹੋਇਆ ਸੀ। ਦਸਤਰਖ਼ਾਨ 'ਤੇ ਬੈਠ ਗਏ। ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣੇ। ਹੁਣ ਗ਼ਾਲਬ ਚੁੱਕਦੇ ਹਨ ਤੇ ਸ਼ੇਰਵਾਨੀ ਨੂੰ ਖਵਾਉਂਦੇ ਹਨ। ਸ਼ੇਰਵਾਨੀ ਖ਼ਰਾਬ ਕਰੀ ਜਾਂਦੇ ਹਨ। ਸਬਜ਼ੀ ਨੂੰ ਸ਼ੇਰਵਾਨੀ ਨਾਲ ਛੁਹਾਉਂਦੇ ਹਨ। ਹਲਵਾ ਹੈ, ਸ਼ੇਰਵਾਨੀ ਨਾਲ ਛੁਹਾਉਂਦੇ ਹਨ। ਹੋਰ ਤਰ੍ਹਾਂ ਤਰ੍ਹਾਂ ਦੇ ਪਦਾਰਥ ਹਨ, ਸ਼ੇਰਵਾਨੀ ਨੂੰ ਕਹਿੰਦੇ ਹਨ ਖਾ। ਤੇ ਨਮਾਜ਼ ਹੈਦਰਾਬਾਦ ਨੂੰ ਥੋੜ੍ਹਾ ਜਿਹਾ ਸ਼ੱਕ ਪੈ ਗਿਆ, ਕਿਧਰੇ ਬਹੁਤੀ ਪੀ ਕੇ ਤਾਂ ਨਹੀਂ ਆ ਗਿਆ। ਸ਼ਰਾਬੀ ਲੱਗਦਾ ਹੈ, ਪਰ ਫਿਰ ਵੀ ਉਸ ਨੇ ਪੁੱਛ ਲਿਆ, ਮਿਰਜ਼ਾ ਸਾਹਿਬ! ਇਹ ਕੀ ਕਰ ਰਹੇ ਹੋ? ਖਾਣਾ ਖਾਉ। ਸ਼ੇਰਵਾਨੀ ਨੂੰ ਕੀ ਖਿਲਾ ਰਹੇ ਹੋ? ਉਸ ਵਕਤ ਗ਼ਾਲਬ ਕਹਿਣ ਲੱਗਾ ਕਿ ਗ਼ਾਲਬ ਤਾਂ ਆਇਆ ਨਹੀਂ, ਆਈ ਤਾਂ ਸ਼ੇਰਵਾਨੀ ਹੈ, ਤਾਂ ਇਹੀ ਖਾਏਗੀ। ਗ਼ਾਲਬ ਨੂੰ ਤਾਂ ਆਉਣ ਹੀ ਨਹੀਂ ਦਿੱਤਾ। ਸ਼ੇਰਵਾਨੀ ਗ਼ਾਲਬ ਬਣ ਗਈ।

ਕਈਆਂ ਦੇ ਕੱਪੜੇ ਹੀ ਸੰਤ ਹਨ। ਉਂਝ ਸੰਤ ਕੋਈ ਨਹੀਂ। ਕੱਪੜੇ ਹੀ ਗਿਆਨੀ ਹਨ। ਕੱਪੜੇ ਹੀ ਪੰਡਿਤ ਹਨ। ਕੱਪੜੇ ਹੀ ਮੌਲਵੀ ਫ਼ਾਜ਼ਲ ਹਨ, ਬਾਕੀ ਕੁਝ ਨਹੀਂ। ਬਸ ਕੱਪੜੇ ਹੀ ਕੱਪੜੇ ਹਨ। ਬਸਤਰ ਹੀ ਬਸਤਰ ਹਨ। ਤਾਂ ਮਹਾਰਾਜ ਕਹਿੰਦੇ ਹਨ ਕਿ ਭੇਖ ਬੜਾ ਧਾਰਨ ਕੀਤਾ ਹੈ। ਧਾਰਮਿਕ ਲਿਬਾਸ ਪਹਿਨਿਆ ਹੋਇਆ ਹੈ। ਚਲਾਕ ਬੜਾ ਹੈ। ਦਲੀਲਬਾਜ਼ ਬੜਾ ਹੈ। ਗੱਲਾਂ ਬੜੀਆਂ ਆਉਂਦੀਆਂ ਹਨ, ਪਰ ਮਨ ਵਿਚ ਸੋਗ ਹੈ, ਚਿੰਤਾ ਹੈ, ਦੁੱਖ ਹੈ, ਸੰਤਾਪ ਹੈ। ਉਂਝ ਬੜਾ ਚਤੁਰ ਚਲਾਕ ਹੈ ਤੇ ਧਾਰਮਿਕ ਭੇਖ ਵੀ ਧਾਰਨ ਕੀਤਾ ਹੋਇਆ ਹੈ।

ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ॥ ੩॥

ਸ਼ਬਦ ਦਾ ਚਿੰਤਨ ਨਹੀਂ ਕਰਦਾ। ਸ਼ਬਦ ਵਿਚ ਭਾਵਨਾ ਨਹੀਂ। ਸ਼ਬਦ ਨੂੰ ਸੁਣਦਾ

ਨਹੀਂ। ਹੰਕਾਰ ਕਰਕੇ ਕਰਮ ਕਰੀ ਜਾ ਰਿਹਾ ਹੈ। ਆਪਣੀ ਸਿਆਣਪ ਪ੍ਰਗਟ ਕਰੀ ਜਾ ਰਿਹਾ ਹੈ। ਇਸ ਤਰੀਕੇ ਨਾਲ ਦੁੱਖ ਵਿਚ ਆਪਣੀ ਜ਼ਿੰਦਗੀ ਬਤੀਤ ਕਰਦਾ ਹੈ।

ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥

ਜਿਸ ਦੇ ਉੱਤੇ ਪ੍ਰਭੂ ਦੀ ਬਖ਼ਸ਼ਿਸ਼ ਹੋ ਜਾਏ, ਰਹਿਮਤ ਹੋ ਜਾਏ, ਉਸਨੂੰ ਅਕਲ ਮਿਲ ਜਾਂਦੀ ਹੈ। ਸਮਝ ਮਿਲ ਜਾਂਦੀ ਹੈ ਅਤੇ ਉਹੀ ਨਾਮ ਵਿਚ ਆਪਣਾ ਧਿਆਨ ਜੋੜਦਾ ਹੈ। ਨਾਮ ਧਿਆਨ-ਸਾਧਨਾ ਹੈ। ਧਰਮ ਧਿਆਨ-ਸਾਧਨਾ ਹੈ।

ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥ ੪॥ ੪॥

ਗੁਰੂ ਦੀ ਬਖ਼ਸ਼ਿਸ਼ ਨਾਲ, ਗੁਰੂ ਦੀ ਰਹਿਮਤ ਨਾਲ ਜਦ ਇਸ ਤਰ੍ਹਾਂ ਦੀ ਸਮਝ ਆ ਜਾਂਦੀ ਹੈ ਕਿ ਪ੍ਰਮਾਤਮਾ ਦੀ ਕ੍ਰਿਪਾ ਦੇ ਪਾਤਰ ਬਣੀਏ ਤੇ ਫਿਰ ਜਦ ਪ੍ਰਮਾਤਮਾ ਦੀ ਨਿਗਾਹ ਦੇ ਥੱਲੇ ਆ ਜਾਂਦੇ ਹਨ ਅਤੇ ਉਸ ਦੀਆਂ ਨਜ਼ਰਾਂ ਪੈ ਜਾਂਦੀਆਂ ਹਨ ਤਾਂ ਧਿਆਨ ਨਾਮ ਦੇ ਵਿਚ ਜੁੜ ਜਾਂਦਾ ਹੈ। ਸੁਰਤ ਸ਼ਬਦ ਦੇ ਵਿਚ ਜੁੜ ਜਾਂਦੀ ਹੈ। ਆਤਮਿਕ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਸਤਿਗੁਰੂ ਰਹਿਮਤ ਕਰਨ, ਥੋੜਾ ਪਾਠ ਕਰੀਏ ਪਰ ਮੰਤਰ ਹੋਵੇ। ਥੋੜਾ ਹੀ ਬੈਠੀਏ ਸੰਗਤ ਵਿਚ ਪਰ ਮਨ ਕਰਕੇ ਬੈਠੀਏ। ਥੋੜਾ ਜੱਪ ਸਹੀ ਵਾਹਿਗੁਰੂ, ਵਾਹਿਗੁਰੂ, ਪਰ ਵਾਹਿਗੁਰੂ ਜੱਪਣਾ ਯੰਤਰ ਨਾ ਹੋਵੇ, ਮੰਤਰ ਹੋਵੇ। ਅਤੇ ਜੇਕਰ ਇਕ ਦਫ਼ਾ ਵਾਕਿਆ ਹੀ ਮੰਤਰ ਬਣ ਗਿਆ ਤਾਂ ਇਕੋ ਦਫ਼ਾ ਦਾ ਆਖਿਆ ਹੋਇਆ ਹੀ ਪਰਮ ਆਨੰਦ ਪ੍ਰਾਪਤ ਕਰਵਾ ਦੇਵੇਗਾ। ਸਮਾਧੀ ਵਿਚ ਲੀਨ ਕਰ ਦੇਵੇਗਾ। ਸਾਰਿਆਂ ਉੱਤੇ ਸਤਿਗੁਰੂ ਐਸੀ ਬਖ਼ਸ਼ਿਸ਼ ਕਰਨ ਤੇ ਸਾਰੇ ਪ੍ਰਮਾਤਮਾ ਦੀ ਕ੍ਰਿਪਾ ਦੇ ਪਾਤਰ ਬਣਨ। ਨਜ਼ਰਾਂ ਦੇ ਥੱਲੇ ਆਉਣ ਤਾਕਿ ਇਹ ਫਲ ਸਾਰਿਆਂ ਦੀ ਝੋਲੀ 'ਚ ਪਵੇ। ਭੁੱਲ ਚੁੱਕ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

***

ਗੁਰ ਕੇ ਚਰਨ ਜੀਅ ਕਾ ਨਿਸਤਾਰਾ

ਧਨਾਸਰੀ ਮਹਲਾ ੫ ॥

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥ ੧ ॥ ਰਹਾਉ ॥
ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥
ਦਾਸੀਂ ਹਰਿ ਕਾ ਨਾਮੁ ਧਿਆਇਆ ॥ ੧ ॥
ਬੰਧਨ ਕਾਟਨਹਾਰੁ ਸੁਆਮੀ ॥
ਜਨ ਨਾਨਕੁ ਸਿਮਰੈ ਅੰਤਰਜਾਮੀ ॥ ੨ ॥ ੩ ॥ ੫੭ ॥

(ਅੰਗ ੬੮੪)

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ !

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

ਧਨਾਸਰੀ ਰਾਗ ਦੇ ਅੰਦਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਬਖ਼ਸ਼ਿਸ਼ ਕੀਤਾ ਇਹ ਹੁਕਮਨਾਮਾ

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥

ਸਾਡੇ ਦੇਸ਼ ਦੇ ਧਰਮ ਗ੍ਰੰਥਾਂ ਵਿਚ ਚਰਨ ਦੀ ਮਹਾਨਤਾ, ਚਰਨਾਂ ਦੀ ਮਹਾਨਤਾ, ਚਰਨਾਂ ਦੀ ਪੂਜਾ, ਚਰਨਾਂ ਦੀ ਸੇਵਾ, ਚਰਨਾਂ ਨਾਲ ਜੁੜਨਾ ਇਤਆਦਿਕ ਪ੍ਰੇਰਨਾ ਦੇ ਬਚਨ ਮਿਲਦੇ ਹਨ। ਸੋ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦ ਪ੍ਰਮਾਤਮਾ ਚੱਕਰ ਚਿੰਨ੍ਹ ਤੋਂ ਨਿਆਰਾ ਹੈ, ਪਰਮ ਸ਼ਕਤੀ ਹੈ ਤਾਂ ਮਨੁੱਖ ਦੀ ਤਰ੍ਹਾਂ ਉਸ ਦੇ ਪੈਰ ਕਿਸ ਤਰ੍ਹਾਂ ਮੰਨ ਲਈਏ ਤੇ ਜਦ ਗੁਰੂ ਵੀ ਇਕ ਸ਼ਕਤੀ ਹੈ, ਪ੍ਰਮਾਤਮ ਪ੍ਰਕਾਸ਼ ਇਕ ਸ਼ਕਤੀ ਹੈ, ਤਾਂ ਗੁਰੂ-ਸ਼ਬਦ ਇਕ ਸ਼ਕਤੀ ਹੈ। ਇਹ ਸ਼ਕਤੀ ਹੀ ਸ਼ਕਤੀ ਨਾਲ ਜੋੜ ਸਕਦੀ ਹੈ। ਇਹਨਾਂ ਦੋਹਾਂ ਸ਼ਕਤੀਆਂ ਦੇ ਫਿਰ ਚਰਨ ਕੀ ਹਨ? ਪ੍ਰਭੂ ਕੇ ਚਰਨ, ਗੁਰੂ ਕੇ ਚਰਨ, ਇਸ ਦਾ ਬਹੁਤ ਵੱਡਾ ਜ਼ਿਕਰ ਹੈ। ਦਰਅਸਲ ਇਹ ਸੰਕੇਤ ਹੈ, ਇਸ਼ਾਰਾ ਹੈ। ਜਿਸ ਤਰ੍ਹਾਂ ਸਾਰੇ ਸਰੀਰ ਦਾ ਭਾਰ ਪੈਰਾਂ ਨੇ ਚੁਕਿਆ ਹੋਇਆ ਹੈ ਤੇ ਸਾਰੇ ਕਰਮ-ਇੰਦਰੇ ਤੇ ਗਿਆਨ-ਇੰਦਰਿਆਂ ਨੂੰ ਇਹ ਪੈਰ ਹੀ ਇਕ ਥਾਂ ਤੋਂ ਦੂਜੀ ਥਾਂ

'ਤੇ ਲੈ ਜਾਂਦੇ ਹਨ, ਇਸ ਵਾਸਤੇ ਪੂਜਯ ਮਨੁੱਖਾਂ ਦਾ ਹੋਰ ਕੋਈ ਇੰਦਰਿਆ ਨਹੀਂ ਪੂਜਿਆ ਜਾਂਦਾ, ਸਿਰਫ਼ ਚਰਨ ਪੂਜੇ ਜਾਂਦੇ ਹਨ। ਹੱਥ ਨਹੀਂ ਪੂਜੇ ਜਾਂਦੇ, ਨਾ ਅੱਖਾਂ, ਨਾ ਕੰਨ, ਨਾ ਮੂੰਹ ਮੱਥਾ, ਕੇਵਲ ਪੂਜੇ ਜਾਂਦੇ ਹਨ ਤਾਂ ਚਰਨ।

ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜਿਸ ਤਰ੍ਹਾਂ ਸਾਰੇ ਸਰੀਰ ਦੀ ਹੋਂਦ ਖੜੀ ਹੈ ਗੁਰੂ ਉੱਤੇ ਅਤੇ ਪ੍ਰਮਾਤਮਾ ਦੀ ਹੋਂਦ ਖੜੀ ਹੈ ਗੁਣਾਂ 'ਤੇ, ਜੇਕਰ ਸਾਰੇ ਗੁਣਾਂ ਨੂੰ ਕੱਢ ਦੇਈਏ ਤਾਂ ਫਿਰ ਪ੍ਰਮਾਤਮਾ ਦੀ ਗਤੀ ਕੀ ਰਹਿ ਜਾਏਗੀ ਤੇ ਗੁਰੂ ਦੀ ਗਤੀ ਕੀ ਹੋਵੇਗੀ ? ਗਤੀ, ਰਫ਼ਤਾਰ, ਚੱਲਣਾ। ਆਖ਼ਰ ਪੈਰਾਂ ਦੇ ਆਸਰੇ 'ਤੇ ਹੀ ਸਰੀਰ ਤੇ ਬਾਕੀ ਇੰਦਰੀਆਂ ਨੇ ਚੱਲਣਾ ਹੈ ਤੇ ਗੁਰੂ ਤੇ ਅਕਾਲ ਪੁਰਖ ਦੀ ਹੋਂਦ ਨੇ ਪ੍ਰਗਟ ਹੋਣਾ ਹੈ। ਗੁਣਾਂ ਦੇ ਆਸਰੇ 'ਤੇ ਗੁਣਾਂ ਨਾਲ ਜੁੜਨਾ, ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨਾ ਹੀ ਗੁਰੂ ਦੇ ਚਰਨਾਂ ਨਾਲ ਜੁੜਨਾ ਹੈ। ਗੁਰੂ ਹੀ ਵਾਸਤਵਿਕ ਗੁਣ ਹੈ ਅਤੇ ਗੁਣ ਹੀ ਵਾਸਤਵਿਕ ਪ੍ਰਮਾਤਮਾ ਹੈ। ਇਹਨਾਂ ਦੀ ਹੋਂਦ ਗੁਣਾਂ 'ਤੇ ਖੜੀ ਹੈ। ਜਿਵੇਂ ਸੂਰਜ ਦੀ ਆਪਣੀ ਹਸਤੀ ਹੈ। ਫਿਰ ਉਸ ਦਾ ਚਾਨਣਾ ਹੈ, ਪਰ ਸੂਰਜ ਦੀ ਸਾਰੀ ਹਸਤੀ ਚਾਨਣੇ 'ਤੇ ਖੜੀ ਹੈ। ਜੇ ਚਾਨਣਾ ਨਹੀਂ ਤਾਂ ਸੂਰਜ ਸੂਰਜ ਨਹੀਂ। ਜੇ ਗੁਣ ਹੀ ਨਹੀਂ ਤਾਂ ਪ੍ਰਮਾਤਮਾ ਪ੍ਰਮਾਤਮਾ ਨਹੀਂ। ਗੁਣਾਂ ਨੂੰ ਚਾਨਣਾ ਆਖਿਆ ਗਿਆ ਹੈ। ਗੁਣਾਂ ਨੂੰ ਪ੍ਰਕਾਸ਼ ਆਖਿਆ ਗਿਆ ਹੈ ਤੇ ਜੇ ਗੁਣ ਚਾਨਣਾ ਹਨ ਤਾਂ ਸਪੱਸ਼ਟ ਹੋ ਗਿਆ ਕਿ ਔਗੁਣ ਅੰਧਕਾਰ ਹੈ। ਜਿਸ ਮਨੁੱਖ ਦੇ ਅੰਦਰ ਜਿਤਨੇ ਜ਼ਿਆਦਾ ਔਗੁਣ ਹਨ, ਉਤਨਾ ਹੀ ਜ਼ਿਆਦਾ ਹਨੇਰਾ ਹੈ। ਤੇ ਜਿਥੇ ਜਿਤਨੇ ਹੀ ਜ਼ਿਆਦਾ ਗੁਣ ਹਨ, ਉਥੇ ਉਤਨਾ ਹੀ ਜ਼ਿਆਦਾ ਚਾਨਣਾ ਹੈ, ਪ੍ਰਕਾਸ਼ ਹੈ।

ਸਾਹਿਬ ਇਥੇ ਕਹਿ ਰਹੇ ਹਨ ਕਿ ਪ੍ਰਭੂ ਦੇ, ਗੁਰੂ ਦੇ ਜਿਹੜੇ ਚਰਨ ਹਨ, ਉਹ ਜੋ ਬੁਨਿਆਦੀ ਗੁਣ ਇਕ ਜੀਵ ਦਾ ਆਕਾਰ ਹਨ, ਆਸਰਾ ਹਨ। ਜੀਵਨ ਦਾ ਆਸਰਾ ਹੈ ਗੁਰੂ ਦੇ ਚਰਨ। ਮੈਂ ਫਿਰ ਅਰਜ਼ ਕਰਾਂ, ਜ਼ਿੰਦਗੀ ਦੇ ਵਿਚ ਅਨੰਦ, ਖੇੜਾ, ਖ਼ੁਸ਼ੀਆਂ, ਗੁਣਾਂ ਤੋਂ ਬਿਨਾਂ ਨਹੀਂ ਪ੍ਰਾਪਤ ਹੁੰਦੀਆਂ ਤੇ ਗੁਣਾਂ ਨੂੰ ਕੋਮਲ ਆਖਿਆ ਗਿਆ ਹੈ, ਚਰਨ ਕਮਲ ਆਖਿਆ ਗਿਆ ਹੈ। ਚਰਨ ਕੋਮਲ, ਕੋਮਲ ਚਰਨ, ਚਰਨ ਕਮਲ। ਕਮਲ ਵਿਚ ਸੁਹੱਪਣ ਹੈ। ਗੁਣਾਂ ਵਿਚ ਸੁਹੱਪਣ ਹੈ। ਕਮਲ ਵਿਚ ਮਹਿਕ ਹੈ। ਗੁਣਾਂ ਵਿਚ ਬੜੀ ਸੁਗੰਧੀ ਹੈ ਅਧਿਆਤਮਕ ਸਿਧੀ ਦੀ, ਪਰਮ ਸ਼ਕਤੀ ਦੀ, ਪਰਮ ਆਨੰਦ ਦੀ। ਗੁਣ ਸਾਰੇ ਕੋਮਲ ਹਨ— ਦਇਆ, ਸੀਲ, ਸੰਜਮ, ਪ੍ਰੇਮ, ਨਿਰਵੈਰਤਾ, ਨਿਰਭੈਅਤਾ, ਗਿਆਨ, ਵਿਗਿਆਨ ਗੁਣ ਸਾਰੇ ਹੀ ਕੋਮਲ ਹਨ। ਔਗੁਣ ਸਾਰੇ ਹੀ ਕਠੋਰ ਹਨ। ਕਦੀ ਗ਼ੌਰ ਕਰਨਾ। ਇਕ ਇਕ ਔਗੁਣ ਪੱਥਰ ਦੇ ਸਮਾਨ ਹੈ, ਕਠੋਰ ਹੈ। ਇਕ ਇਕ ਗੁਣ ਬੜਾ ਕੋਮਲ ਹੈ। ਜੇਕਰ ਕਿਸੇ ਮਨੁੱਖ ਨੂੰ ਅਸੀਂ ਕਠੋਰ ਕਹਿ ਦੇਂਦੇ ਹਾਂ ਔਗੁਣਾਂ ਕਰਕੇ, ਦਇਆ ਹੈ ਹੀ ਨਹੀਂ, ਸੀਲ ਸੰਜਮ ਹੈ ਹੀ ਨਹੀਂ, ਪ੍ਰੇਮ ਹੈ ਹੀ ਨਹੀਂ, ਗਿਆਨ ਹੈ ਹੀ ਨਹੀਂ, ਵਿਗਿਆਨ ਹੈ ਹੀ ਨਹੀਂ। ਨਿਰਵੈਰਤਾ, ਨਿਰਭੈਅਤਾ, ਇਹ ਸਾਰੇ ਗੁਣ ਨਹੀਂ ਹਨ ਕੇਵਲ ਔਗੁਣ ਹੀ ਹਨ। ਜੇ ਗੁਣ

ਕੋਮਲ ਹਨ ਤਾਂ ਔਗੁਣ ਪੱਥਰ ਹਨ। ਹੋਰ ਕੀ ਹੈ? ਔਗੁਣ ਕਠੋਰ ਹਨ, ਔਗੁਣ ਸਖ਼ਤ ਹਨ। ਔਗੁਣਿਆਰੇ ਮਨੁੱਖ ਤੋਂ ਬਹੁਤ ਗਹਿਰੀ ਚੋਟ ਲੱਗਦੀ ਹੈ, ਕਿਉਂਕਿ ਕਠੋਰ ਹੈ, ਬੜਾ ਸਖ਼ਤ ਹੈ। ਮੇਰੇ ਖ਼ਿਆਲ ਵਿਚ ਕੋਈ ਪੱਥਰ ਇੰਨਾ ਸਖ਼ਤ ਨਹੀਂ ਜਿਤਨਾ ਔਗੁਣਿਆਰਾ ਮਨੁੱਖ ਸਖ਼ਤ ਹੁੰਦਾ ਹੈ। ਕਿਸੇ ਪੱਥਰ ਤੋਂ ਅੱਜ ਤੱਕ ਇਤਨੀਆਂ ਚੋਟਾਂ ਨਹੀਂ ਪਹੁੰਚੀਆਂ ਜਿਤਨੀਆਂ ਔਗੁਣਿਆਰੇ ਮਨੁੱਖਾਂ ਤੋਂ ਜਗਤ ਨੂੰ ਚੋਟਾਂ ਪਹੁੰਚੀਆਂ ਹਨ। ਗੁਣ ਕੋਮਲ ਹਨ, ਗੁਣ ਸੁੰਦਰ ਹਨ, ਗੁਣ ਚੇਤਨ ਹਨ, ਗੁਣ ਪਰਮ ਪ੍ਰਕਾਸ਼ ਹਨ। ਗੁਣਾਂ ਨੂੰ ਵੇਖ ਕੇ ਹੀ ਸ਼ਾਇਦ ਸਾਡੇ ਦੇਸ਼ ਦੇ ਲੋਕਾਂ ਨੇ ਕਹਿ ਦਿੱਤਾ ਕਿ ਉਹ ਸਤਿਚਿਤ ਅਨੰਦ ਹੈ, ਉਹ ਸਤਿ ਸਰੂਪ ਹੈ, ਉਹ ਪ੍ਰਕਾਸ਼ ਹੈ, ਉਹ ਅਨੰਦ ਹੈ। ਇਹ ਵੀ ਇਕ ਗੁਣ ਹੈ–

ਸਤਿ ਸੁਹਾਣੁ ਸਦਾ ਮਨਿ ਚਾਉ॥

(ਜਪੁ ਜੀ ਸਾਹਿਬ)

ਉਹ ਸਤਿ ਹੈ, ਉਹ ਸੁਹਾਣੁ ਹੈ, ਉਹ ਸੁੰਦਰ ਹੈ- *ਸਦਾ ਮਨਿ ਚਾਉ॥* ਉਹ ਸਦੀਵੀ ਖਿੜਿਆ ਹੋਇਆ ਹੈ। ਇਹ ਵੀ ਇਕ ਗੁਣ ਹੈ। ਮੇਰੇ ਲੇਖੇ ਕਿਸੇ ਧਾਰਮਿਕ ਮਨੁੱਖ ਨੂੰ ਪਰਖਾਂਗੇ ਗੁਣਾਂ ਦੇ ਆਸਰੇ 'ਤੇ, ਲਿਬਾਸ ਦੇ ਆਸਰੇ 'ਤੇ ਨਹੀਂ। ਕਈ ਦਫ਼ਾ ਦੇਖੀਦਾ ਹੈ ਲਿਬਾਸ ਧਾਰਮਿਕ ਹੈ ਪਰ ਗੁਣ ਕੋਈ ਨਹੀਂ, ਸਿਰਫ਼ ਲਿਬਾਸ ਹੀ ਲਿਬਾਸ ਹੈ। ਪਾਤਿਸ਼ਾਹ ਦੀ ਤਾਂ ਬਾਣੀ ਕਹਿੰਦੀ ਹੈ–

ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥

(ਅੰਗ ੨੪੦)

ਹੁਣ ਮੁਰਦੇ ਨੂੰ ਸ਼ਿੰਗਾਰ ਕਰਾ ਦੇਈਏ, ਬੜਾ ਸਵਾਰੀਏ, ਬੜਾ ਸ਼ਿੰਗਾਰੀਏ, ਪਰ ਜਿੰਦ ਜਾਨ ਤਾਂ ਨਹੀਂ। ਧਰਮ ਦੀ ਜਿੰਦ ਹੈ ਗੁਣ, ਜੇਕਰ ਉਹ ਕਿਸੇ ਕੋਲ ਨਹੀਂ ਤਾਂ ਧਰਮ ਦਾ ਪਹਿਰਾਵਾ ਹੈ। ਸਾਰੀ ਦੁਨੀਆਂ ਦੇ ਵਿਚ ਧਰਮ ਦੇ ਆਪਣੇ ਆਪਣੇ ਢੰਗ ਦੇ ਪਹਿਰਾਵੇ ਹਨ। ਇਸਲਾਮੀ ਦੁਨੀਆਂ ਦਾ ਆਪਣਾ ਧਾਰਮਿਕ ਪਹਿਰਾਵਾ ਹੈ ਅਤੇ ਵਿਸ਼ੇਸ਼ ਪਹਿਰਾਵੇ ਤੋਂ ਪਤਾ ਚੱਲ ਜਾਂਦਾ ਹੈ ਕਿ ਬੰਦਾ ਧਾਰਮਿਕ ਹੈ। ਇਸ ਤਰ੍ਹਾਂ ਈਸਾਈ ਜਗਤ ਦਾ ਆਪਣਾ ਇਕ ਪਹਿਰਾਵਾ ਹੈ, ਵਿਸ਼ੇਸ਼ ਤਰ੍ਹਾਂ ਦੇ ਚੋਲੇ। ਇਹ ਬੰਦਾ ਪਾਦਰੀ ਹੈ, ਧਾਰਮਿਕ ਹੈ। ਇਸ ਤਰੀਕੇ ਨਾਲ ਅਸੀਂ ਦੇਖਦੇ ਹਾਂ ਜੈਨ ਮੱਤ, ਬੋਧ ਮੱਤ ਦੇ ਆਪਣੇ ਪਹਿਰਾਵੇ ਹਨ। ਸਨਾਤਨ ਮੱਤ ਦੇ ਆਪਣੇ ਪਹਿਰਾਵੇ ਹਨ। ਚੋਟੀ ਰੱਖੀ ਹੈ। ਜਨੇਊ ਪਹਿਨਿਆ ਹੈ। ਤਿਲਕ ਧਾਰਣ ਕੀਤਾ ਹੈ ਅਤੇ ਵਿਸ਼ੇਸ਼ ਤਰ੍ਹਾਂ ਦੀ ਇਕ ਰੂਪ ਰੇਖਾ ਬਣਾਈ ਹੋਈ ਹੈ। ਬੰਦਾ ਧਾਰਮਿਕ ਲੱਗਦਾ ਪਿਆ ਹੈ ਜੇਕਰ ਹੱਥ ਦੇ ਵਿਚ ਮਾਲਾ ਹੋਵੇ। ਇਸ ਤਰ੍ਹਾਂ ਸਿੱਖ ਜਗਤ ਦੇ ਵਿਚ ਵੀ ਦੇਖਣ ਵਿਚ ਆਏ ਹਨ ਆਪਣੇ ਪਹਿਰਾਵੇ ਅਤੇ ਉਸ ਪਹਿਰਾਵੇ ਤੋਂ ਲੋਕੀਂ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਹ

ਬੰਦਾ ਧਾਰਮਿਕ ਹੈ ਪਰ ਇਸ ਨੂੰ ਕਿਧਰੇ ਤਰਕ ਨਾ ਸਮਝ ਲੈਣਾ। ਪਹਿਰਾਵੇ ਤੋਂ ਧਾਰਮਿਕ ਹੋਣ ਦਾ ਕੋਈ ਅੰਦਾਜ਼ਾ ਨਹੀਂ ਲੱਗਦਾ। ਇਹ ਠੀਕ ਹੈ ਕਿ ਪਹਿਰਾਵੇ ਦੀ ਆਪਣੀ ਲੋੜ ਹੈ। ਪਹਿਰਾਵਾ ਜਿਊਂਦੇ ਜਾਗਦੇ ਬੰਦੇ ਲਈ ਸ਼ਿੰਗਾਰ ਹੈ, ਮੁਰਦੇ ਲਈ ਕੀ ਸ਼ਿੰਗਾਰ ?

ਕੁਝ ਦੇਸ਼ਾਂ ਵਿਚ ਮੁਰਦਿਆਂ ਨੂੰ ਸ਼ਿੰਗਾਰਨ ਦਾ ਬਾਕਾਇਦਾ ਇਕ ਆਪਣਾ ਧੰਦਾ ਹੈ। ਯੋਰਪ ਦੇ ਦੇਸ਼ਾਂ ਵਿਚੋਂ ਮੈਂ ਥਾਈਲੈਂਡ ਵਿਚ ਦੇਖਿਆ ਕਿ ਕੋਈ ਬੰਦਾ ਮਰ ਜਾਏ ਤਾਂ ਮੁਰਦੇ ਨੂੰ 15-20 ਦਿਨ ਤੱਕ ਘਰ ਦੇ ਵਿਚ ਰੱਖਦੇ ਹਨ। ਜਨਮ ਅਤੇ ਸ਼ਾਦੀ 'ਤੇ ਉਹਨਾਂ ਲੋਕਾਂ ਦਾ ਇਤਨਾ ਖ਼ਰਚ ਨਹੀਂ, ਜਿਤਨਾ ਮੌਤ 'ਤੇ ਹੈ, ਮਰਣ 'ਤੇ ਹੈ, ਕਿਉਂਕਿ 15 ਦਿਨ ਤੱਕ ਰੱਖਣਾ। 15 ਦਿਨ ਲਈ ਮਹਿਮਾਨਾਂ ਲਈ ਖਾਣਾ ਪੀਣਾ, ਆਏ ਗਏ ਲਈ ਉਚੇਚ ਤੇ ਹੁਣ ਮੁਰਦਾ 15-20 ਦਿਨ ਸਹੀ ਸਲਾਮਤ ਰਹੇ, ਉਹਦੇ ਵਿਚ ਬਦਬੂ ਆਦਿਕ ਪੈਦਾ ਨਾ ਹੋਵੇ, ਉਹਦਾ ਚਿਹਰਾ ਕੁਮਲਾਏ ਨਾ, ਬਾਕਾਇਦਾ ਇਸ ਤਰੀਕੇ ਦੀ ਕਲਾ ਵਿਗਿਆਨਕ ਢੰਗ ਨਾਲ ਵਿਕਸਿਤ ਹੋਈ ਹੈ ਮੁਰਦਿਆਂ ਨੂੰ ਸ਼ਿੰਗਾਰਣ ਦੀ।

ਦਾਸ ਨੇ ਇਸ ਤਰ੍ਹਾਂ ਦੇ ਮੁਰਦੇ ਥਾਈਲੈਂਡ ਵਿਚ, ਸਿੰਗਾਪੁਰ ਵਿਚ ਤੇ ਇੰਗਲੈਂਡ ਵਿਚ ਦੇਖੇ। ਇੰਗਲੈਂਡ ਵਿਚ ਗੁਰਦੁਆਰੇ ਦੇ ਕੋਲ ਇਸ ਤਰ੍ਹਾਂ ਦਾ ਅਸਥਾਨ ਸੀ ਜਿਥੇ ਮੁਰਦੇ ਸਿਰਫ਼ ਸ਼ਿੰਗਾਰਣ ਲਈ ਲਿਆਏ ਜਾਂਦੇ ਸਨ ਤੇ ਗ੍ਰੰਥੀ ਸਾਹਿਬ ਤੋਂ ਮੈਂ ਪੁੱਛ ਲਿਆ ਸੀ ਕਿ ਮਰਗ ਘਾਟ ਤਾਂ ਲੱਗਦਾ ਨਹੀਂ, ਕਬਰਿਸਤਾਨ ਤਾਂ ਇਹ ਹੈ ਨਹੀਂ ਤੇ ਰੋਜ਼ ਦੋ ਚਾਰ ਮੁਰਦੇ ਇਥੇ ਲਿਆਂਦੇ ਹਨ। ਇਹ ਕਿਸ ਲਈ ਇਥੇ ਲਿਆਂਦੇ ਹਨ ? ਕਹਿੰਦੇ ਹਨ ਗਿਆਨੀ ਜੀ, ਇਥੇ ਸ਼ਿੰਗਾਰਦੇ ਹਨ। ਦੋ ਚਾਰ ਘੰਟੇ ਲੱਗਦੇ ਹਨ। ਕਈ ਦਫ਼ਾ ਅੱਠ ਘੰਟੇ ਲੱਗਦੇ ਹਨ। ਜਿਤਨਾ ਕੋਈ ਵੱਧ ਸ਼ਿੰਗਾਰਣਾ ਚਾਹੇ, ਵੱਧ ਫ਼ੀਸ ਹੈ। ਇਥੇ ਇਕ ਹਜ਼ਾਰ ਪੌਂਡ ਫ਼ੀਸ ਹੈ। ਪੰਜ ਪੰਜ ਸੌ ਪੌਂਡ ਫ਼ੀਸ ਹੈ। ਦੋ ਦੋ ਹਜ਼ਾਰ ਪੌਂਡ ਫ਼ੀਸ ਹੈ ਮੁਰਦਿਆਂ ਨੂੰ ਸ਼ਿੰਗਾਰਣ ਲਈ ਅਤੇ ਯਕੀਨ ਜਾਣੋ ਮੈਂ ਸ਼ਿੰਗਾਰਿਆ ਹੋਇਆ ਮੁਰਦਾ ਦੇਖਿਆ। ਮਨ ਨਹੀਂ ਮੰਨਦਾ ਸੀ ਕਿ ਮਰ ਗਿਆ ਹੈ। ਇੰਝ ਲੱਗਦਾ ਸੀ ਕਿ ਸੌਂ ਰਿਹਾ ਹੈ। ਸੁੱਤਾ ਪਿਆ ਹੈ। ਆਵਾਜ਼ ਦੇਣ 'ਤੇ ਹੁਣੇ ਹੀ ਉਠ ਪਵੇਗਾ। ਇਸ ਤਰ੍ਹਾਂ ਹੀ ਮੈਂ ਥਾਈਲੈਂਡ ਵਿਚ ਦੇਖਿਆ। ਸੰਖੇਪ ਵਿਚ ਮੈਂ ਅਰਜ਼ ਕਰਾਂ, ਮੁਰਦਿਆਂ ਨੂੰ ਸ਼ਿੰਗਾਰਣ ਦੇ ਬਾਕਾਇਦਾ ਆਪਣੇ ਧੰਦੇ ਵਿਕਸਿਤ ਹੋਏ ਹਨ। ਉਹਨਾਂ ਦੇਸ਼ਾਂ ਵਿਚ ਮੁਰਦਾ ਜਿਸਮ ਸਵਾਰੇ ਜਾਂਦੇ ਹਨ। ਮੈਂ ਇਥੇ ਦੇਖਦਾ ਹਾਂ ਕਿ ਆਤਮਾ ਤਾਂ ਮੁਰਦਾ ਹੋ ਚੁੱਕੀ ਹੈ, ਕੁਝ ਵੀ ਨਹੀਂ ਮਨੁੱਖ ਦੇ ਅੰਦਰ ਤੇ ਪ੍ਰਮਾਤਮਾ ਹੈ ਹੀ ਨਹੀਂ। ਪ੍ਰਮਾਤਮਾ ਤਾਂ ਗੁਣਾਂ ਕਰਕੇ ਹੋਏਗਾ। ਧਰਮ ਤਾਂ ਗੁਣਾਂ ਕਰਕੇ ਹੋਏਗਾ। ਧਾਰਮਿਕ ਤੱਲ 'ਤੇ ਮੌਤ ਹੈ, ਮਰਿਆ ਹੋਇਆ ਹੈ।

ਆਖਾ ਜੀਵਾ ਵਿਸਰੈ ਮਰਿ ਜਾਉ॥

ਜੇ ਉਸ ਦੀ ਯਾਦ ਹੀ ਨਹੀਂ, ਜੇ ਉਸ ਦੇ ਗੁਣ ਹੀ ਨਹੀਂ, ਇਹ ਤਾਂ ਮੁਰਦਾ ਹੈ, ਮਰਿਆ ਹੋਇਆ ਹੈ। ਇਹ ਸਰੀਰਕ ਤੱਲ 'ਤੇ ਜ਼ਿੰਦਾ ਹੈ ਪਰ ਧਾਰਮਿਕ ਤੱਲ 'ਤੇ ਮਰਿਆ ਹੋਇਆ ਹੈ। ਜੇ ਜ਼ਿੰਦਗੀ ਕਈ ਤਰ੍ਹਾਂ ਦੀ ਹੈ ਤਾਂ ਮੌਤ ਵੀ ਕਈ ਤਰ੍ਹਾਂ ਦੀ ਹੈ। ਸਰੀਰਕ

ਜੀਵਨ, ਸਮਾਜਿਕ ਜੀਵਨ, ਆਰਥਿਕ ਜੀਵਨ, ਰਾਜਨੀਤਿਕ ਜੀਵਨ, ਧਾਰਮਿਕ ਜੀਵਨ – ਇਕ ਜੀਵਨ ਦੇ ਵਿਚ ਬਹੁਤ ਪ੍ਰਕਾਰ ਦੇ ਜੀਵਨ ਛੁਪੇ ਪਏ ਹਨ। ਸਾਰੇ ਜੀਵਨ ਕਿਸੇ ਦੇ ਅੰਦਰ ਵਾਕਿਆ ਹੀ ਜੀਵਤ ਰੂਪ ਵਿਚ ਹੋਵਣ, ਐਸਾ ਘੱਟ ਦੇਖਣ ਨੂੰ ਮਿਲਦਾ ਹੈ। ਕੋਈ ਰਾਜਨੀਤਿਕ ਤੌਰ 'ਤੇ ਜ਼ਿੰਦਾ ਹੈ ਪਰ ਧਾਰਮਿਕ ਤੌਰ 'ਤੇ ਮੁਰਦਾ ਹੈ, ਮਰਿਆ ਹੋਇਆ ਹੈ। ਠੀਕ ਹੈ ਰਾਜ਼ਨੀਤੀ ਵਿਚ ਉਹਦੀ ਬੜੀ ਚਰਚਾ ਹੈ, ਜਿਉਂਦੇ ਜਾਗਦੇ ਮਨੁੱਖ ਦੀ ਚਰਚਾ ਹੈ, ਹੱਲਚੱਲ ਹੈ, ਹਰ ਜ਼ਬਾਨ 'ਤੇ ਉਸ ਦੀ ਗੱਲ ਹੈ, ਪਰ ਧਾਰਮਿਕ ਤੌਰ 'ਤੇ ਮੁਰਦਾ ਹੈ।

ਐਸਾ ਦੇਖਣ ਵਿਚ ਆਇਆ ਹੈ ਕਿ ਆਰਥਿਕ ਤੌਰ 'ਤੇ ਕੋਈ ਜ਼ਿੰਦਾ ਹੈ, ਬੜਾ ਧਨਵਾਨ ਹੈ, ਬੜੀ ਪਰਬਲ ਜ਼ਿੰਦਗੀ ਹੈ, ਪਰ ਧਾਰਮਿਕ ਤੌਰ 'ਤੇ ਮੁਰਦਾ ਹੈ। ਪਰਵਾਰਿਕ 'ਤੱਲ 'ਤੇ, ਸਮਾਜਿਕ ਤੱਲ 'ਤੇ ਇਹ ਜ਼ਿੰਦਾ ਹੈ, ਬੜੀ ਸੋਹਣੀ ਇਸ ਦੀ ਪਰਵਾਰਿਕ ਜ਼ਿੰਦਗੀ ਹੈ, ਪਰ ਧਾਰਮਿਕ ਜੀਵਨ ਇਸ ਦੇ ਕੋਲ ਨਹੀਂ ਹੈ। ਸਮਾਜਿਕ ਮੁਰਦੇ ਘੱਟ ਮਿਲਣਗੇ। ਆਰਥਿਕ ਮੁਰਦੇ ਵੀ ਜਗਤ ਦੇ ਵਿਚ ਘੱਟ ਮਿਲਣਗੇ, ਰਾਜਨੀਤਿਕ ਮੁਰਦੇ ਵੀ ਜਗਤ ਵਿਚ ਘੱਟ ਮਿਲਣਗੇ ਪਰ ਧਾਰਮਿਕ ਮੁਰਦੇ ਤਾਂ ਥਾਂ ਥਾਂ 'ਤੇ ਮਿਲਣਗੇ। ਇੰਝ ਕਹਿ ਲਉ ਸਾਰੀ ਦੁਨੀਆਂ ਹੀ ਕਬਰਿਸਤਾਨ ਬਣੀ ਪਈ ਹੈ।

ਧਾਰਮਿਕ ਤੌਰ 'ਤੇ ਮਨੁੱਖ ਜ਼ਿੰਦਾ ਨਹੀਂ ਹੈ। ਮਨੁੱਖ ਕੋਲ ਜ਼ਿੰਦਗੀ ਮਿਲਦੀ ਹੈ, ਆਰਥਿਕ, ਰਾਜਨੀਤਿਕ, ਸਮਾਜਿਕ, ਧਾਰਮਿਕ ਜੀਵਨ ਨਹੀਂ ਮਿਲਦਾ। ਬੰਦੇ ਨੂੰ ਵੇਖ ਕੇ, ਉਹਦੀ ਤਰਜ਼ੇ- ਜ਼ਿੰਦਗੀ ਨੂੰ ਵੇਖ ਕੇ ਫ਼ੌਰਨ ਪਤਾ ਚੱਲ ਜਾਂਦਾ ਹੈ ਕਿ ਇਹਦੇ ਕੋਲ ਆਰਥਿਕ ਜੀਵਨ ਹੈ, ਇਹਦੇ ਕੋਲ ਸਮਾਜਿਕ ਜੀਵਨ ਹੈ ਅਤੇ ਇਹਦੇ ਕੋਲ ਰਾਜਨੀਤਿਕ ਜੀਵਨ ਵੀ ਹੈ, ਪਰ ਮੈਂ ਅਰਜ਼ ਕਰਾਂ, ਧਾਰਮਿਕ ਜੀਵਨ ਇਹਦੇ ਕੋਲ ਹੈ ਉਹ ਤਾਂ ਫਿਰ ਗੁਣਾਂ ਕਰਕੇ ਪਤਾ ਚੱਲੇਗਾ ਕਿ ਕਿਤਨਾ ਪ੍ਰੇਮ ਹੈ, ਕਿਤਨੀ ਦਇਆ ਹੈ, ਕਿਤਨਾ ਗਿਆਨ ਹੈ, ਕਿਤਨਾ ਨਿਰਵੈਰ ਹੈ, ਕਿਤਨਾ ਨਿਰਭੈਅ ਹੈ, ਕਿਤਨਾ ਵਿਸ਼ਾਲ ਹੈ, ਕਿਤਨੀ ਵਿਸ਼ਾਲ ਬਿਰਤੀ ਦਾ ਇਹ ਮਾਲਕ ਹੈ। ਇਹਨਾਂ ਗੁਣਾਂ ਕਰਕੇ ਪਤਾ ਚੱਲਦਾ ਸੀ ਕਿ ਇਹ ਧਾਰਮਿਕ ਹੈ। ਸਾਰੀ ਦੁਨੀਆਂ ਦੇ ਵਿਚ ਧਰਮ ਦਾ ਲਿਬਾਸ ਹੈ, ਧਰਮ ਦੀ ਰੂਹ ਕੋਈ ਨਹੀਂ। ਮੁਰਦੇ, ਚਾਰੋਂ ਪਾਸੇ ਮੁਰਦੇ। ਧਰਮ ਖੜਾ ਹੈ ਕੁਝ ਗੁਣਾਂ 'ਤੇ ਅਤੇ ਧਾਰਮਿਕ ਬੰਦੇ ਦੀ ਪਹਿਚਾਣ ਹੋਵੇਗੀ ਗੁਣਾਂ ਕਰਕੇ। ਇਹ ਗੱਲ ਵੱਖਰੀ ਹੈ ਕਿ ਇਸ ਤਰ੍ਹਾਂ ਦੇ ਪੁਰਸ਼ ਕੁਝ ਨਾ ਕੁਝ ਵਿਸ਼ੇਸ਼ ਪਹਿਰਾਵਾ ਵੀ ਪਹਿਨਣਗੇ। ਉਸ ਵਿਸ਼ੇਸ਼ ਪਹਿਰਾਵੇ ਵਿਚ ਸਾਦਗੀ ਵੀ ਹੋ ਸਕਦੀ ਹੈ, ਬਹੁਤ ਪ੍ਰਦਰਸ਼ਨੀ ਨਹੀਂ ਹੋਵੇਗੀ।

ਖ਼ੈਰ, ਸੰਖੇਪ ਵਿਚ ਮੈਂ ਅਰਜ਼ ਕਰਾਂ, ਜਿਥੇ ਗੁਰੂ ਕੇ ਚਰਨ, ਪ੍ਰਭੂ ਦੇ ਚਰਨ ਦੀ ਗੱਲ ਆਵੇ, ਪ੍ਰਭੂ ਦੇ ਗੁਣ, ਗੁਰੂ ਦੇ ਗੁਣ, ਕਿਉਂਕਿ ਜਦੋਂ ਉਹ ਚੱਕਰ ਚਿੰਨ੍ਹ ਤੋਂ ਨਿਆਰਾ ਹੈ, ਵਰਨ ਜਾਤ ਤੋਂ ਨਿਆਰਾ ਹੈ, ਤਾਤ ਮਾਤ ਤੋਂ ਨਿਆਰਾ ਹੈ, ਜਾਤ ਪਾਤ ਤੋਂ ਨਿਆਰਾ ਹੈ,

ਤਾਂ ਫਿਰ ਉਸਦੇ ਚਰਨ, ਉਸਦੇ ਪੈਰ ਕਿੱਥੇ ਹਨ? ਜੇਕਰ ਸੱਚ ਮੁੱਚ ਹੀ ਉਹ ਦੋ ਪੈਰਾਂ ਨਾਲ ਹੀ ਚੱਲਦਾ ਹੈ ਤਾਂ ਇਤਨੀ ਵੱਡੀ ਦੁਨੀਆਂ ਕਿਸ ਤਰ੍ਹਾਂ ਦਮਨ ਕਰੇਗਾ, ਕਿਸ ਤਰ੍ਹਾਂ ਵਿਆਪਕ ਹੋ ਸਕੇਗਾ। ਉਸ ਪ੍ਰਮਾਤਮਾ ਦੇ ਗੁਣ ਹੀ ਉਸ ਪ੍ਰਮਾਤਮਾ ਦੇ ਪੈਰ ਹਨ। ਉਸ ਪਰੀਪੂਰਨ ਦੀ ਸਾਰੀ ਹੋਂਦ, ਸਾਰੀ ਗਤੀ ਗੁਣਾਂ ਕਰਕੇ ਹੈ। ਗੁਰੂ ਦੀ ਸਾਰੀ ਗਤੀ, ਸਾਰੀ ਹੋਂਦ ਗੁਣਾਂ ਕਰਕੇ ਹੈ। ਪ੍ਰਮਾਤਮਾ ਇਕ ਸ਼ਕਤੀ ਹੈ। ਗੁਰੂ ਇਕ ਸ਼ਕਤੀ ਹੈ। ਗੁਣ ਕੱਢ ਦਿਉ, ਗੁਸਤਾਖ਼ੀ ਮਾਫ਼, ਤਾਂ ਪ੍ਰਮਾਤਮਾ ਪ੍ਰਮਾਤਮਾ ਨਹੀਂ ਹੈ, ਗੁਰੂ ਗੁਰੂ ਨਹੀਂ ਹੈ। ਸਾਰਾ ਚਾਨਣਾ ਕੱਢ ਦਿਉ, ਸੂਰਜ ਸੂਰਜ ਨਹੀਂ ਹੈ, ਕਤਈ ਨਹੀਂ ਹੈ। ਚਾਨਣੇ ਕਰਕੇ ਸੂਰਜ ਸੂਰਜ ਹੈ, ਗੁਣਾਂ ਕਰਕੇ ਹੀ ਤਾਂ ਪ੍ਰਮਾਤਮਾ ਪ੍ਰਮਾਤਮਾ ਹੈ। ਗੁਣਾਂ ਕਰਕੇ ਹੀ ਗੁਰੂ ਗੁਰੂ ਹੈ। ਜਿਵੇਂ ਸਮੂਹ ਬ੍ਰਹਿਮੰਡ ਵਿਚ ਚਾਨਣਾ ਸੂਰਜ ਦਾ ਹੈ। ਸਾਰੀ ਹੱਲਚੱਲ ਇਸ ਇਕ ਸੂਰਜ ਕਰਕੇ ਹੈ-

ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥

(ਕੀਰਤਨ ਸੋਹਿਲਾ)

ਇਸ ਤਰ੍ਹਾਂ ਸਾਰੇ ਗੁਣ ਜਿਹੜੇ ਹਨ, ਪ੍ਰਮਾਤਮਾ ਦੇ ਹਨ-

ਸਭਿ ਗੁਣ ਤੇਰੇ ਮੈ ਨਾਹੀ ਕੋਇ॥

(ਜਪੁਜੀ ਸਾਹਿਬ)

ਸਾਹਿਬ ਇਥੇ ਕਹਿੰਦੇ ਹਨ-- ਪ੍ਰਮਾਤਮਾ ਦੇ ਜਿਹੜੇ ਗੁਣ ਹਨ, ਗੁਰੂ ਦੇ ਜਿਹੜੇ ਗੁਣ ਹਨ, ਉਹ ਇਸ ਜੀਵ ਦਾ ਅਧਾਰ ਹੈ। ਇਸ ਜੀਵ ਦਾ ਆਸਰਾ ਸਿਲਸਿਲੇਵਾਰ ਜੋ ਹੈ, ਆਪ ਸਰਵਨ ਕਰੋ। ਇਹ ਆਸਰਾ ਕਿਸ ਤਰ੍ਹਾਂ ਦਾ ਹੈ? ਵਾਸਤਵਿਕ ਇਹ ਆਸਰਾ ਕੀ ਕਰਦਾ ਹੈ ਅਤੇ ਇਸ ਆਸਰੇ ਦੇ ਨਾਲ਼ ਕਿਥੇ ਪਹੁੰਚੀਦਾ ਹੈ। ਸਾਰੇ ਛੇ ਪੰਗਤੀਆਂ ਦੇ ਇਸ ਪਾਵਨ ਵਾਕ ਵਿਚ ਖੁਲਾਸਾ ਹੈ। ਸਿਲਸਿਲੇਵਾਰ ਆਪ ਸਰਵਨ ਕਰਦੇ ਜਾਉ। ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਧਨਾਸਰੀ ਮਹਲਾ ੫॥ ਗੁਰ ਕੇ ਚਰਨ ਜੀਅ ਕਾ ਨਿਸਤਾਰਾ॥

ਜੀਵਨ ਦਾ ਅਧਾਰ ਹੈ ਗੁਰੂ ਦੇ ਚਰਨ, ਗੁਰੂ ਦੇ ਗੁਣ। ਮੈਂ ਫੇਰ ਅਰਜ਼ ਕਰ ਦਿਆਂ ਕਿ ਇਸ ਨੂੰ ਕਿਧਰੇ ਤਰਕ ਵਿਚ ਨਾ ਲੈ ਲੈਣਾ। ਜੇਕਰ ਇਸ ਤਰ੍ਹਾਂ ਦੇ ਸਾਰੇ ਚਰਨ ਹਨ ਤਾਂ ਗੁਰੂ ਸਾਰੇ ਬ੍ਰਹਿਮੰਡ ਵਿਚ ਭਰਮਣ ਨਹੀਂ ਕਰ ਸਕਦਾ। ਗੁਰੂ ਤਾਂ ਸ਼ਬਦ ਹੈ। ਸਾਰੇ ਬ੍ਰਹਿਮੰਡ ਵਿਚ ਮੌਜੂਦ ਹੈ। ਅਮਰੀਕਾ ਵਿਚ ਵੀ ਮੌਜੂਦ ਹੈ, ਇੰਗਲੈਂਡ ਵਿਚ ਵੀ ਮੌਜੂਦ ਹੈ, ਹਿੰਦੋਸਤਾਨ ਵਿਚ ਵੀ ਮੌਜੂਦ ਹੈ, ਸਾਰੀ ਦੁਨੀਆਂ ਵਿਚ ਮੌਜੂਦ ਹੈ। ਸ਼ਬਦ ਕਰਕੇ ਹੀ ਗੁਰੂ ਅਤੇ ਗੁਣਾਂ ਕਰਕੇ ਹੀ ਪ੍ਰਮਾਤਮਾ ਵਿਆਪਕ ਹੈ ਅਤੇ ਇਹ ਗੁਣ ਜੀਵਨ ਦਾ ਅਧਾਰ ਹਨ, ਜੀਵਨ ਦਾ ਸਹਾਰਾ ਹਨ।

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥ ੧॥ ਰਹਾਉ॥

ਇਹਨਾਂ ਗੁਣਾਂ ਦੇ ਆਸਰੇ 'ਤੇ ਇਕ ਖਿਨ ਦੇ ਵਿਚ ਸਮੁੰਦਰ ਤੋਂ ਪਾਰ ਹੋ ਗਏ। ਹੁਣ

ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮੁੰਦ ਸਾਗਰ ਕਿਥੇ ਹੈ? ਸਾਰੇ ਦੇਸ਼ਾਂ ਨੇ ਐਸਾ ਆਖਿਆ ਹੈ ਕਿ ਸੰਸਾਰ ਇਕ ਸਾਗਰ ਹੈ। ਜੈਨ ਮੱਤ, ਬੋਧ ਮੱਤ, ਸਨਾਤਨ ਮੱਤ, ਸਿੱਖ ਮੱਤ, ਇਹਨਾਂ ਚਾਰਾਂ ਨੇ ਹੀ ਸੰਸਾਰ ਨੂੰ ਸਾਗਰ ਆਖਿਆ ਹੈ। ਜੇਕਰ ਇਹ ਸਾਗਰ ਹੈ ਤਾਂ ਇਹਦੇ ਵਿਚ ਲਹਿਰਾਂ ਹੋਣਗੀਆਂ। ਜੇਕਰ ਇਹ ਸਾਗਰ ਹੈ ਤਾਂ ਇਹਦੇ ਵਿਚ ਪਾਣੀ ਕਿਥੇ ਹੈ? ਸਾਗਰ ਵਿਚ ਪਾਣੀ ਹੈ, ਸੰਸਾਰ ਵਿਚ ਪਦਾਰਥ ਹੈ। ਸਾਗਰ ਵਿਚ ਲੋਕੀਂ ਪਾਣੀ ਵਿਚ ਡੁੱਬ ਜਾਂਦੇ ਹਨ। ਸੰਸਾਰ ਵਿਚ ਲੋਕੀਂ ਪਦਾਰਥਾਂ ਵਿਚ ਡੁੱਬ ਜਾਂਦੇ ਹਨ। ਗੱਲ ਇਤਨੀ ਹੈ, ਹੋਰ ਕੁਝ ਨਹੀਂ। ਸਾਗਰ ਪਾਣੀ ਨਾਲ ਭਰਿਆ ਹੋਇਆ ਹੈ। ਸੰਸਾਰ ਪਦਾਰਥਾਂ ਨਾਲ ਭਰਿਆ ਹੋਇਆ ਹੈ। ਤਰ੍ਹਾਂ ਤਰ੍ਹਾਂ ਦੇ ਪਦਾਰਥ, ਤਰ੍ਹਾਂ ਤਰ੍ਹਾਂ ਦੇ ਰੱਸ, ਤਰ੍ਹਾਂ ਤਰ੍ਹਾਂ ਦੇ ਰੂਪ ਬੜੇ ਪਦਾਰਥ ਹਨ। ਗਿਣੇ ਨਹੀਂ ਜਾ ਸਕਦੇ, ਮਿਣੇ ਨਹੀਂ ਜਾ ਸਕਦੇ। ਬੇੜੀਆਂ ਡੁੱਬ ਜਾਂਦੀਆ ਹਨ, ਸਾਗਰ ਵਿਚ ਜ਼ਿੰਦਗੀਆਂ ਡੁੱਬ ਜਾਂਦੀਆਂ ਹਨ। ਸੰਸਾਰ ਦੇ ਵਿਚ, ਸਾਗਰ ਦੇ ਵਿਚ ਕਦੀ ਕਦੀ ਤੂਫ਼ਾਨ ਆ ਜਾਂਦਾ ਹੈ। ਸੰਸਾਰ ਵਿਚ ਵੀ ਕਦੀ-ਕਦੀ ਬਹੁਤ ਵੱਡੇ ਹਾਦਸੇ ਹੋ ਜਾਂਦੇ ਹਨ, ਜਿਸ ਤਰ੍ਹਾਂ ਪੰਜਾਬ ਪੰਜ ਸੱਤ ਸਾਲ ਤੋਂ ਤੂਫ਼ਾਨ ਦੀ ਲਪੇਟ ਵਿਚ ਹੈ।

ਸਾਗਰ ਦੇ ਵਿਚ ਕਈ ਦਫ਼ਾ ਤੂਫ਼ਾਨ ਆਉਂਦੇ ਹਨ ਤਾਂ 4 ਦਿਨ, 5 ਦਿਨ, 6 ਦਿਨ ਐਸਾ ਚੱਲਦਾ ਹੈ। ਗ਼ਾਲਬਿਨ ਕੁਝ ਅਰਸਾ ਪਹਿਲੇ ਆਂਧਰਾ ਦੇ ਵਿਚ ਤੂਫ਼ਾਨ ਆਇਆ ਸੀ ਅੱਜ ਤੋਂ ਕੋਈ ਤਿੰਨ-ਚਾਰ ਮਹੀਨੇ ਪਹਿਲੇ। ਬੜੀਆਂ ਜ਼ਿੰਦਗੀਆਂ ਤਬਾਹ ਹੋ ਗਈਆਂ। ਤੂਫ਼ਾਨ ਤੋਂ ਹੀ ਇਕ ਹਫ਼ਤੇ ਬਾਅਦ ਦਾਸ ਹੈਦਰਾਬਾਦ ਪਹੁੰਚਿਆ। ਉਥੇ ਮੈਨੂੰ ਦੱਸਿਆ ਗਿਆ ਕਿ ਕਰੋੜਾਂ ਦੀ ਅੰਬਾਂ ਦੀ ਫ਼ਸਲ ਤਬਾਹ ਹੋ ਗਈ। ਲੱਖਾਂ ਡੰਗਰ ਮਰ ਗਏ ਹਨ। ਹਜ਼ਾਰਾਂ ਮਨੁੱਖ ਮੌਤ ਦੇ ਘਾਟ ਉਤਰ ਗਏ। ਸੈਂਕੜੇ ਵੱਡੇ ਕਸਬੇ ਨੇਸਤੋ ਨਾਬੂਦ ਹੋ ਗਏ। ਹੁਣ ਨਿਸ਼ਾਨ ਵੀ ਨਹੀਂ ਮਿਲਦਾ ਕਿ ਕਿਥੇ ਕਸਬਾ ਸੀ। ਇਸ ਤਰ੍ਹਾਂ ਮਲੀਆ ਮੇਟ ਹੋਇਆ। ਸਾਗਰ ਵਿਚ ਕਦੀ ਕਦੀ ਤੂਫ਼ਾਨ ਆਉਂਦਾ ਹੈ ਤੇ ਉਹ ਤੂਫ਼ਾਨ ਚਾਰ ਪੰਜ ਦਿਨ ਤੱਕ ਰਹਿੰਦਾ ਹੈ। ਬੜੀ ਤਬਾਹੀ ਕਰ ਜਾਂਦਾ ਹੈ। ਸੰਸਾਰ ਵਿਚ ਵੀ ਕਦੀ ਕਦੀ ਤੂਫ਼ਾਨ ਉਠਦੇ ਹਨ, ਪਰ ਇਹ ਤੂਫ਼ਾਨ ਮਹੀਨੇ ਲਈ, ਸਾਲ ਲਈ, ਕਈ ਕਈ ਦਫ਼ਾ ਪੰਜ ਪੰਜ, ਦੱਸ ਦੱਸ ਸਾਲ ਤਕ ਖ਼ਤਮ ਨਹੀਂ ਹੁੰਦੇ।

ਪੰਜ ਸਾਲ ਤੋਂ ਤੂਫ਼ਾਨ ਦੀ ਲਪੇਟ ਵਿਚ ਹੈ ਸਾਰਾ ਪੰਜਾਬ ਤੇ ਹੁਣ ਕੁਝ ਦਿਨਾਂ ਤੋਂ ਇਹ ਇਲੈਕਸ਼ਨ ਦਾ ਮਾਮਲਾ ਹੈ, ਰਿਜ਼ਰਵੇਸ਼ਨ ਦਾ ਇਹ ਵੀ ਇਕ ਤੂਫ਼ਾਨ ਹੈ। ਇਹਦੇ ਵਿਚ ਸਾਰਾ ਦੇਸ਼ ਫੱਸਿਆ ਪਇਆ ਹੈ। ਇਹ ਵੀ ਤੂਫ਼ਾਨ ਉਠਿਆ ਹੈ। ਸਾਗਰ ਦਾ ਸੁਭਾਅ ਹੈ ਉਹਦੇ ਵਿਚ ਤੂਫ਼ਾਨਾਂ ਦਾ ਪੈਦਾ ਹੋਣਾ ਤੇ ਸੰਸਾਰ ਦਾ ਵੀ ਇਹ ਤੂਫ਼ਾਨ ਹਾਦਸਿਆਂ ਦਾ ਪੈਦਾ ਹੋਣਾ ਹੈ। ਹਾਦਸੇ ਪੈਦਾ ਹੁੰਦੇ ਹਨ, ਲਾਜ਼ਮੀ ਹੁੰਦੇ ਹਨ। ਅੱਜ ਤੱਕ ਸਾਗਰ ਤੂਫ਼ਾਨ ਤੋਂ ਬਿਨਾਂ ਨਹੀਂ ਹੋ ਸਕਿਆ। ਅੱਜ ਤੱਕ ਸੰਸਾਰ ਹਾਦਸਿਆਂ ਤੋਂ ਬਿਨਾਂ ਨਹੀਂ ਹੋ ਸਕਿਆ। ਸਾਗਰ ਦੇ ਵਿਚ ਲਹਿਰਾਂ ਹਨ। ਤੂਫ਼ਾਨ ਕਦੀ ਕਦੀ ਹਨ, ਲਹਿਰਾਂ ਹਰ ਵਕਤ ਹਨ। ਹਾਦਸੇ ਵੱਡੇ ਵੱਡੇ ਸੰਸਾਰ

ਵਿਚ ਕਦੀ ਕਦਾਈਂ ਹੁੰਦੇ ਹਨ, ਪਰ ਦੁੱਖ ਤਾਂ ਹਰ ਵਕਤ ਹੈ। ਤੁਸੀਂ ਆਖੋਗੇ ਕੋਈ ਨਾ ਕੋਈ ਦੁੱਖ ਹਰ ਮਨੁੱਖ ਦੀ ਝੋਲੀ ਵਿਚ ਹਰ ਵਕਤ ਹੋਵੇਗਾ। ਮੈਂ ਆਪਣੇ ਅੰਦਾਜ਼ੇ ਨਾਲ ਅਰਜ਼ ਕਰ ਰਿਹਾ ਹਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਗਤੀ ਤੋਂ ਮੁਤਾਸਰ ਹੋ ਕੇ-

ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭ ਸੰਸਾਰੁ॥

(ਅੰਗ ੯੫੪)

ਜਿੱਥੋਂ ਤੱਕ ਸਾਗਰ ਹੈ, ਉਥੋਂ ਤੱਕ ਲਹਿਰਾਂ ਹਨ। ਜਿੱਥੋਂ ਤੱਕ ਸੰਸਾਰ ਹੈ, ਉਥੋਂ ਤੱਕ ਦੁੱਖ ਹਨ। ਲਹਿਰਾਂ ਛੋਟੀਆਂ ਹੁੰਦੀਆਂ ਹਨ, ਵੱਡੀਆਂ ਹੁੰਦੀਆਂ ਹਨ, ਕੋਈ ਬਹੁਤ ਵੱਡੀਆਂ ਹੁੰਦੀਆਂ ਹਨ। ਦੁੱਖ ਵੀ ਕੋਈ ਛੋਟੇ ਹੁੰਦੇ ਹਨ, ਕੋਈ ਵੱਡੇ ਹੁੰਦੇ ਹਨ ਤੇ ਕੋਈ ਬਹੁਤ ਵੱਡੇ ਹੁੰਦੇ ਹਨ। ਇਸ ਵਾਸਤੇ ਸੰਸਾਰ ਨੂੰ ਸਾਗਰ ਨਾਲ ਬਾਕਾਇਦਾ ਤਸ਼ਬੀਹ ਦਿੱਤੀ ਹੈ। ਸਾਗਰ ਦੀਆਂ ਕੁਝ ਕੁਝ ਥਾਵਾਂ ਬਹੁਤ ਡੂੰਘੀਆਂ ਹੁੰਦੀਆਂ ਹਨ। ਬੰਦਾ ਗ਼ਰਕ ਹੋ ਜਾਏ, ਫੇਰ ਲੱਭਦਾ ਨਹੀਂ। ਕਿਸੇ ਕਿਸੇ ਥਾਂ ਪਦਾਰਥ ਇਤਨੇ ਜ਼ਿਆਦਾ ਹਨ, ਇਤਨੇ ਗਹਿਰੇ ਹਨ, ਡੁੱਬ ਗਏ ਹਨ। ਮਨੁੱਖ ਲੱਭਦੇ ਗ਼ਰਕ ਹੋ ਗਏ। ਰੰਗ ਰੂਪ ਦੇ ਵਿਚ, ਸ਼ਰਾਬ ਕਬਾਬ ਦੇ ਵਿਚ, ਤਰ੍ਹਾਂ ਤਰ੍ਹਾਂ ਦੀਆਂ ਮਸਤੀਆਂ ਦੇ ਵਿਚ ਐਸੇ ਡੁਬ ਗਏ ਹਨ, ਐਸੇ ਗ਼ਰਕ ਹੋ ਗਏ ਹਨ ਕਿ ਖੋਜ ਖੁਰਾ ਵੀ ਨਹੀਂ ਲੱਭਦਾ। ਮਨੁੱਖਤਾ ਤਾਂ ਮਿੱਟ ਗਈ। ਮਨੁੱਖ ਦੇ ਡੁੱਬਣ ਦਾ ਮਤਲਬ ਹੈ ਇਨਸਾਨੀਆਤ ਡੁੱਬ ਗਈ। ਸ਼ਰਾਫ਼ਤ ਡੁੱਬ ਗਈ, ਹਲੀਮੀ ਡੁੱਬ ਗਈ ਤੇ ਇਹ ਦੈਵੀ ਗੁਣ ਗ਼ਰਕ ਹੋ ਗਿਆ। ਜ਼ਿੰਦਗੀ ਤਬਾਹ ਹੋ ਗਈ। ਕੁਝ ਹੋਰ ਵੀ ਮੈਂ ਅਰਜ਼ ਕਰ ਦਿਆਂ। ਕੁਝ ਐਸੇ ਮਲਾਹ ਹੁੰਦੇ ਹਨ ਜੋ ਉਰਾਰ ਖੜੇ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਲਹਿਰਾਂ ਸ਼ਾਂਤ ਹੋਵਣ ਤੇ ਬੇੜੀ ਤੋਰਾਂਗੇ। ਐਸੇ ਵੀ ਹਨ ਜ਼ਰਾ ਲਹਿਰਾਂ ਖ਼ਤਮ ਹੋ ਜਾਣ, ਫੇਰ ਬੇੜੀ ਤੋਰਾਂਗੇ। ਮਿਲਦੇ ਹਨ ਮੈਨੂੰ ਲੋਕੀਂ। ਕਹਿੰਦੇ ਹਨ ਗਿਆਨੀ ਜੀ, ਜ਼ਰਾ ਸਾਡਾ ਘਰੇਲੂ ਮਾਹੌਲ ਠੀਕ ਹੋ ਜਾਏ, ਫੇਰ ਅੰਮ੍ਰਿਤ ਛੱਕਾਂਗੇ। ਜ਼ਰਾ ਵਾਤਾਵਰਣ ਠੀਕ ਹੋ ਜਾਏ, ਫੇਰ ਅੰਮ੍ਰਿਤ ਵੇਲੇ ਵੀ ਉਠਾਂਗੇ। ਜ਼ਰਾ ਮਾਹੌਲ ਠੀਕ ਹੋ ਜਾਏ, ਫੇਰ ਗੁਰਦੁਆਰੇ ਵੀ ਆਵਾਂਗੇ ਅਤੇ ਰੋਜ਼ ਆਵਾਂਗੇ।

ਸਤਿਗੁਰਾਂ ਦੀ ਹਜ਼ੂਰੀ ਵਿਚ ਮੈਂ ਇਹ ਅਰਜ਼ ਕਰ ਦੇਵਾਂ, ਮਾਹੌਲ ਕਦੀ ਵੀ ਨਹੀਂ ਠੀਕ ਹੋਏਗਾ, ਕੁਝ ਨਾ ਕੁਝ ਤਾਂ ਖ਼ਰਾਬ ਰਹੇਗਾ। ਇਹਨੂੰ ਕਿਧਰੇ ਹੋਰ ਰੂਪ ਵਿਚ ਨਾ ਲੈਣਾ। ਸਾਗਰ ਲਹਿਰਾਂ ਤੋਂ ਬਿਨਾਂ ਕਦੀ ਵੀ ਨਹੀਂ ਹੋਏਗਾ, ਕੋਈ ਨਾ ਕੋਈ ਲਹਿਰ ਹੋਵੇਗੀ। ਜੀਵਨ ਦੁੱਖਾਂ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਸਰੀਰਕ ਨਹੀਂ ਤਾਂ ਮਾਨਸਿਕ ਦੁੱਖ ਹੋਵੇਗਾ। ਮਾਨਸਿਕ ਨਹੀਂ ਤਾਂ ਆਰਥਿਕ ਦੁੱਖ ਹੋਵੇਗਾ। ਆਰਥਿਕ ਨਹੀਂ ਤਾਂ ਕੋਈ ਸਮਾਜਿਕ ਦੁੱਖ ਹੋਵੇਗਾ। ਜੇ ਸਮਾਜਿਕ ਨਹੀਂ ਤਾਂ ਕੋਈ ਰਾਜਨੀਤਿਕ ਪੀੜਾ ਹੋ ਸਕਦੀ ਹੈ। ਕੁਝ ਨਾ ਕੁਝ ਤਾਂ ਹੋ ਸਕਦਾ ਹੈ। ਕੋਈ ਨਾ ਕੋਈ ਤਾਂ ਮਸਲਾ ਖੜਾ ਹੋ ਸਕਦਾ ਹੈ। ਕੋਈ ਨਾ ਕੋਈ ਰੋਗ, ਕੋਈ ਨਾ ਕੋਈ ਸੋਗ, ਕੋਈ ਨਾ ਕੋਈ ਦੁੱਖ ਦੀ ਲਹਿਰ ਬੇੜੀ ਨਾਲ ਟਕਰਾਏਗੀ ਤੇ ਜਿਹੜਾ ਇਹ ਸੋਚੇਗਾ ਕਿ ਲਹਿਰਾਂ ਸ਼ਾਂਤ ਹੋ ਜਾਣ, ਮੈਂ ਬੇੜੀ ਤੋਰਾਂਗਾ ਤਾਂ ਯਕੀਨ ਜਾਣੋ, ਕਦੇ ਵੀ ਨਹੀਂ ਤੋਰ

ਸਕੇਗਾ, ਉਰਾਰ ਹੀ ਰਹਿ ਜਾਏਗਾ। ਉਹ ਨਹੀਂ ਚੱਲ ਸਕੇਗਾ ਜਿਹੜਾ ਇਹ ਸੋਚੇ ਕਿ ਮੇਰਾ ਘਰੇਲੂ ਮਾਹੌਲ ਠੀਕ ਹੋ ਜਾਏ।

ਮੈਂ ਫੇਰ ਅਰਜ਼ ਕਰਾਂ, ਇਹਨੂੰ ਗਹਿਰਾਈ ਨਾਲ ਲੈਣਾ। ਕਦੀ ਵੀ ਠੀਕ ਨਹੀਂ ਹੋਏਗਾ। ਇਕ ਲਹਿਰ ਸ਼ਾਂਤ ਹੋਵੇਗੀ ਤਾਂ ਦੂਜੀ ਪੈਦਾ ਹੋ ਜਾਏਗੀ। ਇਕ ਮਸਲਾ ਹੱਲ ਹੋ ਜਾਏਗਾ ਤਾਂ ਦੂਸਰਾ ਪੈਦਾ ਹੋ ਜਾਏਗਾ ਤੇ ਕਿਤੇ ਦੂਸਰਾ ਵੀ ਹੱਲ ਹੋ ਜਾਏ ਤਾਂ ਤੀਸਰਾ ਪੈਦਾ ਹੋ ਜਾਏਗਾ। ਜੇ ਕਿਧਰੇ ਰਬ ਸਬੱਬੀ ਤੀਸਰਾ ਵੀ ਹੱਲ ਹੋ ਗਿਆ ਤਾਂ ਚੌਥਾ ਪੈਦਾ ਹੋ ਜਾਏਗਾ। ਮੈਂ ਤਾਂ ਕੋਈ ਵੀ ਮਨੁੱਖ ਐਸਾ ਨਹੀਂ ਦੇਖਦਾ ਜੋ ਦੁੱਖਾਂ ਤੋਂ ਰਹਿਤ ਹੋਵੇ। ਦੁੱਖ ਤਾਂ ਵਿਆਪਕ ਹੈ। ਸਾਗਰ ਵਿਚ ਤਾਂ ਲਹਿਰਾਂ ਵਿਆਪਕ ਹਨ। ਜਿਥੋਂ ਤੱਕ ਸਾਗਰ ਹੈ, ਉਥੋਂ ਤੱਕ ਲਹਿਰਾਂ ਹਨ। ਜਿੱਥੋਂ ਤੱਕ ਸੰਸਾਰ ਹੈ, ਉਥੋਂ ਤੱਕ ਦੁੱਖ ਹਨ। ਤਰ੍ਹਾਂ ਤਰ੍ਹਾਂ ਦੇ ਦੁੱਖ ਹਨ। ਸਿਧ ਗੋਸਟ ਇਕ ਬੜੀ ਕੀਮਤੀ ਬਾਣੀ ਹੈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅੰਦਰ। ਇਸ ਵਿਚ ਸਿਧਾਂ ਦੇ ਸਵਾਲ ਹਨ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਵਾਬ ਹੈ। ਚਰਪਟ ਨਾਥ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਸਿਧਾਂ ਜੋਗੀਆਂ ਦਾ ਮੁੱਖੀ ਸੀ। ਉਸ ਨੇ ਗੁਰੂ ਨਾਨਕ ਦੇਵ ਜੀ ਉੱਤੇ ਕੁਝ ਸਵਾਲ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਦੇ ਵਿਚ ਸਿਧ ਗੋਸਟ ਰਾਮਕਲੀ ਰਾਗ ਦੇ ਵਿਚ ਇਹ ਬਾਕਾਇਦਾ ਸਵਾਲ ਦਰਜ ਹਨ-

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥

(ਅੰਗ ੯੩੮)

ਹੇ ਨਾਨਕ ਜੀ! ਸੱਚ ਦੀ ਵਿਚਾਰ ਦੱਸੋ ਕਿ ਇਹ ਜਿਹੜਾ ਨਾ ਤਰੇ ਜਾਣ ਵਾਲਾ ਸਾਗਰ ਹੈ, ਕਿਵੇਂ ਤਰੀਏ? ਕਿਵੇਂ ਪਾਰ ਕਰੀਏ? ਪ੍ਰਸ਼ਨ ਕੋਈ ਆਮ ਸੰਸਾਰੀ ਬੰਦੇ ਦਾ ਨਹੀਂ ਹੈ, ਇਕ ਜੋਗੀ ਦਾ ਹੈ, ਅਤੇ ਮਾਮੂਲੀ ਪੱਧਰ ਦੇ ਜੋਗੀ ਦਾ ਨਹੀਂ ਹੈ, ਜੋਗੀਆਂ ਦੇ ਮੁਖੀ ਚਰਪਟ ਨਾਥ ਦਾ ਇਹ ਪ੍ਰਸ਼ਨ ਹੈ। ਸਾਹਿਬ ਉਸ ਨੂੰ ਕਹਿੰਦੇ ਹਨ-

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥
ਸਾਚੁ ਕਹਹੁ ਤਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥

(ਅੰਗ ੯੩੮)

ਪਾਰਗਰਾਮੀ ਦੋ ਤਰ੍ਹਾਂ ਦੇ ਮਨੁੱਖ ਹੁੰਦੇ ਹਨ ਜੋ ਮਹਾਨ ਗਿਣੇ ਗਏ ਹਨ—ਪਾਰਦਰਸ਼ੀ ਤੇ ਪਾਰਗ੍ਰਾਮੀ। ਪਾਰਦਰਸ਼ੀ ਜਿਸਨੂੰ ਬਾਹਰਲਾ ਕੰਢਾ ਦਿਖਾਈ ਦੇਂਦਾ ਹੈ, ਪਾਰਗ੍ਰਾਮੀ ਜੋ ਪਾਰ ਜਾ ਕੇ ਵੱਸ ਗਿਆ ਹੈ। ਜਿਸਦਾ ਟਿਕਾਣਾ ਹੀ ਪਾਰ ਹੈ, ਉਹ ਪਾਰਦਰਸ਼ੀ ਹੈ ਤੇ ਉਰਾਰ ਤਾਂ ਖੜਾ ਹੈ ਪਰ ਪਾਰ ਜਾਣ ਦੀ ਤੜਪ ਹੈ। ਪਾਰਲਾ ਕੰਢਾ ਦਿਖਾਈ ਦੇਂਦਾ ਹੈ। ਪਾਰਲਾ ਕੰਢਾ ਅੰਦਰ ਖਿੱਚ ਪਾਉਂਦਾ ਹੈ ਤੇ ਪਾਰਲੇ ਕੰਢੇ ਦੀ ਸਮਝ ਵੀ ਹੈ। ਪਾਰਲੇ ਕੰਢੇ ਕੀ ਕੁਝ ਹੋ ਰਿਹਾ

ਹੈ, ਇਹ ਵੀ ਉਸ ਨੂੰ ਪਤਾ ਹੈ। ਅੰਦਰ ਤੜਪ ਬੜੀ ਹੈ, ਖਿੱਚ ਬੜੀ ਹੈ, ਤਮੰਨਾ ਬੜੀ ਹੈ ਅਤੇ ਜਾਣ ਦੀ ਤਿਆਰੀ ਵੀ ਹੈ। ਇਸ ਤਰ੍ਹਾਂ ਦੇ ਪੁਰਸ਼ ਨੂੰ ਕਹਿੰਦੇ ਹਨ ਪਾਰਦਰਸ਼ੀ। ਖੜਾ ਉਰਾਰ ਹੈ, ਪਰ ਪਾਰ ਤੱਕ ਦੇਖ ਲੈਂਦਾ ਹੈ। ਖੜਾ ਤਾਂ ਸੰਸਾਰ ਦੇ ਤੱਲ 'ਤੇ ਹੈ, ਪਰ ਨਿਰੰਕਾਰ ਦੀ ਝਲਕ ਵੀ ਦੇਖ ਲੈਂਦਾ ਹੈ। ਇਹ ਖੜਾ ਤਾਂ ਪਦਾਰਥਾਂ ਦੇ ਵਿਚ ਹੈ, ਪਰ ਇਹਨੂੰ ਸਮਝ ਪ੍ਰਮਾਤਮਾ ਦੀ ਵੀ ਹੈ। ਇਹ ਜੀਂਵਦਾ ਤਾਂ ਧਨ ਵਿਚ ਹੈ, ਪਰ ਇਹਨੂੰ ਧਰਮ ਦੀ ਵੀ ਸੂਝ ਹੈ। ਇਹ ਜੀਵ ਰਿਹਾ ਹੈ ਪਰਿਵਾਰ ਦੇ ਵਿਚ, ਪਰ ਇਹਦੇ ਕੋਲ ਗਿਆਨ ਨਿਰੰਕਾਰ ਦਾ ਵੀ ਹੈ। ਇਹ ਗੱਲ ਵੱਖਰੀ ਹੈ ਕਿ ਅਜੇ ਪਰਿਵਾਰ ਦੇ ਵਿਚ ਹੈ। ਅਜੇ ਧਨ ਦੇ ਵਿਚ ਹੈ। ਅਜੇ ਪਦਾਰਥਾਂ ਦੇ ਵਿਚ ਹੈ। ਅਜੇ ਸੰਸਾਰ ਦੇ ਵਿਚ ਹੈ ਪਰ ਪਾਰ ਇਸ ਨੂੰ ਦਿਖਾਈ ਦੇਂਦਾ ਹੈ। ਪਾਰ ਦੀ ਇਸ ਨੂੰ ਸਮਝ ਹੈ। ਪਾਰ ਦਾ ਇਸਦੇ ਕੋਲ ਬੋਧ ਹੈ। ਪਾਰਦਰਸ਼ੀ ਪਾਰਗ੍ਰਾਮੀ ਜੋ ਪਾਰ ਪਹੁੰਚ ਗਿਆ, ਉਰਾਰ ਨਹੀਂ।

ਹੁਣ ਪਾਰਦਰਸ਼ੀ ਵੀ ਨਹੀਂ ਹੈ ਤੇ ਪਹੁੰਚ ਗਿਆ ਹੈ ਜਾਂ ਇੰਝ ਕਹਿ ਲਉ ਸਾਰੀ ਮਨੁੱਖਤਾ ਇਹਨਾਂ ਤਿੰਨ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ—ਉਰਾਰ, ਪਾਰਦਰਸ਼ੀ, ਪਾਰਗ੍ਰਾਮੀ। ਜੋ ਉਰਾਰ ਹਨ, ਇਹ ਸੰਸਾਰੀ ਹਨ, ਬਿਲਕੁਲ ਸੰਸਾਰੀ। ਜੋ ਪਾਰਦਰਸ਼ੀ ਹਨ, ਸਮਝ ਲਉ ਸਾਧਨ ਕਰਦੇ ਪਏ ਹਨ, ਗੁਰਮੁਖ ਹਨ, ਸਾਧਕ ਹਨ। ਪਾਰਗ੍ਰਾਮੀ ਜੋ ਪਹੁੰਚ ਗਏ ਹਨ, ਇਹ ਤਾਂ ਸੰਤ ਹਨ, ਇਹ ਤਾਂ ਬ੍ਰਹਮ ਗਿਆਨੀ ਹਨ। ਇਹ ਤਾਂ ਗੁਰੂ ਦਾ ਰੂਪ ਹੋ ਗਏ। ਇਹ ਤਾਂ ਪ੍ਰਭੂ ਦਾ ਰੂਪ ਹੋ ਗਏ। ਇਹ ਤਾਂ ਅਕਾਲ ਪੁਰਖ ਦਾ ਰੂਪ ਹੋ ਗਏ। ਇਸ ਤਰ੍ਹਾਂ ਮੰਨਣਾ ਚਾਹੀਦਾ ਹੈ ਕਿ ਇਸ ਸਾਰੀ ਮਨੁੱਖਤਾ ਨੂੰ ਇਹਨਾਂ ਤਿੰਨ ਹਿੱਸਿਆਂ ਦੇ ਵਿਚ ਹੀ ਵੰਡਣਾ ਪਏਗਾ—ਉਰਾਰ, ਪਾਰਦਰਸ਼ੀ, ਪਾਰਗ੍ਰਾਮੀ। ਤੁਸੀਂ ਬੈਠੇ ਬੈਠੇ ਆਪਣਾ ਫ਼ੈਸਲਾ ਕਰ ਸਕਦੇ ਹੋ ਕਿ ਇਹਨਾਂ ਤਿੰਨਾਂ ਸ਼੍ਰੇਣੀਆਂ ਵਿਚੋਂ ਅਸੀਂ ਕਿਸ ਸ਼੍ਰੇਣੀ ਵਿਚ ਆਉਂਦੇ ਹਾਂ। ਬਹੁਤੀ ਭੀੜ ਹੈ ਉਰਾਰ। ਹਜ਼ਾਰਾਂ ਵਿਚ ਕਿਧਰੇ ਇਕ-ਦੋ ਹੁੰਦੇ ਹਨ ਪਾਰਦਰਸ਼ੀ ਤੇ ਲੱਖਾਂ ਦੇ ਵਿਚ ਕਿਧਰੇ ਇਕ-ਦੋ ਹੁੰਦੇ ਹਨ ਪਾਰਗ੍ਰਾਮੀ, ਜ਼ਿਆਦਾ ਨਹੀਂ। ਇਤਨੀ ਮੈਂ ਅਰਜ਼ ਕਰਾਂ ਤੇ ਹੁਣ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥

ਮੈਂ ਸੱਚ ਆਖਦਾ ਹਾਂ ਐ ਚਰਪਟ! ਤੂੰ ਤਾਂ ਪਾਰਗ੍ਰਾਮੀ ਹੈਂ ਅਤੇ ਤੇਰਾ ਆਖਣਾ ਮੈਂ ਪਾਰਗ੍ਰਾਮੀ ਹਾਂ, ਮੈਂ ਸਿਧ ਹਾਂ, ਤੂੰ ਇਹ ਕਿਉਂ ਪ੍ਰਸ਼ਨ ਕਰਦਾ ਹੈਂ ਕਿ ਨਾ ਤਰੇ ਜਾਣ ਵਾਲਾ ਸਾਗਰ ਕਿਵੇਂ ਤਰੀਏ? ਤੂੰ ਤਾਂ ਪਾਰਗ੍ਰਾਮੀ ਹੈਂ ਤੇ ਜਿਹੜਾ ਪਾਰਗ੍ਰਾਮੀ ਹੈ, ਉਹਦਾ ਤਾਂ ਤਰਨ ਦਾ ਕੋਈ ਮਸਲਾ ਹੀ ਨਹੀਂ ਰਹਿ ਗਿਆ। ਉਹਦੇ ਲਈ ਤਾਂ ਸਾਗਰ ਕੋਈ ਮਸਲਾ ਹੀ ਨਹੀਂ ਰਹਿ ਗਿਆ। ਉਹ ਤਾਂ ਪਾਰ ਹੋ ਗਿਆ-

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥

ਤੈਨੂੰ ਕੀ ਮੈਂ ਉੱਤਰ ਦੇਵਾਂ। ਤੈਨੂੰ ਕੀ ਮੈਂ ਸਮਝਾਵਾਂ, ਤੂੰ ਤਾਂ ਪਾਰਗ੍ਰਾਮੀ ਹੈਂ ਅਤੇ

ਪਾਰਗ੍ਰਾਮੀ ਹੋਣ ਦਾ ਤੇਰਾ ਦਾਅਵਾ ਹੈ। ਸਿਧਾਂ ਦਾ ਦਾਅਵਾ ਹੈ ਕਿ ਅਸੀਂ ਪਾਰ ਹਾਂ ਸੰਸਾਰ ਤੋਂ। ਇਸੇ ਸਿਧ ਗੋਸਟ ਦੇ ਵਿਚ ਸਿਧਾਂ ਨੇ ਬੇਨਤੀ ਕੀਤੀ ਕਿ ਨਹੀਂ ਮਹਾਰਾਜ ਤੁਸੀਂ ਰੋਸ ਨਾ ਕਰੋ ਤੇ ਸਾਡੀ ਗੱਲ ਨੂੰ ਨਜ਼ਰ ਅੰਦਾਜ਼ ਵੀ ਨਾ ਕਰੋ। ਸਾਨੂੰ ਜ਼ਰੂਰ ਜਵਾਬ ਦਿਉ। ਇਸ ਤੋਂ ਗੱਲ ਸਪੱਸ਼ਟ ਹੋ ਗਈ ਕਿ ਪਾਰਗ੍ਰਾਮੀ ਹੋਣ ਦਾ ਸਿਰਫ਼ ਲੇਬਲ ਲੱਗਿਆ ਹੋਇਆ ਹੈ, ਪਾਰਗ੍ਰਾਮੀ ਨਹੀਂ ਹੈ। ਜਿਵੇਂ ਕਈਆਂ ਦੇ ਉੱਤੇ ਗੁਸਤਾਖ਼ੀ ਮਾਫ਼, ਸਿਰਫ਼ ਸੰਤ ਦਾ ਲੇਬਲ ਹੀ ਲੱਗਿਆ ਹੁੰਦਾ ਹੈ, ਸੰਤ ਕੋਈ ਨਹੀਂ। ਗਿਆਨੀ ਹੋਣ ਦਾ ਲੇਬਲ ਲੱਗਿਆ ਹੁੰਦਾ ਹੈ, ਗਿਆਨੀ ਨਹੀਂ ਹੈ। ਗੁਰਸਿੱਖ ਹੋਣ ਦਾ ਲੇਬਲ ਲੱਗਿਆ ਹੁੰਦਾ ਹੈ, ਗੁਰਸਿੱਖ ਨਹੀਂ ਹੈ। ਇੰਞ ਕਹਿ ਲਉ ਬਸ ਲੇਬਲ ਹੀ ਲੇਬਲ, ਬਾਕੀ ਤੇ ਕੱਖ ਹੀ ਨਹੀਂ, ਕੁਝ ਵੀ ਨਹੀਂ। ਕਈਆਂ ਦੇ ਉਪਰ ਤਾਂ ਲੇਬਲ ਹੀ ਹਨ ਕਿ ਇਹ ਗੁਰੂ ਕਾ ਸਿੱਖ ਹੈ। ਇਹ ਸੰਤ ਹੈ। ਇਹ ਗਿਆਨੀ ਹੈ। ਜੇ ਗਿਆਨੀ ਨੂੰ ਪਰਖਣਾ ਹੋਵੇ ਤਾਂ ਸਾਹਿਬਾਂ ਦੀ ਬਾਣੀ ਕਹਿੰਦੀ ਹੈ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਅੰਗ ੧੪੨੭)

ਨਾ ਕਿਸੇ ਕੋਲੋਂ ਭੈਭੀਤ ਹੁੰਦਾ ਹੈ ਤੇ ਨਾ ਕਿਸੇ ਨੂੰ ਭੈਭੀਤ ਕਰਦਾ ਹੈ। ਬਸ ਗਿਆਨੀ ਕੁਝ ਭਾਸ਼ਾ, ਕੁਝ ਗਰੈਮਰ ਸਮਝ ਗਿਆ। ਕੁਝ ਵਿਆਕਰਣ ਦਾ ਬੋਧ ਹੋ ਗਿਆ, ਕੁਝ ਅਰਥ ਬੋਧ ਉਸ ਨੂੰ ਆ ਗਏ ਤਾਂ ਇਹ ਗਿਆਨੀ ਨਹੀਂ ਹੈ। ਇਸ ਤਰ੍ਹਾਂ ਦੀ ਭਾਸ਼ਾ ਬੋਧ ਦੇ ਪੰਡਤ ਬਥੇਰੇ ਮੌਜੂਦ ਹਨ, ਪ੍ਰਿਥਵੀ ਭਰੀ ਪਈ ਹੈ ਅਤੇ ਕਈ ਕਈ ਭਾਸ਼ਾਵਾਂ ਦੇ ਪੰਡਿਤ ਮੌਜੂਦ ਹਨ। ਇਕ ਭਾਸ਼ਾ ਦੀ ਤਾਂ ਗੱਲ ਹੀ ਛੱਡੋ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਜਿਹੜਾ ਕਿਸੇ ਨੂੰ ਭੈਭੀਤ ਕਰਦਾ ਹੈ, ਉਹ ਦੁਸ਼ਟ ਹੈ, ਜ਼ਾਲਮ ਹੈ ਤੇ ਜਿਹੜਾ ਕਿਸੇ ਦਾ ਭੈਅ ਮੰਨਦਾ ਹੈ, ਉਹ ਕਾਇਰ ਹੈ, ਬੁਜ਼ਦਿਲ ਹੈ। ਇਸ ਲਈ ਕਾਇਰ ਤੇ ਬੁਜ਼ਦਿਲ ਭਗਤ ਨਹੀਂ ਹੋ ਸਕਦਾ, ਧਾਰਮਿਕ ਨਹੀਂ ਹੋ ਸਕਦਾ ਅਤੇ ਦੁਸ਼ਟ ਤੇ ਜ਼ਾਲਮ ਵੀ ਭਗਤ ਨਹੀਂ ਹੋ ਸਕਦਾ, ਧਾਰਮਿਕ ਨਹੀਂ ਹੋ ਸਕਦਾ। ਸਾਰੀ ਦੁਨੀਆਂ ਵਿਚ ਇਸ ਤਰ੍ਹਾਂ ਦੇਖੀਦਾ ਹੈ। ਕੋਈ ਭੈਭੀਤ ਕਰਦਾ ਹੈ, ਕੋਈ ਭੈਭੀਤ ਹੁੰਦਾ ਹੈ। ਘਟ ਤੋਂ ਘਟ ਇਹ ਹੋਰ ਕੁਝ ਤਾਂ ਭਾਵੇਂ ਹੋਵੇ, ਗਿਆਨੀ ਤਾਂ ਨਹੀਂ ਹੋ ਸਕਦਾ। ਜਿਸ ਤਰ੍ਹਾਂ ਸੰਤ ਦੀ ਕਸੌਟੀ ਹੈ-

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

(ਅੰਗ ੩੧੯)

ਕਹਿੰਦੇ ਹਨ ਸੋਨੇ ਨੂੰ ਪਰਖਣ ਦੀ ਕਸੌਟੀ ਹੈ ਤੇ ਜ਼ਿੰਦਗੀਆਂ ਨੂੰ ਪਰਖਣ ਦੀ ਵੀ ਕਸੌਟੀ ਹੈ। ਸਤਿਗੁਰੂ ਦੀ ਬਾਣੀ ਕਸੌਟੀ ਸਾਡੇ ਕੋਲ ਹੈ ਤੇ ਇਹ ਦੱਸ ਦੇਵੇਗੀ ਕਿ ਗਿਆਨੀ ਹੈ ਕਿ ਨਹੀਂ-

ਸਿਖੀ ਸਿਖਿਆ ਗੁਰ ਵੀਚਾਰਿ॥

ਜੋ ਗੁਰੂ ਦੇ ਵਿਚਾਰ ਮੁਤਾਬਿਕ ਜੀਅ ਰਿਹਾ ਹੈ, ਉਹ ਸਿੱਖ ਹੈ। ਜੋ ਗੁਰੂ ਦੀ ਵਿਚਾਰ ਮੁਤਾਬਿਕ ਨਹੀਂ ਜੀਅ ਰਿਹਾ, ਉਹ ਸਿੱਖ ਕਿਸ ਤਰ੍ਹਾਂ ਹੋਇਆ। ਬੱਸ ਲੇਬਲ ਸਿੱਖ ਦਾ ਲੱਗਿਆ ਹੈ ਪਰ ਸਿੱਖ ਨਹੀਂ ਹੈ। ਲੇਬਲ ਸੰਤ ਦਾ ਲਗਿਆ ਹੈ, ਇਹ ਸੰਤ ਨਹੀਂ ਹੈ। ਲੇਬਲ ਹੀ ਸਿਰਫ਼ ਗਿਆਨੀ ਦਾ ਲੱਗਿਆ ਹੈ, ਇਹ ਗਿਆਨੀ ਨਹੀਂ ਹੈ। ਸੋ ਉਹਨਾਂ ਸਿਧਾਂ ਉਪਰ ਲੇਬਲ ਸਿਧਾਂ ਦਾ ਲੱਗਿਆ ਹੋਇਆ ਸੀ, ਧਾਰਮਿਕ ਹੋਣ ਦਾ ਲੇਬਲ ਲੱਗਿਆ ਹੋਇਆ ਸੀ, ਦਰਅਸਲ ਉਹ ਧਾਰਮਿਕ ਨਹੀਂ ਸਨ। ਲੰਬੀ ਚੌੜੀ ਗੋਸ਼ਟੀ ਦੱਸੀ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਦੱਸਦੀਆਂ ਹਨ ਕਿਉਂਕਿ ਉਹਨਾਂ ਨੇ ਵੀ ਸਿਧ ਗੋਸਟ ਆਪਣੇ ਢੰਗ ਨਾਲ ਲਿਖੀ ਹੈ। ਜਿਹੜਾ ਤਰਸ ਖਾਵੇ ਉਹਨਾਂ ਨੂੰ ਜੋਗੀ ਆਖਾਂਗੇ, ਭਗਤ ਆਖਾਂਗੇ, ਤੇ ਭਾਈ ਸਾਹਿਬ ਆਖਦੇ ਹਨ ਕਿ ਖੁਨਸ ਖਾ ਕੇ ਉਹ ਗੋਸਟ ਕਰਦਾ ਹੈ। ਜਿਹੜਾ ਸੰਸਾਰੀ ਹੈ, ਉਰਾਰ ਹੈ, ਸੰਤ ਖੁਨਸ ਖਾ ਕੇ ਗੋਸਟੀ ਨਹੀਂ ਕਰੇਗਾ। ਗਿਆਨੀ ਖੁਨਸ ਖਾ ਕੇ ਗੋਸਟੀ ਨਹੀਂ ਕਰੇਗਾ। ਗਿਆਨੀ ਕੁਝ ਸਮਝਣ ਲਈ ਤੇ ਕੁਝ ਸਮਝਾਉਣ ਲਈ ਤਾਂ ਗੋਸਟੀ ਕਰ ਸਕਦਾ ਹੈ। ਸੰਤ ਕੁਝ ਜਾਨਣ ਲਈ ਤੇ ਜਨਾਉਣ ਲਈ ਗੋਸਟੀ ਕਰ ਸਕਦਾ ਹੈ, ਪਰ ਖੁਨਸ ਕਰਕੇ ਨਹੀਂ। ਭਾਈ ਸਾਹਿਬ ਕਹਿੰਦੇ ਹਨ ਕਿ ਉਹਨਾਂ ਨੇ ਖੁਨਸ ਖਾ ਲਈ। ਸਵਾਲ ਇਥੇ ਪੈਦਾ ਹੁੰਦਾ ਹੈ ਕਿ ਸੰਸਾਰੀ ਵੀ ਖੁਨਸ ਖਾ ਜਾਂਦਾ ਹੈ, ਜੋਗੀ ਵੀ ਖੁਨਸ ਖਾ ਜਾਂਦਾ ਹੈ ਤਾਂ ਸਿਧਾਂ ਵਿਚ ਤੇ ਸੰਸਾਰੀਆਂ ਵਿਚ ਫਰਕ ਕੀ ਰਹਿ ਜਾਏਗਾ? ਬਰਾਬਰ ਹੋ ਗਏ ਤੇ ਸਾਰਿਆਂ ਸਿਧਾਂ ਨੇ ਹੱਥ ਜੋੜਿਆ। ਅਸੀਂ ਪਾਰਗ੍ਰਾਮੀ ਨਹੀਂ ਹਾਂ। ਤੁਸੀਂ ਰੋਸ ਨਾ ਕਰੋ ਤੇ ਉੱਤਰ ਦਿਉ। ਸਾਨੂੰ ਦੱਸੋ। ਤਾਂ ਫਿਰ ਮੇਰੇ ਪਾਤਿਸ਼ਾਹ ਨੇ ਦੱਸਿਆ-

ਜੈਸੇ ਜਲ ਮਹਿ ਕਮਲੁ ਨਿਰਾਲਮ ਮੁਰਗਾਈ ਨੈ ਸਾਣੇ॥

(ਅੰਗ ੯੩੮)

ਨੈ ਸਾਣੇ- ਇਹ ਰਾਜਸਥਾਨੀ ਭਾਸ਼ਾ ਦਾ ਲਫ਼ਜ਼ ਹੈ। ਨੈ ਸਾਣੇ— ਕੋਈ ਬੰਦਾ ਬਾਰਸ਼ ਵਿਚ ਭਿੱਜ ਜਾਏ ਤਾਂ ਰਾਜਸਥਾਨ ਵਿਚ ਕਹਿੰਦੇ ਹਨ ਤੂੰ ਸੰਨ ਗਿਆ, ਭਿੱਜ ਗਿਆ ਹੈਂ। ਉਹ ਸਨਨਾ ਭਿੱਜਣ ਨੂੰ ਕਹਿੰਦੇ ਹਨ। ਮੁਰਗਾਈ ਨੈ ਸਾਣੇ ਜਿਵੇਂ ਮੁਰਗ਼ਾਬੀ ਨਹੀਂ ਭਿੱਜਦੀ। ਨੈ ਸਾਣੇ ਤੋਂ ਮੁਰਾਦ ਨਹੀਂ ਭਿੱਜਦੀ। ਤਨ ਮਨ ਉਸਦੇ ਨਹੀਂ ਭਿੱਜਦੇ। ਉਹ ਆਪ ਨਹੀਂ ਭਿੱਜਦੀ, ਖੰਭਾਂ ਦੀ ਤਾਂ ਗੱਲ ਛੱਡੋ। ਭਿਜ ਜਾਏ ਤਾਂ ਵਜ਼ਨ ਵੱਧ ਜਾਂਦਾ ਹੈ। ਪਾਣੀ ਦਾ ਆਪਣਾ ਵਜ਼ਨ ਹੁੰਦਾ ਹੈ ਤੇ ਡੁੱਬਣ ਦੀ ਵੀ ਸੰਭਾਵਨਾ ਹੈ। ਉਹ ਭਿਜਦੀ ਨਹੀਂ, ਡੁੱਬਣਾ

ਤੇ ਇਕ ਪਾਸੇ।

ਮੈਂ ਕਈ ਵਾਰ ਦੇਖਦਾ ਹਾਂ ਕਿ ਕਈ ਧਨ ਵਿਚ ਐਸੇ ਭਿਜੇ ਹੋਏ ਹਨ, ਬੱਸ ਅੱਜ ਡੁਬੇ ਤੇ ਕੱਲ ਡੁੱਬੇ। ਪੰਜ ਪੰਜ ਅੰਗੂਠੀਆਂ ਪੰਜੇ ਉਂਗਲੀਆਂ ਵਿਚ। ਜੇ ਕਿਧਰੇ ਰੱਬ ਛੇ ਬਣਾਉਂਦਾ ਤਾਂ ਸ਼ਾਇਦ ਛੇ ਛੇ ਪਾ ਲੈਂਦੇ। ਫੇਰ ਕਮੀਜ਼ ਦੇ ਬਟਨ ਵੀ ਸੋਨੇ ਦੇ, ਕੜਾ ਵੀ ਸੋਨੇ ਦਾ, ਚਸ਼ਮਾ ਵੀ ਸੋਨੇ ਦਾ। ਮੈਨੂੰ ਖ਼ਿਆਲ ਆਉਂਦਾ ਹੈ ਕਿ ਇਹ ਇਤਨੇ ਭਿੱਜ ਗਏ ਸੋਨੇ ਵਿੱਚ ਕਿ ਬਸ ਡੁੱਬੇ ਕਿ ਡੁੱਬੇ। ਧਨ ਵਕਤ ਦੀ ਜ਼ਰੂਰਤ ਹੈ ਪਰ ਇਤਨੀ ਨੁਮਾਇਸ਼, ਇਤਨੀ ਪ੍ਰਦਰਸ਼ਨੀ, ਕਈ ਬੜੀ ਨੁਮਾਇਸ਼, ਬੜੀ ਪ੍ਰਦਰਸ਼ਨੀ ਕਰਦੇ ਹਨ। ਇਹ ਪ੍ਰਦਰਸ਼ਨੀ ਦੱਸਦੀ ਹੈ ਕਿ ਭਿੱਜ ਗਏ ਤੇ ਭਿੱਜਿਆਂ ਹੀ ਡੁੱਬੀਦਾ ਹੈ। ਜਿਵੇਂ ਮੁਰਗਾਬੀ ਨਹੀਂ ਸਨਦੀ, ਨਹੀਂ ਭਿੱਜਦੀ। ਜੈਸੇ ਕਮਲ ਨਹੀਂ ਡੁੱਬਦਾ, ਨਹੀਂ ਭਿੱਜਦਾ। ਐ ਜੋਗੀ ! ਐ ਸਿਧੋ ! ਇਸ ਤਰ੍ਹਾਂ ਜਗਤ ਦੇ ਵਿਚ ਰਹੋ ਕਿ ਨਾ ਭਿੱਜੋ ਤੇ ਨਾ ਡੁੱਬੋ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

ਭਗਤ ਕਬੀਰ ਨੇ ਇਸਨੂੰ ਆਪਣੇ ਢੰਗ ਨਾਲ ਖੋਲ੍ਹਿਆ। ਮੈਂ ਫਿਰ ਸਾਹਮਣੇ ਰੱਖ ਦਿਆਂ ਕਿਉਂਕਿ ਅੱਜ ਦਾ ਪਾਵਨ ਵਾਕ ਇਸ ਢੰਗ ਦਾ ਆਇਆ ਹੈ–

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥

ਇਸ ਚੱਕਰ ਦੇ ਵਿਚ ਨਾ ਪੈਣਾ ਕਿ ਇਕ ਖਿਨ ਦੇ ਵਿਚ ਇਕ ਪਾਣੀ ਦੇ ਸਾਗਰ ਤੋਂ ਪਾਰ ਹੋ ਗਏ। ਨਹੀਂ, ਇਸ ਪਾਣੀ ਦੇ ਸਾਗਰ ਵਿਚ ਤਿੱਖੀ ਤੋਂ ਤਿੱਖੀ ਬੇੜੀ ਵੀ ਹੋਵੇ, ਤਿੱਖੇ ਤੋਂ ਤਿੱਖਾ ਜਹਾਜ਼ ਵੀ ਹੋਵੇ, ਕੁਝ ਮਹੀਨੇ, ਕੁਝ ਦਿਨ ਲੱਗਣਗੇ ਸਮੁੰਦਰ ਤੋਂ ਪਾਰ ਹੋਣ ਲੱਗਿਆਂ। ਇਸ ਸਮੁੰਦਰ ਦੀ ਗੱਲ ਨਹੀਂ ਹੈ ਤੇ ਇਸ ਸਮੁੰਦਰ ਦੇ ਵਿਚ ਹਜ਼ਾਰਾਂ ਬੰਦੇ ਰੋਜ਼ ਪਾਰ ਹੋ ਰਹੇ ਹਨ। ਐਸੀ ਕੋਈ ਗੱਲ ਨਹੀਂ ਹੈ। ਸੰਸਾਰ ਸਮੁੰਦਰ ਵਿਚ ਰੋਜ਼ ਡਿੱਗਦੇ ਪਏ ਹਨ, ਪਾਣੀ ਦੇ ਸਮੁੰਦਰ ਵਿਚ ਲੋਕ ਰੋਜ਼ ਪਾਰ ਹੁੰਦੇ ਪਏ ਹਨ। ਮੈਂ ਤਾਂ ਇੰਝ ਦੇਖਦਾ ਹਾਂ ਕਿ ਕਦੀ ਕਦਾਈਂ ਪਾਣੀ ਦੇ ਸਾਗਰ ਵਿਚ ਕੋਈ ਇਕ ਅੱਧ ਜਹਾਜ਼ ਡੁਬ ਜਾਂਦਾ ਹੈ। ਇਕ ਅੱਧ ਕਿਸ਼ਤੀ ਡੁੱਬ ਜਾਂਦੀ ਹੈ। ਦੁਨੀਆਂ ਭਰ ਦੇ ਅਖ਼ਬਾਰਾਂ ਦੀ ਉਹ ਸੁਰਖ਼ੀ ਬਣਦੀ ਹੈ–ਬੇੜੀ ਡੁੱਬ ਗਈ। ਇਤਨੇ ਡੁੱਬ ਗਏ। ਇਕ ਜਹਾਜ਼ ਡੁੱਬ ਗਿਆ ਅਤੇ ਇਤਨੇ ਬੰਦੇ ਡੁੱਬ ਗਏ ਅਤੇ ਕਦੀ ਸਾਲਾਂ ਬਧੀ ਇਕ ਅੱਧ ਹਾਦਸਾ।

ਇਹ ਜਿਹੜਾ ਸੰਸਾਰ ਸਾਗਰ ਹੈ ਇਥੇ ਕਿਤੇ ਕਦੇ ਕਦਾਈਂ ਕੋਈ ਇਕ ਅੱਧ ਪਾਰ ਹੋ ਜਾਏ, ਬਾਕੀ ਤਾਂ ਸਾਰੇ ਹੀ ਡੁੱਬ ਜਾਂਦੇ ਹਨ। ਇਸ ਵਾਸਤੇ ਖ਼ਬਰ ਛਾਪਣ ਦੀ ਲੋੜ ਹੀ ਨਹੀਂ। ਉਹ ਡੁੱਬ ਗਿਆ, ਉਹ ਡੁੱਬ ਗਿਆ। ਸਾਰੇ ਡੁੱਬੇ ਪਏ ਹਨ। ਖ਼ਬਰ ਕੌਣ ਛਾਪੇ। ਖ਼ਬਰ ਛਾਪਣ ਵਾਲੇ ਵੀ ਡੁੱਬੇ ਪਏ ਹਨ। ਖ਼ਬਰਾਂ ਲਿਖਣ ਵਾਲੇ ਵੀ ਡੁੱਬੇ ਪਏ ਹਨ। ਤਾਂ ਕਦੀ ਕਦਾਈਂ ਇਕ

ਅੱਧ ਪਾਰ ਹੁੰਦਾ ਹੈ ਕੋਈ ਭਾਈ ਮਨੀ ਸਿੰਘ, ਕੋਈ ਭਾਈ ਤਾਰੂ ਸਿੰਘ, ਕੋਈ ਬਾਬਾ ਦੀਪ ਸਿੰਘ। ਇਥੇ ਕਦੀ ਕਦਾਈਂ ਇਕ ਅੱਧ ਗੁਰੂ, ਇਕ ਅੱਧ ਪ੍ਰਹਿਲਾਦ ਪਾਰ ਹੁੰਦਾ ਹੈ, ਬਾਕੀ ਤਾਂ ਡੁੱਬ ਗਏ ਹਨ ਤੇ ਜਦ ਇਤਨੇ ਡੁੱਬੇ ਹਨ ਤੇ ਡੁੱਬਣ ਵਾਲਿਆਂ ਦੀ ਖ਼ਬਰ ਕੌਣ ਛਾਪੇ। ਸਭ ਡੁਬੇ ਪਏ ਹਨ।

ਹਮ ਦੇਖਾ ਤਹਿ ਡੂਬੀਅਲੇ॥

ਮਹਾਰਾਜ ਕਹਿੰਦੇ ਹਨ ਕਿ ਮੈਂ ਦੇਖਦਾ ਹਾਂ, ਡੁੱਬੇ ਪਏ ਹਨ, ਗ਼ਰਕ ਹੋਏ ਪਏ ਹਨ। ਪਾਣੀ ਦੇ ਸਾਗਰ ਵਿਚ ਕਦੀ ਕਦਾਈਂ ਕੋਈ ਇਕ ਅੱਧ ਕਿਸ਼ਤੀ, ਇਕ ਅੱਧ ਜਹਾਜ਼ ਡੁੱਬਦਾ ਹੈ ਅਤੇ ਸੰਸਾਰ ਸਾਗਰ ਵਿਚ ਕਦੀ ਕਦਾਈਂ ਕੋਈ ਇਕ ਅੱਧ ਜ਼ਿੰਦਗੀ ਪਾਰ ਹੁੰਦੀ ਹੈ, ਬਾਕੀ ਤਾਂ ਸਭ ਡੁੱਬ ਜਾਂਦੀਆਂ ਹਨ। ਸਭ ਗ਼ਰਕ ਹੋ ਜਾਂਦੀਆਂ ਹਨ। ਭਗਤ ਕਬੀਰ ਜੀ ਦਾ ਇਸ ਸਬੰਧ ਵਿਚ ਬੜਾ ਕੀਮਤੀ ਸਲੋਕ ਹੈ-

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥

(ਅੰਗ ੧੩੬੬)

ਭਗਤ ਕਬੀਰ ਕਹਿੰਦੇ ਹਨ ਕਿ ਇਕ ਤਾਂ ਬੇੜੀ ਪੁਰਾਣੀ ਹੋ ਗਈ ਤੇ ਪੁਰਾਣੀ ਬੇੜੀ ਵਿਚ ਛਿੱਦਰ ਜ਼ਿਆਦਾ ਹੁੰਦੇ ਹਨ। ਬੇੜੀ ਜੋ ਪੁਰਾਣੀ ਹੋ ਗਈ, ਕਿਸ਼ਤੀ ਜੋ ਪੁਰਾਣੀ ਹੋ ਗਈ, ਹੁਣ ਛਿੱਦਰ ਇਕ ਵੀ ਹੋਵੇ ਤਾਂ ਕਿਸ਼ਤੀ ਦੇ ਡੁੱਬਣ ਦੀ ਸੰਭਾਵਨਾ ਹੈ, ਕਿਉਂਕਿ ਛਿੱਦਰ ਦੇ ਰਾਹੀਂ ਪਾਣੀ ਅੰਦਰ ਜਾਂਦਾ ਹੈ। ਛਿੱਦਰ ਇਕ ਵੀ ਹੋਵੇ, ਬੇੜੀ ਡੁੱਬ ਸਕਦੀ ਹੈ। ਪਰ ਜੇਕਰ ਹਜ਼ਾਰਾਂ ਛਿੱਦਰ ਹੋਣ ਤਾਂ ਤੁਸੀਂ ਹੁਣ ਸੋਚੋ, ਇਹ ਪਾਰ ਹੋ ਸਕਦੀ ਹੈ? ਛਿੱਦਰ ਇਕੋ ਹੀ ਕਾਫ਼ੀ ਹੈ ਡੋਬਣ ਲਈ ਅਤੇ ਜੇ ਹਜ਼ਾਰਾਂ ਛਿੱਦਰ ਹੋਣ ਤਾਂ ਪਾਰ ਜਾਣ ਦੀ ਸੰਭਾਵਨਾ ਹੀ ਨਹੀਂ ਕੀਤੀ ਜਾ ਸਕਦੀ। ਇਹ ਕਿਨਾਰੇ 'ਤੇ ਹੀ ਡੁੱਬੇਗੀ। ਫੇਰ ਕਬੀਰ ਕਹਿੰਦੇ ਹਨ ਕਿ ਇਕ ਤਾਂ ਬੇੜੀ ਪੁਰਾਣੀ, ਦੂਜੇ ਛਿੱਦਰ ਹਜ਼ਾਰਾਂ, ਤੀਜਾ ਬੰਦੇ ਨੇ ਭਾਰ ਬੜਾ ਲੱਦਿਆ ਹੈ। ਬਹੁਤ ਭਾਰ ਚੁੱਕ ਲਿਆ ਹੈ ਤੇ ਜਦ ਹੁਣ ਭਾਰ ਵੀ ਬਹੁਤ ਲੱਦ ਲਿਆ, ਬੇੜੀ ਵੀ ਪੁਰਾਣੀ, ਛਿੱਦਰ ਵੀ ਹਜ਼ਾਰਾਂ ਤਾਂ ਕਬੀਰ ਕਹਿੰਦੇ ਹਨ ਡੁਬੇਗਾ ਨਹੀਂ ਤਾਂ ਹੋਰ ਕੀ ਹੋਵੇਗਾ। ਇਕ ਬੇੜੀ ਪੁਰਾਣੀ, ਇਕ ਬੁੱਢਾ ਸਰੀਰ, ਪੁਰਾਣੀ ਹੋ ਗਈ। ਬੇੜੀ ਪੁਰਾਣੀ ਹੋ ਗਈ। ਬੁੱਢਾ ਹੋ ਗਿਆ। ਤੇ ਹਜ਼ਾਰਾਂ ਔਗੁਣ।

ਗੁਸਤਾਖ਼ੀ ਮਾਫ਼, ਇਕ ਬੱਚੇ ਵਿਚ ਇਤਨੇ ਔਗੁਣ ਨਹੀਂ ਜਿਤਨੇ ਜਵਾਨ ਵਿਚ ਹੁੰਦੇ ਹਨ। ਇਤਨੇ ਔਗੁਣ ਜਵਾਨ ਵਿਚ ਨਹੀਂ, ਜਿਤਨੇ ਬੁੱਢੇ ਵਿਚ ਹੁੰਦੇ ਹਨ। ਇਕ ਜਵਾਨ ਇਤਨਾ ਲੋਭੀ ਨਹੀਂ ਹੁੰਦਾ ਜਿਤਨਾ ਬੁੱਢਾ ਹੁੰਦਾ ਹੈ। ਇਕ ਬੱਚੇ ਦੇ ਅੰਦਰ ਇਤਨੀ ਵਾਸ਼ਨਾ ਨਹੀਂ ਜਿਤਨੀ ਜਵਾਨ ਦੇ ਅੰਦਰ ਹੈ। ਇਤਨੀ ਜਵਾਨ ਦੇ ਅੰਦਰ ਨਹੀਂ ਜਿਤਨੀ ਬੁੱਢੇ ਦੇ

ਅੰਦਰ ਹੈ। ਇਕ ਬੱਚੇ ਦੇ ਅੰਦਰ ਇਤਨਾ ਲੋਭ ਨਹੀਂ ਜਿਤਨਾ ਜਵਾਨ ਦੇ ਅੰਦਰ ਹੈ। ਇਕ ਜਵਾਨ ਦੇ ਅੰਦਰ ਇਤਨਾ ਨਹੀਂ, ਜਿਤਨਾ ਬੁੱਢੇ ਦੇ ਅੰਦਰ ਹੈ। ਉਮਰ ਦੇ ਵੱਧਦਿਆਂ ਛਿੱਦਰ ਵਧਦੇ ਹਨ, ਔਗੁਣ ਵੱਧਦੇ ਹਨ। ਇਹੀ ਕਾਰਣ ਹੈ ਕਿ ਬੁਢੇਪੇ ਵਿਚ ਮੱਥੇ 'ਤੇ ਤਰੇੜੀਆਂ ਵੱਧ, ਸੁਭਾਅ ਵਿਚ ਕੁੜੱਤਣ। ਇਹ ਸਭ ਕੁਛ ਇਸ ਵਾਸਤੇ ਹੈ ਕਿ ਔਗੁਣ ਵੱਧ ਗਏ, ਗੁਣਾਂ ਦੀ ਕੋਈ ਗੱਲ ਨਹੀਂ। ਜ਼ਿੰਦਗੀ ਕਾਮਯਾਬ ਹੈ ਜੇਕਰ ਉਮਰ ਦੇ ਵੱਧਣ ਦੇ ਨਾਲ ਨਾਲ ਗੁਣ ਵੱਧਣ, ਪਰ ਅਕਸਰ ਐਸਾ ਹੁੰਦਾ ਹੈ ਕਿ ਉਮਰ ਦੇ ਵੱਧਣ ਦੇ ਨਾਲ ਨਾਲ ਬਸ ਔਗੁਣ ਹੀ ਵੱਧਦੇ ਹਨ, ਗੁਣ ਨਹੀਂ ਵੱਧਦੇ।

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਇਸ ਸਬੰਧ ਵਿਚ ਬਹੁਤ ਸਾਰੇ ਸ਼ਬਦ ਹਨ। ਭਗਤ ਕਬੀਰ ਜੀ ਕਹਿੰਦੇ ਹਨ ਕਿ ਇਕ ਬੇੜੀ ਪੁਰਾਣੀ, ਦੂਜੇ ਛਿੱਦਰ ਹਜ਼ਾਰਾਂ, ਤੀਜਾ ਭਾਰ ਬੜਾ ਲੱਦਿਆ ਹੈ। ਇਕ ਤਾਂ ਜੀਵਨ ਪੁਰਾਣਾ ਹੋ ਗਿਆ ਹੈ। ਬੁੱਢਾ ਸਰੀਰ ਹੋ ਗਿਆ ਹੈ। ਇਕ ਛਿੱਦਰ ਬੜੇ, ਇਕ ਔਗੁਣ ਬੜੇ ਤੇ ਤੀਸਰਾ ਜ਼ਿੰਮੇਵਾਰੀਆਂ ਬੜੀਆ ਚੁੱਕ ਲਈਆਂ ਹਨ। ਬਹੁਤ ਬੋਝ ਚੁਕ ਲਿਆ ਹੈ। ਬੜੀਆਂ ਜ਼ਿੰਮੇਵਾਰੀਆਂ, ਪੁੱਤਰਾਂ ਦੀ ਜ਼ਿੰਮੇਵਾਰੀ, ਪੋਤਰਿਆਂ ਦੀ ਜ਼ਿੰਮੇਵਾਰੀ, ਪੜਪੋਤਰਿਆਂ ਦੀ ਜ਼ਿੰਮੇਵਾਰੀ। ਛੱਡ ਦੇ, ਹੁਣ ਤਾਂ ਭਾਰ ਛੱਡ। ਫੇਰ ਬੇੜੀ ਪੁਰਾਣੀ ਹੋ ਗਈ ਹੈ ਤੇ ਛਿੱਦਰ ਬਹੁਤ ਹੋ ਗਏ ਹਨ। ਹੁਣ ਤਾਂ ਤੂੰ ਹੀ ਪਾਰ ਹੋ ਜਾਏਂ ਇਹ ਹੀ ਕਾਫ਼ੀ ਹੈ ਤੇ ਇਤਨਾ ਭਾਰ ਚੁੱਕੀ ਫਿਰਦੈਂ। ਇਤਨੀਆਂ ਜ਼ਿੰਮੇਵਾਰੀਆਂ, ਏਨਾ ਬੋਝ। ਮੈਂ ਦੇਖਿਆ ਹੈ ਕਿ ਕਈ ਬੁੱਢੇ ਖ਼ਾਮਖ਼ਾਹ ਬੋਝ ਚੁੱਕੀ ਫਿਰਦੇ ਹਨ। ਬੋਝ ਦੇ ਥੱਲੇ ਇਤਨੇ ਦਬੇ ਹੋਏ ਹਨ ਕਿ ਨਾ ਅੰਮ੍ਰਿਤ ਵੇਲੇ ਉੱਠ ਸਕਦੇ ਹਨ। ਨਾ ਗੁਟਕਾ ਹੱਥ ਦੇ ਵਿਚ ਪਕੜ ਸਕਦੇ ਹਨ। ਨਾ ਬਾਣੀ ਪੜ੍ਹ ਸਕਦੇ ਹਨ। ਨਾ ਗੁਰਦੁਆਰੇ ਆ ਸਕਦੇ ਹਨ। ਬੋਝ ਬੜਾ ਸੀ। ਛਿੱਦਰ ਬਹੁਤ ਸਨ, ਬੇੜੀ ਪੁਰਾਣੀ ਸੀ, ਆਖ਼ਰ ਡੁੱਬ ਗਈ। ਗ਼ਰਕ ਹੋ ਗਈ। ਉਰਦੂ ਦਾ ਇਕ ਸ਼ਾਇਰ ਕਹਿੰਦਾ ਹੈ-

ਜਬ ਕਿਸ਼ਤੀ ਸਾਬਤੋ ਸਾਲਮ ਥੀ, ਮਨਜ਼ਿਲ ਕੀ ਤਮੰਨਾ ਕਿਸ ਕੋ ਥੀ।
ਅਬ ਐਸੀ ਸ਼ਕਿਸਤਾ ਕਿਸ਼ਤੀ ਪਰ ਮੰਜ਼ਿਲ ਕੀ ਤਮੰਨਾ ਕੌਨ ਕਰੇ।

ਗ਼ਾਲਿਬ ਕਹਿੰਦੇ ਹਨ ਕਿਸ਼ਤੀ ਨਵੀਂ ਸੀ ਤਾਂ ਪਾਰ ਜਾਣ ਦਾ ਕਦੀ ਖ਼ਿਆਲ ਹੀ ਨਾ ਆਇਆ। ਕਿਨਾਰੇ 'ਤੇ ਹੀ ਬੈਠੇ ਰਹੇ। ਹੁਣ ਜਦ ਪਾਰ ਜਾਣ ਦਾ ਖ਼ਿਆਲ ਆਇਆ ਤਾਂ ਕਿਸ਼ਤੀ ਪੁਰਾਣੀ ਹੋ ਗਈ। ਫੁੱਟੇ ਛੇਦ ਹਜ਼ਾਰ। ਬੁੱਢਿਆਂ ਨੂੰ ਖ਼ਿਆਲ ਆਉਂਦਾ ਹੈ ਚੱਲੋ ਮਾਲਾ ਫੇਰੀਏ। ਪੁਰਖਾ ! ਹੁਣ ਤੂੰ ਉਂਗਲੀਆਂ ਵਿਚ ਜ਼ਰੂਰ ਮਾਲਾ ਫੇਰੇਂਗਾ। ਤੇਰਾ ਮਨ ਮਾਲਾ ਵਿਚ ਨਹੀਂ ਹੋਏਗਾ ਹੁਣ ਤਾਂ ਛਿੱਦਰ ਹੀ ਰੱਖੇ ਹਨ। ਹੁਣ ਤਾਂ ਬਾਰ ਬਾਰ ਵਾਸ਼ਨਾ ਯਾਦ ਆਏਗੀ। ਮੂੰਹੋਂ ਵਾਹਿਗੁਰੂ, ਵਾਹਿਗੁਰੂ ਆਖੇਂਗਾ ਪਰ ਅੰਦਰ ਵਾਸ਼ਨਾ ਚਲੇਗੀ। ਮੂੰਹੋਂ ਵਾਹਿਗੁਰੂ ਆਖੇਂਗਾ ਪਰ ਅੰਦਰ ਲੋਭ ਚੱਲੇਗਾ। ਮੂਹੋਂ ਤੂੰ ਗੁਰਬਾਣੀ ਉਚਾਰਣ ਕਰੇਂਗਾ ਪਰ ਅੰਦਰ ਤੇਰੇ ਤਰ੍ਹਾਂ ਤਰ੍ਹਾਂ ਦੀ ਤ੍ਰਿਸ਼ਨਾ ਚੱਲੇਗੀ, ਕਾਮਨਾ ਚੱਲੇਗੀ, ਹੰਕਾਰ ਚਲੇਗਾ। ਇਸ ਤੋਂ ਇਲਾਵਾ ਹੋਰ ਕੀ

ਖ਼ਿਆਲ ਆ ਸਕਦਾ ਹੈ ਪਾਰ ਜਾਣ ਦਾ ਤੇ ਉਰਦੂ ਦਾ ਇਹ ਸ਼ਾਇਰ ਕਹਿੰਦਾ ਹੈ ਕਿ ਜਦ ਖ਼ਿਆਲ ਆਇਆ ਤਾਂ ਕਿਸ਼ਤੀ ਪੁਰਾਣੀ ਹੋ ਗਈ ਹੈ। ਜਦ ਕਿਸ਼ਤੀ ਨਵੀਂ ਸੀ ਅਤੇ ਕੋਈ ਛਿੱਦਰ ਨਹੀਂ ਸੀ, ਉਸ ਸਮੇਂ ਪਾਰ ਜਾਣ ਦਾ ਖ਼ਿਆਲ ਹੀ ਨਾ ਆਇਆ ਕਿ ਪਾਰ ਜਾਣਾ ਹੈ।

ਜਬ ਕਿਸ਼ਤੀ ਸਾਬਤੋ ਸਾਲਮ ਥੀ, ਮੰਜ਼ਿਲ ਕੀ ਤਮੰਨਾ ਕਿਸ ਕੋ ਥੀ।
ਅਬ ਐਸੀ ਸ਼ਕਿਸਤਾ ਕਿਸ਼ਤੀ ਪਰ ਮੰਜ਼ਿਲ ਕੀ ਤਮੰਨਾ ਕੌਨ ਕਰੇ।

ਫਿਰ ਅੱਜ ਦਾ ਇਹ ਪਾਵਨ ਪਵਿੱਤਰ ਵਾਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਣ ਕੀਤਾ ਹੋਇਆ ਛਿੱਦਰ ਵਾਲੀ ਬੇੜੀ ਨੂੰ ਵੀ ਨਿਰਾਸ਼ ਨਹੀਂ ਕਰੇਗਾ। ਅੱਜ ਵੀ ਜੇ ਤੂੰ ਕਿਧਰੇ ਗੁਰੂ ਦੇ ਚਰਨ ਪਕੜ ਲਵੇਂ, ਅੱਜ ਵੀ ਜੇ ਤੂੰ ਕਿਧਰੇ ਗੁਰੂ ਦੇ ਗੁਣਾਂ ਦਾ ਆਸਰਾ ਲੈ ਲਵੇਂ, ਗੁਰਬਾਣੀ ਦਾ ਆਸਰਾ ਲੈ ਲਵੇਂ ਤਾਂ ਇਹ ਜਿਹੜਾ ਭਵ ਸਾਗਰ ਹੈ, ਇਹ ਜਿਹੜਾ ਪਦਾਰਥਾਂ ਦਾ ਸਾਗਰ ਹੈ, ਇਹ ਤੂੰ ਇਕ ਛਿਨ ਦੇ ਵਿਚ ਪਾਰ ਹੋ ਜਾਏਂਗਾ। ਇਕ ਵਾਰ ਵੀ ਇਕਾਗਰ ਮਨ ਨਾਲ ਤੂੰ ਵਾਹਿਗੁਰੂ ਆਖੇਂਗਾ ਤਾਂ ਭਵ ਸਾਗਰ ਤੋਂ ਪਾਰ ਹੋ ਜਾਏਂਗਾ, ਸਾਰੇ ਦੁੱਖਾਂ ਤੋਂ ਬੱਚ ਜਾਏਂਗਾ।

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥ ੧॥ ਰਹਾਉ॥

ਇਕ ਖਿਨ ਦੇ ਵਿਚ, ਇਕ ਸੈਕਿੰਡ ਦੇ ਵਿਚ ਗੁਰੂ ਦੇ ਚਰਨਾਂ ਨੇ ਭਵ ਸਾਗਰ ਪਾਰ ਕਰ ਦਿੱਤਾ, ਸੰਸਾਰ ਸਾਗਰ ਤੋਂ ਪਾਰ ਕਰ ਦਿੱਤਾ।

ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਕਿਸੇ ਦੀ ਰੁੱਚੀ ਕਰਮ ਕਾਂਡਾਂ ਵਿਚ ਹੈ-ਐਹ ਕਰਮ, ਔਹ ਕਰਮ। ਧਾਰਮਿਕ ਦੇਸ਼ ਵਿਚ ਬਹੁਤ ਸਾਰੇ ਕਰਮ ਕਾਂਡ ਹਨ। ਇਹ ਕਰਮ ਕਾਂਡ ਇਸਲਾਮੀ ਜਗਤ ਵਿਚ ਵੀ ਹੈ। ਸਨਾਤਨ ਜਗਤ ਵਿਚ ਵੀ ਹੈ। ਸਿੱਖ ਜਗਤ ਵਿਚ ਵੀ ਬਹੁਤ ਪ੍ਰਚਿੱਲਤ ਹੋ ਗਿਆ ਹੈ। ਬਹੁਤ ਫ਼ਜ਼ੂਲ ਦਾ ਕਰਮ ਕਾਂਡ ਹੈ, ਜਿਸ ਦਾ ਕੋਈ ਖ਼ਾਸ ਫਲ ਨਹੀਂ। ਇਸ ਨੂੰ ਕਹਿੰਦੇ ਹਨ ਮੂਰਖ ਬੰਦਿਆਂ ਦੇ ਕੋਲ ਵਿਅਰਥ ਕਰਮ ਹੁੰਦੇ ਹਨ। ਵਿਅਰਥ ਗਿਆਨ ਹੁੰਦਾ ਹੈ। ਵਿਅਰਥ ਭਾਸ਼ਾਵਾਂ ਹੁੰਦੀਆਂ ਹਨ। ਇਹ ਮੂਰਖ ਦੀ ਪਹਿਚਾਣ ਹੈ। ਸਿਆਣੇ ਬੰਦੇ ਦੇ ਜਿਹੜੇ ਕਰਮ ਹਨ, ਉਹ ਵਿਅਰਥ ਕਰਮ ਨਹੀਂ ਹੋਣੇ। ਸਾਹਿਬ ਕਹਿੰਦੇ ਹਨ ਕਈਆਂ ਵਿਚ ਫੋਕੇ ਕਰਮ ਕਾਂਡ ਦੀਆਂ ਰੁੱਚੀਆਂ ਹਨ ਤੇ ਉਹਦੇ ਵਿਚ ਲੀਨ ਹਨ ਅਤੇ ਕਈ ਤੀਰਥਾਂ ਦੇ ਇਸ਼ਨਾਨ ਵਿਚ ਹੀ ਆਪਣੀ ਪ੍ਰਬੱਲ ਰੁੱਚੀ ਰੱਖਦੇ ਹਨ।

ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ॥

ਕੋਈ ਤਾਂ ਇਸ ਤਰੀਕੇ ਦੇ ਨਾਲ ਆਪਣੇ ਕਰਮਾਂ ਦੇ ਵਿਚ ਹੀ ਰੁੱਚੀ ਰੱਖਦਾ ਹੈ। ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਵਿਚ ਹੀ ਫੱਸਿਆ ਹੋਇਆ ਹੈ। ਸਵੇਰੇ ਤੋਂ ਲੈ ਕੇ ਸ਼ਾਮ ਤੱਕ ਕੋਈ ਧਾਰਮਿਕ ਕਰਮ ਕਾਂਡ ਕਰਨਾ, ਜਿਹਦੇ ਵਿਚ ਕੋਈ ਗਿਆਨ ਨਹੀਂ ਅਤੇ ਜਿਹਦੇ ਵਿਚ

ਵਾਕਿਆ ਹੀ ਕੋਈ ਭੈਅ ਨਹੀਂ, ਕੋਈ ਲਕਸ਼ ਨਹੀਂ, ਜਦ ਕਿ ਕਰਮ ਕਾਂਡ ਕਰੀ ਜਾਣੇ ਸਭ ਫ਼ਜ਼ੂਲ ਹਨ।

ਦਾਸੰੀ ਹਰਿ ਕਾ ਨਾਮ ਧਿਆਇਆ॥ ੧॥

ਪਰ ਦਾਸਾਂ ਨੇ ਤਾਂ ਤੇਰਾ ਨਾਮ ਹੀ ਜੱਪਿਆ ਹੈ। ਤੇਰਾ ਨਾਮ ਜੱਪਣਾ ਹੀ ਸਭ ਤੋਂ ਵੱਡਾ ਕਰਮ ਹੈ ਤੇ ਤੇਰਾ ਨਾਮ ਜੱਪਣਾ ਹੀ ਸਭ ਤੋਂ ਵੱਡਾ ਤੀਰਥ ਇਸ਼ਨਾਨ ਹੈ-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

(ਅੰਗ ੬੮੭)

ਦਾਸੰੀ ਹਰਿ ਕਾ ਨਾਮੁ ਧਿਆਇਆ॥ ੧॥
ਬੰਧਨ ਕਾਟਨਹਾਰੁ ਸੁਆਮੀ॥

ਇਹ ਜੋ ਮਾਲਕ ਹੈ, ਸੁਆਮੀ ਦੇ ਅਰਥ ਹਨ ਮਾਲਕ, ਸੰਸਾਰ ਦਾ ਮਾਲਕ, ਜਗਤ ਦਾ ਮਾਲਕ ਬੰਧਨਾਂ ਦੇ ਕੱਟਣ ਵਾਲਾ ਹੈ। ਕਿਹੜੇ ਬੰਧਨ? ਔਗਣਾਂ ਦੇ ਬੰਧਨ, ਹੋਰ ਕੋਈ ਬੰਧਨ ਨਹੀਂ ਹੈ।

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥

(ਅੰਗ ੫੯੫)

ਜਿਤਨੇ ਔਗੁਣ ਹਨ, ਗਲ੍ਹ ਵਿਚ ਫਾਹੀਆਂ ਹਨ, ਗਲ੍ਹ ਵਿਚ ਜ਼ੰਜੀਰਾਂ ਹਨ। ਇਕ ਔਗੁਣ ਹੈ ਤਾਂ ਇਕ ਜ਼ੰਜੀਰ, ਦੋ ਔਗੁਣ ਹਨ ਤਾਂ ਦੋ ਜ਼ੰਜੀਰਾਂ, ਤਿੰਨ ਔਗੁਣ ਹਨ ਤਾਂ ਤਿੰਨ ਜ਼ੰਜੀਰਾਂ ਹਨ, ਪਰ ਮੈਂ ਦੇਖਦਾ ਹਾਂ ਕਿ ਜ਼ੰਜੀਰ ਤਾਂ ਇਕੋ ਹੀ ਕਾਫ਼ੀ ਹੈ, ਪਰ ਕਈਆਂ ਦੇ ਗਲ੍ਹਾਂ ਵਿਚ ਹਜ਼ਾਰਾਂ ਤਰ੍ਹਾਂ ਦੀਆਂ ਜ਼ੰਜੀਰਾਂ ਪਈਆਂ ਹਨ। ਕਈ ਦਫ਼ਾ ਇਕ ਅੱਧ ਜ਼ੰਜੀਰ ਤੋੜਨ ਵਿਚ ਕਈ ਸਮਰੱਥ ਹੁੰਦੇ ਹਨ ਤੇ ਦੱਸ-ਵੀਹ ਜ਼ੰਜੀਰਾਂ ਹੋਰ ਗਲ੍ਹ ਪਾ ਲੈਂਦੇ ਹਨ-

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥

ਸੋ ਪ੍ਰਮਾਤਮਾ ਦਾ ਨਾਮ ਤੇ ਗੁਰੂ ਦਾ ਆਸਰਾ ਐਸਾ ਹੈ ਜੋ ਸਾਰੇ ਬੰਧਨਾਂ ਨੂੰ ਕੱਟਦਾ ਹੈ। ਸਾਰੇ ਔਗੁਣਾਂ ਨੂੰ ਕੱਟਣ ਵਾਲਾ ਹੈ।

ਜਨ ਨਾਨਕੁ ਸਿਮਰੈ ਅੰਤਰਜਾਮੀ॥ ੨॥

ਇਸ ਵਾਸਤੇ ਨਾਨਕ ਤਾਂ ਕੇਵਲ ਉਸ ਹੀ ਪਰੀਪੂਰਨ ਪ੍ਰਮਾਤਮਾ ਦਾ ਜਾਪ ਕਰਦਾ ਹੈ ਜੋ ਸਾਰਿਆਂ ਦੇ ਅੰਦਰ ਦੀ ਜਾਨਣ ਵਾਲਾ ਹੈ। ਸਾਰਿਆਂ ਦੇ ਬੰਧਨ ਕੱਟਣ ਵਾਲਾ ਹੈ।

ਇਤਨੀ ਵਿਚਾਰ ਪ੍ਰਵਾਨ ਕਰਨਾ ਜੀ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਬਖ਼ਸ਼ਿਸ਼ ਕਰਨ! ਸੁਣੀਆਂ ਹੋਈਆਂ ਵਿਚਾਰਾਂ ਹਿਰਦੇ ਵਿਚ ਵੱਸਣ ! ਸੁਣਿਆ ਹੋਇਆ

ਤੇ ਸੁਣਾਇਆ ਹੋਇਆ ਲੇਖੇ ਲੱਗੇ।

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥

(ਅੰਗ ੩੩੫)

ਸਾਰਿਆਂ ਦਾ ਹਾਰਦਿਕ ਤੌਰ 'ਤੇ ਧੰਨਵਾਦ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

★★★

ਤੂ ਦਾਤਾ ਦਾਤਾਰੁ

ਧਨਾਸਰੀ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ॥
ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ॥
ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ॥
ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ॥
ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ॥ ੧॥

ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ॥
ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ॥
ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ॥
ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ॥
ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ॥ ੨॥
ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ॥
ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ॥
ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ॥
ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ॥
ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ॥
ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ॥ ੩॥
ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ॥

ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ॥
ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ॥
ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ॥
ਸਦ ਸਦਾ ਸਿੰਮ੍ਰਤਬ੍ਯ ਸੁਆਮੀ ਸਾਸਿ ਸਾਸਿ ਗੁਣ ਬੋਲਈ॥
ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ॥ ੪ ॥ ੧ ॥

(ਅੰਗ ੬੯੧)

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀ! ਫਤਿਹ ਪ੍ਰਵਾਨ ਕਰਨੀ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧਨਾਸਰੀ ਰਾਗ ਦਾ ਇਹ ਆਖ਼ਰੀ ਸ਼ਬਦ ਹੈ। ਇਸ ਤੋਂ ਅੱਗੇ ਭਗਤਾਂ ਦੀ ਬਾਣੀ ਅਰੰਭ ਹੋ ਜਾਂਦੀ ਹੈ ਤੇ ਧਨਾਸਰੀ ਰਾਗ ਦੇ ਅਖ਼ੀਰ ਵਿਚ ਪਹਿਲੇ ਪਾਤਿਸ਼ਾਹ, ਚੌਥੇ ਪਾਤਿਸ਼ਾਹ ਤੇ ਪੰਜਵੇਂ ਪਾਤਿਸ਼ਾਹ ਦੇ ਛੰਤ ਹਨ ਤੇ ਛੰਤ ਦੇ ਵਿਚ ਅਕਸਰ ਦੇਖਣ ਵਿਚ ਆਇਆ ਹੈ ਜਾਂ ਤਾਂ ਚਾਰ ਪਦੇ ਹੁੰਦੇ ਹਨ, ਕਿਧਰੇ ਕਿਧਰੇ ਅੱਠ ਪਦੇ ਵੀ ਹਨ। ਇਕ ਕੇਂਦਰੀ ਖ਼ਿਆਲ ਹੈ ਜੋ ਅਕਾਲ ਪੁਰਖ ਦੀ ਸਿਫਤੋ ਸਲਾਹ ਕਾਇਮ ਕਰੇ, ਪਰ ਕਾਇਮ ਕਰਨ ਲਈ ਕੋਈ ਸੰਗਿ ਚਾਹੀਦਾ ਹੈ।

ਤੁਸਾਂ ਦੇਖਿਆ ਹੋਣਾ ਹੈ, ਜੇਕਰ ਕਿਸੇ ਮਨੁੱਖ ਨੇ ਕੋਈ ਰਾਗ ਅਲਾਪਣਾ ਹੈ ਤਾਂ ਸਾਜ਼ ਚਾਹੀਦਾ ਹੈ। ਨਾਲ ਤਾਲ ਵੀ ਚਾਹੀਦੀ ਹੈ। ਕੋਈ ਤਾਲ ਪੂਰਨ ਵਾਲਾ ਨਾ ਹੋਵੇ, ਸਾਜ਼ ਸਹਾਇਤਾ ਵਾਸਤੇ ਨਾ ਹੋਵੇ ਤਾਂ ਮਨੁੱਖ ਬੇਸੁਰਾ ਹੋ ਜਾਂਦਾ ਹੈ। ਗੁਰੂ ਘਰ ਵਿਚ ਗਾਵਣਾ ਹੀ ਪ੍ਰਧਾਨ ਹੈ। ਮੈਂ ਅਕਸਰ ਅਰਜ਼ ਕਰਦਾ ਹੁੰਦਾ ਹਾਂ ਕਿ ਮੁਸਲਿਮ ਜਗਤ ਵਿਚ ਨਿਮਾਜ਼ ਪ੍ਰਧਾਨ ਹੈ ਤੇ ਬਾਕੀ ਸਾਰੇ ਕਰਮ ਉਸ ਦੇ ਨਾਲ ਸਹਾਇਕ ਹਨ। ਹਿੰਦੂ ਜਗਤ ਦੇ ਵਿਚ ਪੂਜਾ ਪਾਠ ਪ੍ਰਧਾਨ ਹੈ ਤੇ ਬਾਕੀ ਦੇ ਧਾਰਮਿਕ ਕਰਮ ਉਸ ਦੇ ਨਾਲ ਸਹਾਇਕ ਹਨ। ਇਸੇ ਤਰੀਕੇ ਦੇ ਨਾਲ ਈਸਾਈ ਜਗਤ ਦੇ ਵਿਚ ਪ੍ਰਾਰਥਨਾ ਹੀ ਪ੍ਰਧਾਨ ਹੈ, ਬਾਕੀ ਸਾਰੇ ਕਰਮ ਉਸ ਦੇ ਪਿੱਛੇ ਹਨ। ਗੁਰੂ ਘਰ ਦੇ ਵਿਚ ਗਾਉਣਾ ਤੇ ਸੁਣਨਾ ਹੀ ਪ੍ਰਧਾਨ ਹੈ। ਬਾਕੀ ਸਾਰੇ ਕਰਮ ਮਦਦ ਲਈ ਹਨ।

ਮਨੁੱਖ ਸੁਣ ਸਕੇ, ਗਾ ਸਕੇ ਜਾਂ ਇਸ ਨੂੰ ਮੈਂ ਇੰਝ ਵੀ ਬਿਆਨ ਕਰਦਾ ਹੁੰਦਾ ਹਾਂ ਕਿ ਜੋ ਮੁਸਲਮਾਨ ਹੈ, ਉਹ ਮਸਜਿਦ ਦੇ ਵਿਚ ਜਾਂਦਾ ਸੀ ਨਿਮਾਜ਼ ਪੜ੍ਹਨ ਲਈ। ਉਹਦੀ ਸਾਰੀ ਸਾਧਨਾ ਨਿਮਾਜ਼ ਪੜ੍ਹਨ 'ਤੇ ਖੜੀ ਹੈ। ਸਾਡੇ ਹਿੰਦੂ ਵੀਰ ਜਾਂਦੇ ਹਨ ਮੰਦਰਾਂ ਦੇ ਵਿਚ ਦਰਸ਼ਨ ਕਰਨ ਲਈ ਸਿਰਫ਼ ਮੂਰਤੀ ਦੇ ਤੇ ਉਹਦੀ ਪੂਜਾ ਆਦਿਕ ਕਰਨ ਲਈ। ਵੇਖਣਾ ਹੈ, ਦਰਸ਼ਨ ਕਰਨਾ ਹੈ। ਗੁਰੂ ਦਾ ਸਿੱਖ ਜਾਂਦਾ ਹੈ ਗਾਉਣ ਲਈ, ਸੁਣਨ ਲਈ। ਬੱਸ ਇਤਨੀ ਹੀ ਗੱਲ ਆਪ ਨੋਟ ਕਰ ਲੈਣੀ ਜੋ ਪੜ੍ਹਨ ਲਈ ਨਹੀ ਆਇਆ, ਉਹ ਮਸਜਿਦ ਦੇ ਵਿਚ ਨਹੀਂ

ਆਇਆ। ਜੋ ਦਰਸ਼ਨ ਲਈ ਨਹੀਂ ਆਇਆ, ਪੂਜਾ ਲਈ ਨਹੀਂ ਆਇਆ, ਉਹ ਮੰਦਰ ਦੇ ਵਿਚ ਆਇਆ ਹੀ ਨਹੀਂ ਤੇ ਜੋ ਗਾਉਣ ਲਈ ਨਹੀਂ ਆਇਆ, ਸੁਣਨ ਲਈ ਨਹੀਂ ਆਇਆ, ਉਹ ਗੁਰਦੁਆਰੇ ਨਹੀਂ ਆਇਆ।

ਪੜ੍ਹਨਾ ਤੇ ਦਰਸ਼ਨ ਕਰਨਾ ਇਹ ਕੁਝ ਸੌਖਾ ਹੈ। ਇੰਝ ਅੱਖਾਂ ਨਾਲ ਵੇਖ ਲਿਆ, ਸਿਰ ਝੁਕਾ ਲਿਆ ਮੂਰਤੀ ਨੂੰ, ਕੋਈ ਬਹੁਤ ਔਖੀ ਗੱਲ ਨਹੀਂ। ਇਸ ਤੋਂ ਥੋੜ੍ਹਾ ਜਿਹਾ ਔਖਾ ਹੈ ਵਰਨਣ ਕਰਨਾ ਤੇ ਵੇਖਣਾ ਤੇ ਪੜ੍ਹਨ ਨਾਲੋਂ ਅਤਿਅੰਤ ਕਠਿਨ ਹੈ ਗਾਵਣਾ ਤੇ ਸੁਣਨਾ। ਬਹੁਤ ਔਖਾ ਹੈ। ਜ਼ਬਾਨ ਸ਼ਬਦ ਗਾਇਨ ਕਰੇ ਤੇ ਕੰਨ ਸੁਣਨ ਤੇ ਗੁਰੂ ਘਰ ਦੇ ਵਿਚ ਇਹੀ ਪ੍ਰਧਾਨ ਹੈ। ਦਰਅਸਲ ਗੱਲ ਜਿਹੜੀ ਹੈ ਇਥੇ ਮੂਲ ਸੁਣਨ ਦੀ ਹੈ। ਅਕਸਰ ਮੈਂ ਅਰਜ਼ ਕਰਦਾ ਹੁੰਦਾ ਹਾਂ ਕਿ ਸੁਣ ਕੇ ਹੀ ਸ਼ਬਦ ਨੇ ਅੰਦਰ ਪ੍ਰਵੇਸ਼ ਕਰਨਾ ਹੈ। ਇਸ ਤੋਂ ਮੁਰਾਦ ਇਹ ਨਾ ਲੈਣਾ ਕਿ ਗਾਵੇ ਕੋਈ ਹੋਰ ਤੇ ਸੁਣੀਏ ਅਸੀਂ। ਬਹੁਤੀ ਦੁਨੀਆਂ ਇਸ ਚੱਕਰ ਵਿਚ ਪਈ ਹੈ। ਨਹੀਂ-

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਤੂੰ ਖ਼ੁਦ ਗਾ, ਖ਼ੁਦ ਸੁਣ, ਪਰ ਇਕ ਸ਼ਰਤ ਹੈ ਮਨ ਵਿਚ ਭਾਵਨਾ ਰੱਖ ਕੇ ਗਾ ਅਤੇ ਸੁਣ ਤਾਂ ਹੀ ਲਾਭ ਹੋਵੇਗਾ ਨਹੀਂ ਤਾਂ ਨਹੀਂ। ਜਾਂ ਇੰਝ ਕਹਿ ਲਈਏ ਕਿ ਤਾਂ ਹੀ ਤੂੰ ਗਾਇਨ ਕਰ ਸਕੇਂਗਾ ਅਤੇ ਸੁਣ ਸਕੇਂਗਾ ਨਹੀਂ ਤਾਂ ਨਹੀਂ। ਭਾਵਨਾ ਸ਼ਬਦ ਦੋ ਅਵਸਥਾਵਾਂ ਦੇ ਜੋੜ ਤੋਂ ਬਣਦਾ ਹੈ—ਪ੍ਰੇਮ ਤੇ ਭਰੋਸਾ। ਜਿਥੇ ਪ੍ਰੇਮ ਤੇ ਭਰੋਸਾ ਇਕੱਠਾ ਹੋ ਜਾਏ, ਉਥੇ ਜਿਹੜੀ ਅਵਸਥਾ ਬਣਦੀ ਹੈ ਉਹਨੂੰ ਕਹਿੰਦੇ ਹਨ ਭਾਵਨਾ। ਅਕਸਰ ਦੇਖੀਦਾ ਹੈ, ਕਈਆਂ ਦੇ ਕੋਲ ਪ੍ਰੇਮ ਤੋਂ ਬਿਨਾਂ ਭਰੋਸਾ ਹੈ ਤੇ ਕਈਆਂ ਦੇ ਕੋਲ ਭਰੋਸੇ ਤੋਂ ਬਿਨਾਂ ਪ੍ਰੇਮ ਹੈ। ਪ੍ਰੇਮ ਤੇ ਭਰੋਸਾ ਜਿਥੇ ਦੋਵੇਂ ਇਕੱਠੇ ਹੋਵਣ ਉਥੇ ਜਿਹੜੀ ਅਵਸਥਾ ਬਣਦੀ ਹੈ ਉਹ ਹੈ ਭਾਵਨਾ ਤੇ ਭਾਵਨਾ ਜਿਥੇ ਉਜਾਗਰ ਹੋ ਜਾਏ ਉਸੇ ਨੂੰ ਕਹਿੰਦੇ ਹਨ ਭਗਤ ਤੇ ਭਗਤ ਤੋਂ ਮੁਰਾਦ ਹੈ ਉਹਦੇ ਅੰਦਰ ਭਾਵਨਾ। ਸਾਹਿਬ ਕਹਿੰਦੇ ਹਨ ਭਾਵਨਾ ਕਰਕੇ ਗਾਇਨ ਕਰ ਤੇ ਭਾਵਨਾ ਨਾਲ ਸੁਣ।

ਬਥੇਰੇ ਕੀਰਤਨ ਦਰਬਾਰ ਇਹਨਾਂ ਪੰਜ ਸੱਤ ਸਾਲਾਂ ਦੇ ਵਿਚ ਪੰਜਾਬ ਵਿਚ ਹੋਏ ਹਨ ਤੇ ਹੋ ਰਹੇ ਹਨ ਅਤੇ ਬੜਾ ਭਾਰੀ ਮੈਂ ਇਕੱਠ ਦੇਖਦਾ ਹਾਂ ਸਰੋਤਿਆਂ ਦਾ, ਪਰ ਜਿਸ ਤਰ੍ਹਾਂ ਦੇ ਪ੍ਰਾਚੀਨ ਗੁਰੂ ਦੇ ਸਿੱਖ ਸਨ, ਜਿਸ ਨੂੰ ਵੇਖਦਿਆਂ ਹੀ ਗੁਰੂ ਚੇਤੇ ਆਉਂਦਾ ਸੀ, ਇਹ ਦਿਖਾਈ ਨਹੀਂ ਦੇਂਦਾ। ਉਥੇ ਕਹਿਣਾ ਪੈਂਦਾ ਹੈ ਕਿ ਭਰੋਸਾ ਕਿਧਰੇ ਥਿੜਕਿਆ ਹੋਇਆ ਹੈ। ਕਿਧਰੇ ਪ੍ਰੇਮ ਤੋਂ ਸੱਖਣੀ ਦੁਨੀਆਂ ਹੈ। ਪ੍ਰੇਮ ਤੇ ਭਰੋਸਾ ਇਕੱਠਾ ਹੋਵੇ ਤਾਂ ਫਿਰ ਮਨੁੱਖ ਗਾਇਨ ਕਰੇ। ਤੇ ਗਾਇਨ ਵਿਚ ਇਤਨੀ ਗੱਲ ਸਪੱਸ਼ਟ ਹੋ ਗਈ ਕਿ ਅਵਾਜ਼ ਸੁਣੀ। ਕੰਠ ਦੇ ਵਿਚ ਜਿਹੜੇ ਬਾਣੀ ਪੜ੍ਹ ਲੈਂਦੇ ਹਨ, ਕਹਿੰਦੇ ਹਨ ਅਸੀਂ ਮਨ ਦੇ ਵਿਚ ਪੜ੍ਹਦੇ ਪਏ ਹਾਂ। ਮਨ ਦੇ ਵਿਚ ਪੜ੍ਹਨਾ ਨਹੀਂ ਹੁੰਦਾ। ਮਨ ਦੇ ਵਿਚ ਤਾਂ ਉਹਦੀ ਯਾਦ ਚੱਲਦੀ ਹੈ। ਮਨ ਦੇ ਵਿਚ ਤਾਂ ਪੜ੍ਹਨ ਦੀ ਲੋੜ ਹੀ ਨਹੀਂ।

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥

(ਅੰਗ ੭੯੫)

ਗਾਵਣਾ ਪਏਗਾ ਅਵਾਜ਼ ਕਰਕੇ। ਜਿਸ ਦੇ ਕੋਲ ਅਵਾਜ਼ ਹੈ ਤਾਂ ਹੀ ਸੁਣਾਂਗੇ। ਜੇ ਅਵਾਜ਼ ਹੀ ਨਹੀਂ ਤਾਂ ਸੁਣਾਂਗੇ ਕਿਸ ਤਰ੍ਹਾਂ। ਇਹ ਠੀਕ ਹੈ ਕਿ ਬਾਣੀ ਦੇ ਚਾਰ ਰੂਪ ਮੰਨ ਲਏ ਗਏ ਹਨ—ਪਰਾ, ਬਸੰਤੀ, ਮਦਮਾ ਤੇ ਬੈਖਰੀ। ਪਰ ਜਿਥੇ ਸ਼ਬਦ ਦੀ ਗੱਲ ਆ ਜਾਏ ਤਾਂ ਸ਼ਬਦ ਦੇ ਅੱਖਰੀ ਅਰਥ ਹਨ ਧੁੰਨੀ। ਅਵਾਜ਼ ਉਹ ਤਾਂ ਬੈਖਰੀ ਹੋ ਗਈ ਤਾਂ ਬੈਖਰੀ ਬਾਣੀ ਦੇ ਨਾਲ ਉਚਾਰਣ ਕਰਨਾ, ਜਾਪ ਕਰਨਾ ਤੇ ਕੰਨ ਨਾਲ ਸੁਣਨਾ ਪ੍ਰੰਤੂ ਇਹ ਸੁਣਿਆ ਹੋਇਆ, ਇਹ ਗਾਵਿਆ ਹੋਇਆ ਉਦੋਂ ਹੀ ਸਫਲ ਹੋਵੇਗਾ ਜਦ ਦੋਵਾਂ ਨਾਲ ਭਾਵਨਾ ਜੁੜੀ ਹੋਵੇ-

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਫੇਰ ਸਾਹਿਬ ਕਹਿੰਦੇ ਹਨ ਕਿ ਸਾਰੇ ਦੁੱਖ ਨਾਸ ਹੋ ਜਾਣਗੇ ਅਤੇ ਪਰਮ ਅਨੰਦ ਘਰ ਵਿਚ ਆਣ ਵੱਸੇਗਾ। ਜੇਕਰ ਕਥਾ ਕੀਰਤਨ ਸੁਣਦਿਆਂ ਹੋਇਆਂ, ਗੁਰਬਾਣੀ ਸੁਣਦਿਆਂ ਹੋਇਆਂ ਵੀ ਕੋਈ ਦੁੱਖੀ ਹੈ ਤਾਂ ਕਹਿ ਦੇਣਾ ਚਾਹੀਦਾ ਹੈ ਕਿ ਨਹੀਂ ਸੁਣੀ। ਗਾਇਨ ਕਰਦਿਆਂ ਹੋਇਆਂ ਵੀ ਕੋਈ ਦੁੱਖੀ ਹੈ, ਬੇਜ਼ਾਰ ਹੈ, ਬੇਚੈਨ ਹੈ ਤਾਂ ਕਹਿ ਦੇਣਾ ਚਾਹੀਦਾ ਹੈ ਨਹੀਂ ਗਾਈ। ਬਸ ਇਤਨੀ ਗੱਲ ਹੈ। ਇਹ ਫ਼ੈਸਲਾ ਹੈ, ਕਿਉਂਕਿ ਆਮ ਲੋਕਾਂ ਦੀ ਇਹ ਤਰਕ ਹੈ ਤੇ ਆਮ ਲੋਕਾਂ ਦੀ ਇਹ ਪੁੱਛ ਹੈ ਕਿ ਦੁੱਖ ਤਕਲੀਫ਼, ਚਿੰਤਾਵਾਂ ਕਿਸ ਤਰ੍ਹਾਂ ਮਿੱਟਣ? ਤਾਂ ਸਤਿਗੁਰੂ ਨੇ ਤਾਂ ਇਲਾਜ ਦੱਸ ਦਿੱਤਾ ਹੈ। ਇਕੋ ਪੰਗਤੀ ਵਿਚ ਗੱਲ ਕਹਿ ਦਿੱਤੀ—

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਸਾਰੇ ਦੁੱਖ ਦੂਰ ਹੋ ਜਾਣਗੇ। ਹਿਰਦੇ ਦੇ ਘਰ ਵਿਚ ਸੁੱਖਾਂ ਦੀ ਵਰਸ਼ਾ ਹੋ ਜਾਏਗੀ। ਪਰਮ ਅਨੰਦ ਦੀ ਪ੍ਰਾਪਤੀ ਹੋ ਜਾਏਗੀ। ਪਰ ਢੰਗ ਕੀ ਹੈ? ਕੀ ਕਰੀਏ? ਤਾਂ ਸਾਹਿਬ ਕਹਿੰਦੇ ਹਨ-

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਮਨ ਵਿਚ ਭਾਵਨਾ ਰੱਖ ਕੇ ਗਾਇਨ ਕਰ। ਮਨ ਦੇ ਵਿਚ ਭਾਵਨਾ ਰੱਖ ਕੇ ਤੂੰ ਸੁਣ। ਜ਼ਬਾਨ ਨਾਲ ਜੋ ਗਾਇਨ ਕਰ ਰਿਹਾ ਹੈਂ, ਇਹਨੂੰ ਸੁਣ ਅਤੇ ਸੁਣ ਵੀ ਬੰਦਾ ਤਾਂ ਹੀ ਸਕੇਗਾ ਜੇ ਅੰਦਰ ਭਾਵਨਾ, ਭਰੋਸਾ ਅਤੇ ਪ੍ਰੇਮ ਹੈ, ਨਹੀਂ ਤਾਂ ਮੁਸ਼ਕਲ ਹੈ। ਸੁਣਨਾ ਜਿਤਨਾ ਸੌਖਾ ਸਮਝਿਆ ਗਿਆ ਹੈ, ਇਹ ਇਤਨਾ ਸੌਖਾ ਨਹੀਂ ਹੈ ਅਤੇ-

ਆਖਣਿ ਅਉਖਾ ਸਾਚਾ ਨਾਉ॥

ਵਾਹਿਗੁਰੂ ਵਾਹਿਗੁਰੂ ਤਾਂ ਆਖਣਾ ਔਖਾ ਨਹੀਂ ਹੈ। ਲੋਕੀਂ ਸਾਰੀ ਸਾਰੀ ਰਾਤ ਵੀ ਰੱਟੀ ਜਾਂਦੇ ਹੁੰਦੇ ਹਨ, ਪਰ ਭਾਵਨਾ ਨਾਲ ਆਖਣਾ ਔਖਾ ਹੈ ਤੇ ਭਾਵਨਾ ਨਾਲ ਸੁਣਨਾ ਵੀ ਔਖਾ

ਹੈ। ਇਤਨੀ ਗੱਲ ਮੈਂ ਅਰਜ਼ ਕਰ ਦੇਵਾਂ, ਗਾਇਨ ਕਰਨਾ ਤੇ ਸੁਣਨਾ ਇਹੀ ਕਠਿਨ ਹੈ, ਬਾਕੀ ਕੋਈ ਪਾਠ ਕਠਨ ਨਹੀਂ। ਆਠਰਾਂ-ਅਠਾਰਾਂ ਘੰਟੇ ਅਖੰਡ ਪਾਠ ਕਰਨ ਵਾਲੇ ਪਾਠੀ ਮੌਜੂਦ ਹਨ। ਦਿਨ ਰਾਤ ਚੱਲ ਰਿਹਾ ਹੈ। ਕੀ ਬ੍ਰਹਮ ਗਿਆਨੀ ਹੋ ਗਏ? ਕੀ ਪਰਮ ਅਨੰਦ ਦੀ ਪ੍ਰਾਪਤੀ ਹੋ ਗਈ? ਕੀ ਅੰਤਰ ਆਤਮਾ ਨਿਰਮਲ ਹੋ ਗਈ? ਕੀ ਸਾਰੇ ਦੁੱਖ ਨਾਸ ਹੋ ਗਏ? ਦਿਨ ਰਾਤ ਗਾਇਨ ਚੱਲ ਰਹੇ ਹਨ, ਤੇ ਕਿਧਰੇ ਇਸ ਰੂਪ ਵਿਚ ਨਿੰਦਾ ਵੀ ਨਾ ਸਮਝ ਲੈਣੀ। ਨਿੰਦਾ ਨਹੀਂ, ਕਿਉਂਕਿ ਜੋ ਇਕ ਗੱਲ ਸਮਝ ਵਿਚ ਆਈ ਹੈ, ਮੈਂ ਉਹ ਮਿਸ਼ਨਰੀ ਹੋਣ ਦੇ ਨਾਤੇ ਆਪ ਜੀ ਦੇ ਸਾਹਮਣੇ ਰੱਖ ਰਿਹਾ ਹਾਂ। ਜੋ ਕੁਝ ਮੈਂ ਆਪ ਨੂੰ ਸਰਵਣ ਕਰਾ ਰਿਹਾ ਹਾਂ, ਜੇਕਰ ਇਸ ਦੇ ਵਿਚ ਮੇਰਾ ਭਰੋਸਾ ਨਹੀਂ, ਮੇਰਾ ਪ੍ਰੇਮ ਨਹੀਂ, ਮੇਰਾ ਯਕੀਨ ਨਹੀਂ ਤਾਂ ਸਤਿਗੁਰਾਂ ਦੀ ਬਾਣੀ ਕਹਿੰਦੀ ਹੈ ਕਿ ਇਹ ਕੋਈ ਕਥਾ ਨਹੀਂ, ਇਹ ਸਿਰਫ਼ ਮੂੰਹ ਦੇ ਵਿਚੋਂ ਰੇਤ ਹੀ ਕੱਢੀ ਜਾ ਰਹੀ ਹੈ, ਹੋਰ ਕੁਝ ਨਹੀਂ।

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥

(ਅੰਗ ੧੩੬੯)

ਇਹ ਤਾਂ ਰੇਤ ਹੈ। ਜਿਹੜੀ ਗੱਲ ਆਖ ਕੇ ਤੈਨੂੰ ਸਵਾਦ ਨਹੀਂ ਆਇਆ, ਯਾਦ ਰੱਖ ਉਹ ਸੁਣ ਕੇ ਵੀ ਕਿਸੇ ਨੂੰ ਸਵਾਦ ਨਹੀਂ ਆਉਣਾ। ਨਾ ਹੀ ਤੈਨੂੰ ਆਉਣਾ ਹੈ। ਇਕ ਮੂਲ ਗੱਲ ਹੈ। ਜੇ ਆਖਣ ਲੱਗਿਆਂ ਸਵਾਦ ਆਵੇ ਤਾਂ ਸੁਣਨ ਲੱਗਿਆਂ ਵੀ ਸਵਾਦੀ ਹੈ। ਜਿਸ ਨੂੰ ਆਖ ਕੇ ਸਵਾਦ ਨਹੀਂ ਮਿਲਿਆ, ਉਹਨੂੰ ਸੁਣ ਕੇ ਵੀ ਸਵਾਦ ਨਹੀਂ ਮਿਲੇਗਾ। ਆਤਮਾ-ਅਭਿਆਸੀਆਂ ਦੀ ਇਹ ਗੱਲ ਪਕੜ ਵਿਚ ਆਈ ਹੈ ਕਿ ਲੋਕ ਜਿਵੇਂ ਘਾਹ ਕੱਟਦੇ ਹਨ, ਇਸ ਤਰ੍ਹਾਂ ਹੀ ਬਾਣੀ ਪੜ੍ਹਦੇ ਹਨ ਤੇ ਮੇਰੀ ਅਕਸਰ ਬੇਨਤੀ ਹੁੰਦੀ ਹੈ ਕਿ ਭਾਵੇਂ ਥੋੜ੍ਹੀ ਪੜ੍ਹੀਏ, ਜ਼ਰੂਰੀ ਨਹੀਂ ਹੈ ਬਹੁਤ ਪੜ੍ਹਨੀ ਹੈ, ਥੋੜੀ ਹੀ ਪੜ੍ਹੀਏ ਪਰ ਪੜ੍ਹੀਏ ਭਾਵਨਾ ਨਾਲ, ਸੁਣੀਏ ਭਾਵਨਾ ਨਾਲ ਤੇ ਭਾਵਨਾ ਨੇ ਕਰਨਾ ਕੀ ਹੈ? ਜਦ ਭਾਵਨਾ ਨਾਲ ਕੋਈ ਗਾਇਨ ਕਰੇਗਾ, ਭਾਵਨਾ ਨੇ ਰੱਸ ਬਣਾ ਦੇਣਾ ਹੈ। ਰੱਸ ਭਾਵਨਾ ਹੈ। ਜਿਵੇਂ ਕੋਈ ਬਹੁਤ ਵਧੀਆ ਤੋਂ ਵਧੀਆ ਸਬਜ਼ੀ ਬਣਾਏ ਤੇ ਉਹਦੇ ਵਿਚ ਲੂਣ ਹੀ ਨਾ ਪਾਵੇ ਤਾਂ ਕੋਈ ਰੱਸ ਨਹੀਂ। ਬੜੀ ਮਿਹਨਤ ਨਾਲ ਕੋਈ ਤਰ੍ਹਾਂ-ਤਰ੍ਹਾਂ ਦੀਆਂ ਦਾਲਾਂ ਬਣਾਏ। ਸਾਰੇ ਮਸਾਲੇ ਪਾਵੇ। ਬਹੁਤਾ ਘਿਉ ਪਾਵੇ ਤੇ ਲੂਣ ਨਹੀਂ ਪਾਇਆ ਤਾਂ ਬੇ ਸਵਾਦੀ। ਕੋਈ ਬਹੁਤ ਗਾਵੇ। ਗਾਉਣ ਵਾਲਾ ਗਿਆਨੀ ਹੋਵੇ, ਸਿਆਣਾ ਹੋਵੇ। ਬਾਣੀ ਯਾਦ ਕੀਤੀ ਹੋਵੇ ਪਰ ਅੰਦਰ ਭਾਵਨਾ ਨਹੀਂ ਤਾਂ ਉਹ ਉਸ ਸਬਜ਼ੀ ਵਾਂਗ ਹੈ ਜਿਹਦੇ ਵਿਚ ਲੂਣ ਹੈ ਨਹੀਂ। ਫਿਰ ਬੇਸੁਆਦੀ। ਮਹਾਰਾਜ ਜੀ ਨੇ ਐਵੇਂ ਨਹੀਂ ਕਹਿ ਦਿੱਤਾ-

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

(ਅੰਗ ੧੬)

ਜਦ ਮੈਂ ਭਾਵਨਾ ਨਾਲ ਸੁਣਦਾ ਹਾਂ ਤਾਂ ਮਾਨੋ ਲੂਣ ਪੈ ਗਿਆ, ਰੱਸ ਪੈ ਗਿਆ। ਸੁਣਨ ਦੇ ਵਿਚ ਮੈਨੂੰ ਰੱਸ ਆਉਂਦਾ ਹੈ ਤਾਂ ਭਾਵਨਾ ਪੈ ਗਈ, ਨਮਕ ਪੈ ਗਿਆ ਅਤੇ ਫਿਰ ਅੰਦਰ ਯਕੀਨ ਹੈ, ਭਰੋਸਾ ਹੈ, ਪੂਰਨ ਤੌਰ 'ਤੇ ਵਿਸ਼ਵਾਸ ਹੈ। ਗੁਰੂ ਨੇ ਜੋ ਕੁਛ ਕਿਹਾ ਹੈ, ਉਹਨੂੰ ਖਿੜੇ ਮੱਥੇ ਤਸਲੀਮ ਕੀਤਾ ਹੈ ਤਾਂ ਸਾਹਿਬ ਕਹਿੰਦੇ ਹਨ ਕਿ ਸਾਰੀ ਮਿਠਾਸ ਵਿਚੇ ਪੈ ਗਈ। ਭਰੋਸਾ ਥਿੜਕਿਆ ਹੋਇਆ ਹੈ ਤਾਂ ਨਾ ਮਿੱਠਾ ਹੈ, ਨਾ ਲੂਣ ਹੈ। ਫਿਰ ਤਾਂ ਸ੍ਰੀ ਰਾਗ ਵਿਚ ਸਤਿਗੁਰੂ ਨੇ ਖੁਲਾਸਾ ਕਰ ਦਿੱਤਾ ਹੈ। ਤਰ੍ਹਾਂ ਤਰ੍ਹਾਂ ਦੇ ਇਹ ਮਿਸਟਾਨ, ਚੀਜ਼ਾਂ ਬਣੀਆਂ ਹੋਣ, ਖੀਰ ਬਣੀ ਹੋਵੇ, ਕੜਾਹ ਬਣਿਆ ਹੈ, ਪਰ ਮਿੱਠਾ ਹੈ ਹੀ ਨਹੀਂ ਤਾਂ ਉਹਨੂੰ ਕੜਾਹ ਆਖਣ ਦੀ ਲੋੜ ਕੀ ਹੈ ਅਤੇ ਉਹਨੂੰ ਖੀਰ ਆਖਣ ਦੀ ਲੋੜ ਕੀ ਹੈ ਜਿਸ ਵਿਚ ਮਿੱਠਾ ਹੈ ਹੀ ਨਹੀਂ। ਦਾਲਾਂ ਪਈਆਂ ਹਨ, ਸਬਜ਼ੀਆਂ ਪਈਆਂ ਹਨ ਪਰ ਲੂਣ ਹੈ ਹੀ ਨਹੀਂ। ਹੁਣ ਕਿਸ ਤਰ੍ਹਾਂ ਉਹਨਾਂ ਵਿਚੋਂ ਸਵਾਦ ਮਾਣਿਆ ਜਾ ਸਕਦਾ ਹੈ। ਗਾਇਨ ਕਰਦਿਆਂ ਜੇਕਰ ਸੁਆਦ ਆ ਰਿਹਾ ਹੈ ਤਾਂ ਸਮਝ ਲੈਣਾ ਮਿੱਠਾ ਪੈ ਗਿਆ। ਸੁਣਦਿਆਂ ਸਵਾਦ ਆ ਰਿਹਾ ਹੈ ਤਾਂ ਸਮਝ ਲੈਣਾ ਲੂਣ ਪੈ ਗਿਆ ਹੈ ਨਹੀਂ ਤਾਂ ਨਹੀਂ। ਬਸ ਇਕ ਪਹਿਚਾਣ ਹੈ-

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥

(ਅੰਗ ੧੬)

ਇਹ ਬੜਾ ਗ਼ਜ਼ਬ ਦਾ ਸ਼ਬਦ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ। ਕਿਸੇ ਵਕਤ ਮੈਂ ਖੁਲਾਸਾ ਕਰਾਂਗਾ। ਸੰਖੇਪ ਰੂਪ ਵਿਚ ਮੈਂ ਇਹ ਅਰਜ਼ ਕਰਾਂ, ਭਾਵਨਾ ਬਣਦੀ ਹੈ ਦੋ ਅਵਸਥਾਵਾਂ ਦੇ ਸੰਜੋਗ ਤੋਂ—ਪ੍ਰੇਮ ਤੇ ਭਰੋਸਾ। ਅਗਰ ਭਰੋਸਾ ਥਿੜਕਿਆ ਹੋਇਆ ਹੈ ਤਾਂ ਇੰਝ ਸਮਝ ਲਉ ਕਿ ਬੋਲਣ ਤੇ ਸੁਣਨ ਦੇ ਵਿਚ ਕੋਈ ਮਿਠਾਸ ਨਹੀ ਹੋਏਗੀ ਤੇ ਪ੍ਰੇਮ ਹੀ ਥਿੜਕਿਆ ਹੋਇਆ ਹੈ। ਸਾਰੀਆਂ ਹੀ ਸਬਜ਼ੀਆਂ ਬੇ ਸੁਆਦੀ। ਇਹ ਸਾਰੀਆਂ ਹੀ ਦਾਲਾਂ ਬੇਸੁਆਦੀ ਅਤੇ ਬੇਸੁਆਦੀ ਚੀਜ਼ਾਂ ਖਾਂਦਿਆਂ ਖਾਂਦਿਆਂ ਬੰਦਾ ਇਕ ਦਿਨ ਖਾਣੀਆਂ ਛੱਡ ਦੇਵੇਗਾ। ਇਸ ਯਕੀਨ ਨਾਲ ਕਿ ਸਵਾਦ ਹੈ ਹੀ ਨਹੀਂ। ਬਹੁਤੇ ਛੱਡ ਦਿੰਦੇ ਹਨ। ਕਹਿੰਦੇ ਹਨ ਇਹ ਫਿੱਕੀ ਦਾਲ ਕਦੋਂ ਤੱਕ ਖਾਈਏ। ਇਹ ਫਿੱਕੀ ਚੀਜ਼, ਇਹ ਫਿੱਕੇ ਮਿਸ਼ਟਾਨ ਇਹਨਾਂ ਦੀ ਤਾਂ ਕੋਈ ਮਿਠਾਸ ਹੀ ਨਹੀਂ। ਦਰਅਸਲ ਪਦਾਰਥ ਤਾਂ ਹੈ ਪਰ ਮਿਠਾਸ ਤਾਂ ਤੇਰੀ ਭਾਵਨਾ ਨੇ ਹੀ ਪਾਣੀ ਹੈ। ਪਦਾਰਥ ਤਾਂ ਪਏ ਹਨ। ਸਤਿਗੁਰੂ ਨੇ ਸਾਰੇ ਪਰੋਸ ਕੇ ਰੱਖੇ ਹੋਏ ਹਨ ਪਰ ਇਹਦੇ ਵਿਚ ਨਮਕ ਤਾਂ ਤੇਰੀ ਭਾਵਨਾ ਨੇ ਹੀ ਪਾਉਣਾ ਹੈ। ਜਦੋਂ ਵੀ ਕੋਈ ਭਾਵਨਾ ਨਾਲ ਗਾਇਨ ਕਰੇਗਾ ਤਾਂ ਸਾਹਿਬ ਕਹਿੰਦੇ ਹਨ ਰੱਸ ਆਵੇਗਾ।

ਬਹੁਤ ਕੁਝ ਲੋਕੀਂ ਸੁਣਨ ਜਾਂਦੇ ਹਨ, ਸੁਣਾਣ ਜਾਂਦੇ ਹਨ। ਬੜਾ ਸਿਲਸਿਲਾ ਚੱਲ ਰਿਹਾ ਹੈ ਧਾਰਮਿਕ ਦੁਨੀਆਂ ਦੇ ਵਿਚ ਪਰ ਕਮਾਲ ਦੀ ਗੱਲ, ਫਿਰ ਵੀ ਨਾ ਭਗਤ ਪੈਦਾ ਹੋਣ, ਨਾ ਬ੍ਰਹਮ ਗਿਆਨੀ ਪੈਦਾ ਹੋਣ, ਨਾ ਸੰਤ ਪੈਦਾ ਹੋਣ। ਗਿਣਤੀ ਕੋਈ ਬਹੁਤ ਜ਼ਿਆਦਾ

ਨਹੀਂ ਹੈ। ਮੈਂ ਤਾਂ ਇਹ ਨਹੀਂ ਕਹਿ ਰਿਹਾ ਕਿ ਹੈ ਹੀ ਨਹੀਂ, ਪਰ ਐਵੇਂ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਚੰਦ ਪੁਰਸ਼ ਹੋਵਣ, ਇਹਦੇ ਨਾਲ ਤਸੱਲੀ ਨਹੀਂ ਬਣਦੀ। ਗੁਰੂ ਘਰ ਦੇ ਵਿਚ ਹੈ ਮੂਲ ਗਾਵਣਾ ਪਰ ਨਾਲ ਇਕ ਸ਼ਰਤ ਲਾ ਦਿੱਤੀ ਹੈ- *ਗਾਵੀਐ ਸੁਣੀਐ*—ਨਿਰਾ ਗਾਵਣਾ ਨਹੀਂ, ਸੁਣਨਾ ਵੀ ਹੈ ਤੇ ਨਾਲ ਸ਼ਰਤ ਲਾ ਦਿੱਤੀ ਹੈ ਕਿ ਜੇਕਰ ਭਾਵਨਾ ਤੋਂ ਬਿਨਾ ਗਾਉਣਾ ਤੇ ਭਾਵਨਾ ਤੋਂ ਬਿਨਾ ਸੁਣਨਾ ਹੈ ਤਾਂ ਉਹ ਸਬਜ਼ੀਆਂ ਹਨ ਜਿਹਦੇ ਵਿਚ ਲੂਣ ਕੋਈ ਨਹੀਂ। ਉਹ ਪਦਾਰਥ ਹਨ ਜਿਹਦੇ ਵਿਚ ਮਿੱਠਾ ਕੋਈ ਨਹੀਂ। ਹੁਣ ਮਿਠੇ ਤੋਂ ਬਿਨਾਂ ਪਦਾਰਥ ਆਖ਼ਰ ਦੋ ਚਾਰ ਦਿਨ ਕੋਈ ਖਾ ਲਵੇਗਾ, ਪੰਜਵੇਂ ਦਿਨ ਵਿਸ਼ਵਾਸ ਟੁੱਟ ਜਾਏਗਾ ਕਿ ਮਿਠਾਸ ਤਾਂ ਹੈ ਹੀ ਨਹੀਂ। ਲੂਣ ਤੋਂ ਬਿਨਾਂ ਸਬਜ਼ੀਆਂ ਖਾਏਗਾ। ਅੱਠ ਦੱਸ ਦਿਨ ਖਾਏਗਾ, ਫੇਰ ਸੋਚੇਗਾ ਸਵਾਦ ਤਾਂ ਹੈ ਹੀ ਕੋਈ ਨਹੀਂ। ਹਜ਼ਾਰਾਂ ਐਸੇ ਮਨੁੱਖ ਮਿਲੇ ਹਨ ਜੋ ਕਹਿੰਦੇ ਹਨ ਕਿ ਗਿਆਨੀ ਜੀ, ਸਵਾਦ ਤਾਂ ਆਇਆ ਨਹੀਂ। ਜਿਸ ਰੱਸ ਦੀ ਗੱਲ ਗੁਰਬਾਣੀ ਕਰਦੀ ਹੈ, ਉਹ ਰੱਸ ਤਾਂ ਕਦੀ ਮਿਲਿਆ ਨਹੀਂ। ਹੁਣ ਇਹਨਾਂ ਨੂੰ ਕੌਣ ਦੱਸੇ ਕਿ ਨਮਕ ਤੇ ਮਿੱਠਾ ਤੁਸੀਂ ਆਪ ਪਾਉਣਾ ਸੀ। ਭਾਵਨਾ ਜੋੜੀ ਨਹੀਂ ਤੁਸੀਂ ਤਾਂ ਨਿਰਾਸ਼ ਹੋ ਗਏ ਹੋ।

ਭਈ ਨਿਰਾਸੀ ਬਹੁਤੁ ਦਿਨ ਲਾਗੇ॥

ਗੁਰੂ ਅਰਜਨ ਦੇਵ ਜੀ ਮਹਾਰਾਜ ਪਾਤਿਸ਼ਾਹ ਜੀ ਦੀ ਬਾਣੀ ਕਹਿੰਦੀ ਹੈ, ਨਿਰਾਸਾ ਹੀ ਜਾਗ ਪਈ। ਬਹੁਤ ਦਿਨ ਲੱਗੇ, ਬਹੁਤ ਧੱਕੇ ਖਾਧੇ।

ਦੇਸ ਦਿਸੰਤਰ ਮੈ ਸਗਲੇ ਝਾਗੇ॥

(ਅੰਗ ੭੩੭)

ਪਤਾ ਨਹੀਂ ਕਿਤਨੇ ਡੇਰਿਆਂ ਵਿਚ ਗਏ। ਕਿਤਨੇ ਤੀਰਥਾਂ 'ਤੇ ਗਏ। ਕਿਤਨੇ ਮੱਠਾਂ 'ਤੇ ਗਏ। ਕਿਤਨੇ ਕੀਰਤਨ ਦਰਬਾਰਾਂ ਵਿਚ ਗਏ। ਕਿਤਨੇ ਜੋੜ ਮੇਲਿਆਂ ਵਿਚ ਗਏ ਤੇ ਪੱਲੇ ਕੀ ਪਿਆ? ਨਿਰਾਸਾ। ਅੱਜ ਜਿਤਨੇ ਤੁਸੀਂ ਬੈਠੇ ਹੋ, ਸਮਝ ਲੈਣਾ ਚਾਹੀਦਾ ਹੈ ਕਿ ਕੁਝ ਨਾ ਕੁਝ ਆਸਾ ਹੈ। ਅਜੇ ਆਸਾ ਪੂਰੀ ਨਿਰਾਸਾ ਵਿਚ ਨਹੀਂ ਬਦਲੀ, ਪਰ ਮੈਂ ਇਹ ਵੀ ਨਹੀਂ ਕਹਿੰਦਾ ਕਿ ਪੂਰੀ ਆਸਾ ਹੈ ਨਹੀਂ। ਆਸਾ ਜੇ ਨਿਰਾਸਾ ਵਿਚ ਨਹੀਂ ਬਦਲੀ। ਕਵੀ ਸੂਰਦਾਸ ਜਿਨ੍ਹਾਂ ਦਾ ਸੁਰ ਸਾਗਰ ਬਹੁਤ ਵੱਡਾ ਗ੍ਰੰਥ ਹੈ। ਉਹਨਾਂ ਦਾ ਇਕ ਪਾਵਨ ਛੰਤ ਹੈ। ਕਹਿੰਦਾ ਹੈ, ਹੇ ਭਗਵਾਨ! ਆਸਾ ਤਾਂ ਨਿਰਾਸਾ ਵਿਚ ਬਦਲ ਗਈ ਹੈ। ਮੇਰਾ ਇਤਨਾ ਜੀਵਨ ਲੰਘਿਆ, ਇਤਨੀ ਜ਼ਿੰਦਗੀ ਮੇਰੀ ਲੰਘ ਗਈ। ਕੋਈ ਰੱਸ ਨਹੀਂ ਆਇਆ। ਬਹੁਤ ਸੁਣਦੇ ਸੀ ਮਿਠਾਸ ਹੈ। ਬਹੁਤ ਸੁਣਦੇ ਸੀ ਬੜਾ ਰੱਸ ਹੈ, ਪਰ ਇਹ ਆਸਾ ਨਿਰਾਸਾ ਵਿਚ ਬਦਲ ਗਈ ਹੈ। ਖਾਸ ਕਰਕੇ ਦਿਨ ਬਹੁਤ ਲੱਗ ਜਾਣ ਤੇ ਮਿਠਾਸ ਕੁਝ ਵੀ ਨਾ ਪ੍ਰਾਪਤ ਹੋਵੇ ਤਾਂ ਹੋ ਸਕਦਾ ਹੈ ਕੋਈ ਭੈਅ ਦਾ ਮਾਰਿਆ ਹੋਵੇ। ਅਜਿਹੇ ਲੋਕਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਕਿਤੇ ਇਹ ਨਾ ਸਮਝ ਲੈਣਾ ਕਿ ਥੋੜੇ ਹਨ, ਬੜੀ ਭੀੜ ਹੈ ਇਹਨਾਂ ਲੋਕਾਂ ਦੀ, ਜਿੰਨ੍ਹਾਂ ਦੀ ਆਸਾ ਨਿਰਾਸਾ ਵਿਚ ਬਦਲ ਗਈ ਹੈ-

ਭਈ ਨਿਰਾਸੀ ਬਹੁਤੁ ਦਿਨ ਲਾਗੇ॥
ਦੇਸ ਦਿਸੰਤਰ ਮਹਿ ਸਗਲੇ ਝਾਗੇ॥

ਬਹੁਤ ਦਿਨ ਫਿੱਕੀ ਖੀਰ ਖਾਂਦਿਆਂ, ਬਹੁਤ ਦਿਨ ਅਲੂਣੇ ਪਦਾਰਥ ਖਾਂਦਿਆਂ ਆਖ਼ਰ ਖ਼ਿਆਲ ਪੈਦਾ ਹੋ ਗਿਆ ਕਿ ਸ਼ਾਇਦ ਰੱਸ ਹੈ ਹੀ ਨਹੀਂ, ਸਵਾਦ ਹੈ ਹੀ ਨਹੀਂ ਤੇ ਹੁਣ ਕੌਣ ਦੱਸੇ ਕਿ ਸਵਾਦ ਇਸ ਤਰੀਕੇ ਨਾਲ ਬਣਨਾ ਸੀ-

ਸਭ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

ਅੰਦਰ ਭਾਵਨਾ ਹੋਵੇ ਤਾਂ ਸੁਣਨ ਵਿਚ ਰੱਸ ਬਣੇਗਾ। ਅੰਦਰ ਭਾਵਨਾ ਹੋਵੇ ਤਾਂ ਗਾਉਣ ਵਿਚ ਰੱਸ ਬਣੇਗਾ। ਜੇਕਰ ਰੱਸ ਨਹੀਂ ਬਣਿਆ ਤਾਂ ਕਸੂਰ ਭਾਵਨਾ ਦਾ ਹੈ, ਕਸੂਰ ਪਦਾਰਥਾਂ ਦਾ ਨਹੀਂ। ਬਸ ਭਾਵਨਾ ਜੋੜ ਦੇ, ਰੱਸ ਬਣ ਜਾਏਗਾ। ਭਾਵਨਾ ਜੋੜ ਦੇ, ਸੁਣਨ ਵਿਚ ਅਨੰਦ ਆਵੇਗਾ, ਗਾਇਨ ਵਿਚ ਅਨੰਦ ਆਏਗਾ। ਜੇ ਗਾਂਵਦਿਆਂ ਅਨੰਦ ਆਵੇ ਤਾਂ ਰੱਸਨਾ ਰੱਸ ਨਾਲ ਭਰ ਗਈ। ਸੁਣਦਿਆਂ ਅਨੰਦ ਆਏ ਤਾਂ ਕੰਨਾਂ ਵਿਚ ਅੰਮ੍ਰਿਤ ਦੀ ਧਾਰ ਪੈ ਗਈ। ਇਹ ਇਕ ਪਹਿਚਾਣ ਹੈ ਕਿ ਕੰਨਾਂ ਵਿਚ ਅੰਮ੍ਰਿਤ ਦੀ ਧਾਰਾ ਪੈ ਗਈ, ਰੱਸ ਆ ਗਿਆ।

ਤਿਸ ਕੀ ਸੋਇ ਸੁਣੀ ਮਨੁ ਹਰਿਆ॥

(ਅੰਗ ੪੦੩)

ਹੁਣ ਤੇ ਸੁਣਦਿਆਂ ਮਨ ਹਰਿਆ ਭਰਿਆ ਹੋ ਜਾਂਦਾ ਹੈ। ਖਿੜਿਆ ਹੋਇਆ ਬਾਗ਼ ਹੋ ਜਾਂਦਾ ਹੈ। ਸੁਣ ਕੇ ਸਾਰੀ ਅਨੰਦ ਦੀ ਵਰਸ਼ਾ ਹੋ ਜਾਂਦੀ ਹੈ। ਜਦ ਸੁਣਨ ਵਿਚ ਅਨੰਦ ਆਉਣ ਲੱਗ ਪਏ ਤੇ ਗਾਉਂਦਿਆਂ ਰੱਸ ਬਣਨ ਲੱਗ ਪਏ ਤਾਂ ਸਮਝੋ ਗਾਉਣ ਨਾਲ, ਸੁਣਨ ਨਾਲ ਭਾਵਨਾ ਜੁੜ ਗਈ।

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਪੰਜ ਬਾਣੀਆਂ ਦਾ ਜਿਹੜਾ ਨਿਤਨੇਮ ਹੈ ਇਹ ਸਾਨੂੰ ਘਰ ਦੇ ਵਿਚ ਹੀ ਕਰਨਾ ਚਾਹੀਦਾ ਹੈ। ਵਿਅਕਤੀਗੱਤ ਵਿਚ ਮੂਲ ਮੰਤਰ ਤੇ ਗੁਰ ਮੰਤਰ ਦਾ ਵੀ ਜਾਪ ਘਰ ਹੀ ਕਰਨਾ ਚਾਹੀਦਾ ਹੈ ਤੇ ਜਿਵੇਂ ਹਰ ਘਰ ਵਿਚ ਰਸੋਈ ਹੈ, ਜਿਥੇ ਸਰੀਰ ਦੀ ਪੂਰਤੀ ਲਈ ਅਸੀਂ ਭੋਜਨ ਬਣਾਉਂਦੇ ਹਾਂ, ਉਥੇ ਆਤਮਾ ਦੀ ਖ਼ੁਰਾਕ ਤਿਆਰ ਕਰਨ ਲਈ ਇਕ ਦੂਜੀ ਰਸੋਈ ਵੀ ਚਾਹੀਦੀ ਹੈ। ਹਰ ਘਰ ਦੇ ਵਿਚ ਅਸਥੂਲ ਸਰੀਰ ਦੀ ਪੂਰਤੀ ਲਈ ਭੋਜਨ ਬਣ ਸਕੇ, ਇਹ ਰਸੋਈਆਂ ਤਾਂ ਹਨ, ਪਰ ਕਦੀ ਕਦਾਈਂ ਹਜ਼ਾਰਾਂ ਵਿਚ ਇਕ ਅੱਧ ਘਰ ਮਿਲਦਾ ਹੈ, ਜਿਥੇ ਉਹ ਰਸੋਈ ਵੀ ਹੈ ਜਿਸਦੇ ਵਿਚ ਆਤਮਾ ਦੀ ਖ਼ੁਰਾਕ ਬਣਾਈ ਜਾਂਦੀ ਹੈ। ਆਤਮਾ ਦੀ ਪੂਰਤੀ ਕੀਤੀ ਜਾਂਦੀ ਹੈ। ਰੂਹ ਦੀ ਪੂਰਤੀ ਕੀਤੀ ਜਾਂਦੀ ਹੈ। ਚਲੋ ਨਹੀਂ ਘਰ ਦੇ ਵਿਚ ਬਹੁਤੀ ਜਗ੍ਹਾ ਤਾਂ ਦੋ ਚਾਰ ਫੁੱਟ ਹੀ ਸਹੀ, ਜਿਥੇ ਘਟ ਤੋਂ ਘਟ ਕੋਈ ਚੌਂਕੜਾ ਮਾਰ ਕੇ ਬੈਠ ਸਕੇ। ਪ੍ਰਾਚੀਨ ਕਾਲ ਤੋਂ ਸਾਡੇ ਦੇਸ਼ ਵਿਚ ਜਿਥੇ ਭੋਜਨ ਬਣੇ, ਕਹਿੰਦੇ ਹਨ ਉਸ ਰਸੋਈ ਨੂੰ ਪਵਿੱਤਰ

ਰੱਖਣਾ ਹੈ ਤਾਂਕਿ ਭੋਜਨ ਦੇ ਵਿਚ ਪਵਿੱਤਰਤਾ ਬਣੀ ਰਹੇ ਤੇ ਅਸੀਂ ਅਸਥੂਲ ਸਰੀਰ ਵਾਸਤੇ ਜੋ ਭੋਜਨ ਬਣਾਉਂਦੇ ਹਾਂ, ਸਾਡੇ ਦੇਸ਼ ਦੀ ਇਹ ਧਾਰਨਾ ਹੈ ਕਿ ਰਸੋਈ ਨੂੰ ਸਾਫ਼ ਰੱਖੋ।

ਹਜ਼ਰਤ ਈਸਾ ਜੀ ਕਹਿੰਦੇ ਹਨ ਕਿ ਕੋਈ ਮਨੁੱਖ ਕਿਤਨਾ ਸਫ਼ਾਈ ਪਸੰਦ ਹੈ, ਦੇਖਣਾ ਹੋਵੇ ਤਾਂ ਉਸ ਦੇ ਘਰ ਦੀ ਰਸੋਈ ਦੇਖ ਲੈਣਾ। ਬਸ ਇਥੋਂ ਹੀ ਉਹਦੇ ਸਫ਼ਾਈਪਨ ਤੇ ਗੰਦੇਪਨ ਦਾ ਪਤਾ ਲੱਗ ਜਾਂਦਾ ਹੈ। ਇਸ ਵਾਸਤੇ ਈਸ਼ਵਰੀ ਬੰਦਗੀ ਤੋਂ ਬਾਅਦ ਈਸਾ ਨੇ ਸਫ਼ਾਈ ਨੂੰ ਖ਼ਾਸ ਦਰਜਾ ਦਿੱਤਾ ਹੈ। ਇਹ ਨਾਅਰਾ ਮਹਾਤਮਾ ਗਾਂਧੀ ਵੀ ਲਾਂਦੇ ਰਹੇ। ਉਹ ਕਹਿੰਦੇ ਸਨ ਜਦ ਮੈਂ ਕਿਸੇ ਦੇ ਘਰ ਵਿਚ ਪ੍ਰਵੇਸ਼ ਕਰਦਾ ਹਾਂ ਤੇ ਪ੍ਰਵੇਸ਼ ਕਰਦਿਆਂ ਹੀ ਪਤਾ ਚਲ ਜਾਂਦਾ ਹੈ ਕਿ ਕਿੰਨਾ ਕੁ ਭਗਤ ਹੋਵੇਗਾ, ਕਿਉਂਕਿ ਜਿਸ ਬੰਦੇ ਨੂੰ ਮਨ ਵਿਚ ਕਚਰਾ ਕੂੜਾ ਕਰਕਟ ਤੇ ਗੰਦਗੀ ਪਸੰਦ ਨਹੀਂ, ਉਹ ਬੰਦਾ ਆਪਣੇ ਘਰ ਦੇ ਵਿਚ, ਘਰ ਦੇ ਵਿਹੜੇ ਵਿਚ ਗੰਦਗੀ ਨੂੰ ਪਸੰਦ ਨਹੀਂ ਕਰੇਗਾ। ਜੋ ਆਪਣਾ ਮਨ ਸਾਫ਼ ਰੱਖਣਾ ਚਾਹੁੰਦਾ ਹੈ, ਤਨ ਸਾਫ਼ ਰੱਖਣਾ ਚਾਹੁੰਦਾ ਹੈ, ਉਹ ਆਪਣਾ ਘਰ ਕਤੱਈ ਗੰਦਾ ਨਹੀਂ ਰੱਖੇਗਾ। ਘਰ ਦੀ ਗੰਦਗੀ ਇਸ ਗੱਲ ਦਾ ਸਬੂਤ ਹੋਵੇਗੀ ਕਿ ਇਹਦਾ ਤਨ ਤੇ ਮਨ ਵੱਲ ਕੋਈ ਧਿਆਨ ਨਹੀਂ।

ਖ਼ੈਰ! ਇਹ ਤਾਂ ਉਸ ਨੇ ਸੁਭਾਵਿਕ ਹੀ ਗੱਲ ਆਖੀ ਹੈ। ਹਰ ਘਰ ਦੇ ਵਿਚ ਘਟ ਤੋਂ ਘਟ ਚਾਰ ਫੁੱਟ ਤਾਂ ਐਸੀ ਜਗ੍ਹਾ ਚਾਹੀਦੀ ਹੈ ਜਿਥੇ ਬੈਠ ਕੇ ਵਾਹਿਗੁਰੂ ਵਾਹਿਗੁਰੂ ਮੰਤਰ ਦਾ ਉਚਾਰਣ ਹੋਵੇ, ਬਾਣੀ ਦਾ ਪਾਠ ਹੋਵੇ। ਇਕ ਕਰਾਮਾਤੀ ਗੱਲ ਹੈ, ਜੇਕਰ ਰੋਜ਼ ਉਥੇ ਇਹੀ ਕਰਮ ਹੋਵੇ, ਦੂਸਰਾ ਕੋਈ ਕਰਮ ਨਾ ਹੋਵੇ। ਜਿਵੇਂ ਰਸੋਈ ਵਿਚ ਸਿਰਫ਼ ਭੋਜਨ ਹੀ ਬਣਾਉਣਾ ਹੈ, ਬਾਕੀ ਕੁਝ ਵੀ ਨਹੀਂ। ਇਸ ਤਰ੍ਹਾਂ ਦੋ ਚਾਰ ਫੁੱਟ ਜਗ੍ਹਾ ਹਰ ਘਰ ਵਿਚ ਹੋਵੇ ਤੇ ਹਰ ਘਰ ਦਾ ਬੰਦਾ ਸਿਰਫ਼ ਉਥੇ ਬੈਠ ਕੇ ਭਜਨ ਹੀ ਕਰੇ, ਹੋਰ ਕੁਝ ਨਹੀਂ ਤਾਂ ਯਕੀਨ ਜਾਣੋ ਉਹ ਜਗ੍ਹਾ ਸ਼ਕਤੀਸ਼ਾਲੀ ਹੋ ਜਾਏਗੀ, ਚਾਰਜ ਹੋ ਜਾਏਗੀ। ਦੁਸ਼ਟ ਤੋਂ ਦੁਸ਼ਟ ਬੰਦਾ ਵੀ ਜੇ ਕਿਧਰੇ ਉਥੇ ਬੈਠ ਗਿਆ ਤਾਂ ਉਹਦੀ ਜ਼ਬਾਨ ਵਿਚੋਂ ਵਾਹਿਗੁਰੂ ਨਿਕਲੇਗਾ। ਤੀਰਥਾਂ ਦੇ ਦਰਸ਼ਨ ਕਰਨ ਦੀ ਬਸ ਇਹੀ ਮਹਾਨਤਾ ਹੈ, ਕਿਉਂਕਿ ਉਥੇ ਕਿਸੇ ਨੇ ਜੱਪ ਤੱਪ ਬਹੁਤ ਜ਼ਿਆਦਾ ਕੀਤਾ ਹੈ ਤੇ ਜੱਪ ਤੱਪ ਦੇ ਪ੍ਰਭਾਵ ਨੂੰ ਜਾਰੀ ਰੱਖਣ ਵਾਸਤੇ ਜੱਪ ਤੱਪ ਜਾਰੀ ਹੈ। ਉਥੇ ਜਾਣ ਦਾ ਇਤਨਾ ਹੀ ਮਕਸਦ ਹੁੰਦਾ ਹੈ ਕਿ ਸਾਨੂੰ ਉਹ ਜਗ੍ਹਾ ਪ੍ਰਭਾਵਿਤ ਕਰੇ।

ਸ਼ਾਇਦ ਆਪ ਜੀ ਨੂੰ ਮੈਂ ਅਰਜ਼ ਕੀਤੀ ਹੈ ਕਿ ਨਹੀਂ ਕੀਤੀ। ਇਕ ਦਫ਼ਾ ਗਵਾਲੀਅਰ ਦੇ ਵਿਚ ਮੈਂ ਸੀ। ਇਕ ਸੱਜਣ ਨੇ ਮੈਨੂੰ ਕਿਹਾ ਗਿਆਨੀ ਜੀ! ਜੇ ਤੁਸੀਂ ਸਮਾਂ ਕੱਢੋ ਤਾਂ ਤੁਹਾਨੂੰ ਇਕ ਦੁਨੀਆਂ ਦਾ ਬਹੁਤ ਅਜੀਬੋ ਗ਼ਰੀਬ ਤੇ ਬੜਾ ਖ਼ੂਬਸੂਰਤ ਮੰਦਰ ਦਿਖਾਈਏ। ਮੈਂ ਕਿਹਾ ਜ਼ਰੂਰ ਦੇਖਾਂਗਾ। ਤੁਹਾਡੇ ਵਿਚੋਂ ਸ਼ਾਇਦ ਕੋਈ ਗਏ ਹੋਣਗੇ ਗਵਾਲੀਅਰ ਦੇ ਕਿਲ੍ਹੇ ਵਿਚ ਜਿਥੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਾਵਨ ਪਵਿੱਤਰ ਅਸਥਾਨ ਹੈ। ਮੈਂ ਉਸ ਦੇ ਨਾਲ ਗਿਆ। ਉਸ ਨੇ ਇਕ ਬਹੁਤ ਉੱਚਾ ਮੰਦਰ ਮੈਨੂੰ ਦਿਖਾਇਆ। ਜੋਧਪੁਰ ਦੇ ਲਾਲ ਪੱਥਰ ਦਾ ਉਹ ਬਣਿਆ ਹੋਇਆ ਅਤੇ ਸੰਗਤਰਾਸ਼ੀ ਦਾ ਅਜੀਬੋ ਗ਼ਰੀਬ ਨਮੂਨਾ ਹੈ। ਮਨੁੱਖ ਦੇ ਹੱਥ

ਪੱਥਰ ਦੇ ਵਿਚ ਇਤਨੀ ਜਾਨ ਪਾ ਸਕਦੇ ਹਨ, ਪੱਥਰ ਨੂੰ ਇਤਨੇ ਸੋਹਣੇ ਢੰਗ ਨਾਲ ਘੜ ਸਕਦੇ ਹਨ, ਇਹ ਉਸ ਮੰਦਰ ਨੂੰ ਵੇਖ ਕੇ ਪਤਾ ਚੱਲਦਾ ਹੈ। ਵਾਕਿਆ ਹੀ ਕਾਰੀਗਰੀ ਦਾ ਇਕ ਨਮੂਨਾ ਹੈ। ਕਾਰੀਗਰੀ ਦੀ ਇਕ ਕਰਾਮਾਤ ਹੈ। ਅੱਧਾ ਘੰਟਾ ਉਹ ਮੰਦਰ ਦੇਖਿਆ।

ਜਿਉਂ ਬਾਹਰ ਨਿਕਲੇ ਤਾਂ ਉਹ ਸੱਜਣ ਜੋ ਬੜਾ ਕਲਾਕਾਰ ਸੀ, ਬਹੁਤ ਅੱਛਾ ਕਵੀ ਅਤੇ ਦਾਰਸ਼ਨਿਕ ਸੀ, ਮੈਨੂੰ ਕਹਿਣ ਲੱਗਾ ਕਿ ਇਸ ਮੰਦਰ ਦੇ ਸਬੰਧ ਦੇ ਵਿਚ ਤੁਹਾਡੀ ਕੀ ਵਿਚਾਰ ਹੈ? ਮੈਂ ਕਿਹਾ ਬਹੁਤ ਸੋਹਣਾ ਸੰਨ 83 ਦਾ ਅਜੂਬਾ ਹੈ। ਕਲਾ ਦਾ ਇਕ ਖ਼ਾਸ ਨਮੂਨਾ ਹੈ, ਪਰ ਮਿੱਤਰਾ ਇਹ ਮੰਦਰ ਮੁਰਦਾ ਹੈ। ਮਰਿਆ ਹੋਇਆ ਹੈ। ਇਹ ਮੁਰਦਾ ਹੈ, ਇਹਦੇ ਵਿਚ ਜਿੰਦ ਜਾਨ ਕੋਈ ਨਹੀਂ। ਮੈਨੂੰ ਕਹਿਣ ਲੱਗਾ ਕਿ ਤੁਸੀਂ ਇਕ ਧਾਰਮਿਕ ਬੰਦੇ ਹੋ। ਸਵੇਰੇ ਸ਼ਾਮ ਕਥਾ ਕਰਦੇ ਹੋ ਤੇ ਧਾਰਮਿਕ ਮੰਦਰ ਬਾਰੇ ਤੁਹਾਡੀ ਇਹ ਰਾਏ? ਮੈਂ ਕਿਹਾ, ਮਿੱਤਰਾ! ਤੂੰ ਮੇਰੇ ਕੋਲੋਂ ਰਾਏ ਮੰਗੀ ਸੀ ਤੇ ਮੈਂ ਦੇ ਦਿੱਤੀ। ਸ਼ਾਇਦ ਨਾ ਮੰਗਦਾ ਤੇ ਮੈਂ ਚੁੱਪ ਰਹਿ ਜਾਂਦਾ, ਪਰ ਜਦ ਤੂੰ ਹੁਣ ਪੁੱਛਿਆ ਤਾਂ ਇਕ ਮੁਰਦੇ ਨੂੰ ਮੈਂ ਜਿਉਂਦਾ ਜਾਗਦਾ ਕਿਸ ਤਰ੍ਹਾਂ ਕਹਿ ਦੇਵਾਂ। ਕਹਿਣ ਲੱਗੇ ਇਹ ਤੁਹਾਨੂੰ ਮੁਰਦਾ ਕਿਸ ਤਰ੍ਹਾਂ ਦਿਖਾਈ ਦਿੱਤਾ ਹੈ?

ਮੈਂ ਕਿਹਾ ਕਬੂਤਰਾਂ ਇਥੇ ਵਿੱਠਾਂ ਕਰੀ ਫਿਰਦੀਆਂ ਹਨ। ਚਮਗਾਦੜਾਂ ਨੇ ਇਥੇ ਉਲਟੇ ਲਟਕ ਕੇ ਆਪਣੇ ਘਰ ਬਣਾਏ ਹੋਏ ਹਨ। ਲੱਗਦਾ ਹੈ ਸਦੀਆਂ ਤੋਂ ਇਥੇ ਕਿਸੇ ਨੇ ਝਾੜੂ ਵੀ ਨਹੀਂ ਦਿੱਤਾ ਹੋਣਾ। ਨਾ ਕੋਈ ਪੁਜਾਰੀ, ਨਾ ਕੋਈ ਭਜਨ, ਨਾ ਕੋਈ ਕੀਰਤਨ, ਨਾ ਕੋਈ ਮੰਤਰ ਦਾ ਜਾਪ, ਨਾ ਕੋਈ ਭਾਵਨਾ ਦੇ ਨਾਲ ਇਥੇ ਆਉਂਦਾ ਹੈ, ਨਾ ਕੋਈ ਸੱਜਦਾ, ਨਾ ਕੋਈ ਕਥਾ ਕੀਰਤਨ ਦੀ ਗੱਲ ਤਾਂ ਪੱਥਰਾਂ ਦੀ ਢੇਰੀ ਨੂੰ ਤੇ ਇੱਟਾਂ ਦੇ ਇਕੱਠ ਨੂੰ ਮੰਦਰ ਨਹੀਂ ਕਹਿੰਦੇ ਹੁੰਦੇ। ਜਿਵੇਂ ਕੋਈ ਬੋਲੇ ਤਾਂ ਬੋਲਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਜੀਉਂਦਾ ਬੰਦਾ ਹੈ। ਜੇ ਕਿਸੇ ਮੰਦਰ ਵਿਚੋਂ ਪ੍ਰਮਾਤਮਾ ਦੀ ਅਵਾਜ਼ ਪੈਦਾ ਹੋਵੇ। ਹਰ ਵਕਤ ਪ੍ਰਮਾਤਮਾ ਜਿਥੋਂ ਬੋਲੇ, ਉਹ ਤਾਂ ਜੀਉਂਦਾ ਜਾਗਦਾ ਮੰਦਰ ਹੈ ਪਰ ਇਹ ਤਾਂ ਮੁਰਦਾ ਮੰਦਰ ਹੈ। ਇਸ ਮੰਦਰ ਵਿਚ ਕੋਈ ਬੋਲ ਨਹੀਂ, ਕੋਈ ਅਵਾਜ਼ ਨਹੀਂ।

ਮੈਂ ਕਿਹਾ, ਦੁਨੀਆਂ ਵਿਚ ਉਹੀ ਮੰਦਰ ਜੀਂਦੇ ਹਨ ਜਿਥੇ ਬੈਠ ਕੇ ਕੁਝ ਅਭਿਆਸੀ ਗਾਇਨ ਕਰਦੇ ਹਨ। ਸਤਿ ਸੰਗੀ ਕੁਝ ਸੁਣਦੇ ਹਨ। ਕਈ ਮੰਦਰ ਪ੍ਰਿਥਵੀ ਦੇ ਉੱਤੇ ਐਸੇ ਹਨ ਜੋ ਅੱਧਾ ਘੰਟਾ ਬੋਲਦੇ ਹਨ, ਸਾਡੇ ਤੇਈ ਘੰਟੇ ਚੁੱਪ ਰਹਿੰਦੇ ਹਨ। ਕੁਝ ਮੰਦਰ ਐਸੇ ਹਨ, ਇਕ ਘੰਟਾ ਬੋਲਦੇ ਹਨ, ਦੋ ਘੰਟੇ ਬੋਲਦੇ ਹਨ, ਥੋੜੀ ਜਾਨ ਹੈ। ਰੂਹੇ ਜ਼ਮੀਨ ਦੇ ਉੱਤੇ ਇਕੋ ਇਕ ਮੰਦਰ ਹੈ ਹਰੀਮੰਦਰ ਤੁਹਾਡੇ ਸਾਹਮਣੇ। ਇਹ 24 ਘੰਟੇ ਬੋਲਦਾ ਹੈ। ਇਥੇ 24 ਘੰਟੇ ਸਦਾ ਜ਼ਿੰਦਗੀ ਰਹਿੰਦੀ ਹੈ। ਮੁਰਦਿਆਂ ਨੂੰ ਖ਼ਤਰਾ ਨਹੀਂ ਹੁੰਦਾ, ਜੀਵਦਿਆਂ ਨੂੰ ਹੀ ਖ਼ਤਰਾ ਹੁੰਦਾ ਹੈ। ਕਦੀ ਤੁਸੀਂ ਦੇਖਿਆ ਹੈ ਮੁਰਦੇ ਨੂੰ ਕੋਈ ਖ਼ਤਰਾ। ਭਾਵੇ ਅੱਗ ਲੱਗ ਜਾਏ, ਕੋਈ ਹੜ੍ਹ ਆ ਜਾਏ, ਮੁਰਦੇ ਨੂੰ ਖ਼ਤਰਾ ਨਹੀਂ ਹੈ। ਇਹ ਸਾਰੇ ਖ਼ਤਰੇ ਜੀਉਂਦੇ ਜਾਗਦੇ ਲਈ ਹਨ। ਜਿਥੇ ਜਿਤਨੀ ਜ਼ਿਆਦਾ ਜ਼ਿੰਦਗੀ ਹੋਵੇਗੀ, ਉਥੇ ਉਤਨਾ ਹੀ ਜ਼ਿਆਦਾ ਖ਼ਤਰਾ ਹੋਵੇਗਾ। ਜਿਸ

ਦਿਨ ਦਾ ਇਹ ਮੰਦਰ ਬਣਿਆ ਹੈ, ਉਸ ਦਿਨ ਦਾ ਹੀ ਖ਼ਤਰੇ ਵਿਚ ਹੈ, ਕਿਉਂਕਿ ਜ਼ਿੰਦਗੀ ਹੈ, ਜੀਵਨ ਹੈ। ਇਥੇ ਹਰਕਤ ਹੈ, ਇਥੇ ਪ੍ਰਾਣ ਹਨ। ਇਥੇ ਦਿਲ ਧੜਕਦਾ ਪਿਆ ਹੈ। ਇਥੇ ਰਸਨਾ ਬੋਲਦੀ ਪਈ ਹੈ, ਇਥੇ ਪ੍ਰੇਰਨਾ ਮਿਲਦੀ ਪਈ ਹੈ।

ਲੱਖਾਂ ਐਸੇ ਮਨੁੱਖਾਂ ਦਾ ਇਹ ਅਨੁਭਵ ਹੈ ਜੋ ਕਹਿੰਦੇ ਹਨ ਕਿ ਗਿਆਨੀ ਜੀ! ਪ੍ਰਕਰਮਾ ਦੀ ਵਾਇਬਰੇਸ਼ਨ ਹੀ ਐਸੀ ਹੈ, ਥੋੜੀ ਜਿਹਾ ਹੀ ਕੋਈ ਸਿਦਕ ਦਿਲੀ ਨਾਲ ਆਉਂਦਾ ਹੈ ਤਾਂ ਉਹਦਾ ਸੰਬੰਧ ਜੁੜ ਜਾਂਦਾ ਹੈ। ਉਹਨੂੰ ਕੋਈ ਸਕੂਨ ਮਿਲਦਾ ਹੈ। ਉਹਨੂੰ ਸ਼ਾਂਤੀ ਮਿਲਦੀ ਹੈ ਤੇ ਕਹਿਣਾ ਹੀ ਪੈਂਦਾ ਹੈ ਕਿ ਜੀਉਂਦਾ ਜਾਗਦਾ ਮੰਦਰ ਹੈ। ਅੱਠੇ ਪਹਿਰ ਪਿਆ ਬੋਲਦਾ ਹੈ। ਉਹਨੂੰ ਮੈਂ ਕਿਹਾ ਕਿ ਕਲਾ ਦਾ ਨਮੂਨਾ ਬਹੁਤ ਸੋਹਣਾ ਹੈ। ਸੰਨ 83 ਦਾ ਇਕ ਅਜੂਬਾ ਹੈ ਪਰ ਇਸ ਨੂੰ ਇਕ ਮਹਿਲ ਆਖ ਸਕਦੇ ਹਾਂ, ਇਕ ਮਕਾਨ ਕਹਿ ਸਕਦੇ ਹਾਂ, ਇਹ ਪ੍ਰਭੂ ਦਾ ਮੰਦਰ ਨਹੀਂ ਹੈ। ਇਹਦੇ ਵਿਚ ਪ੍ਰਭੂ ਬੋਲਦਾ ਹੀ ਨਹੀਂ। ਇਹਦੇ ਵਿਚ ਪ੍ਰਮਾਤਮਾ ਬੋਲਦਾ ਹੀ ਨਹੀਂ। ਇਹਦੇ ਵਿਚ ਕਬੂਤਰਾਂ ਪਈਆਂ ਬੋਲਦੀਆਂ ਹਨ ਜਾਂ ਚਮਗਾਦੜ ਚਹਿਚਹਾ ਰਹੇ ਹਨ, ਵਿੱਠਾਂ ਪਏ ਕਰਦੇ ਹਨ। ਇਥੇ ਤਾਂ ਪ੍ਰਮਾਤਮਾ ਬੋਲਦਾ ਹੀ ਨਹੀਂ ਪਿਆ ਤੇ ਜਿਥੇ ਪ੍ਰਮਾਤਮਾ ਬੋਲ ਹੀ ਨਹੀਂ ਰਿਹਾ, ਉਹਨੂੰ ਪ੍ਰਮਾਤਮਾ ਦਾ ਮੰਦਰ ਆਖਣ ਦੀ ਲੋੜ ਕੀ ਹੈ?

ਉਹ ਸਜਣ ਦਾਰਸ਼ਨਿਕ ਸੀ, ਕਵੀ ਸੀ। ਆਮ ਬੰਦਾ ਹੁੰਦਾ ਤਾਂ ਹੋ ਸਕਦਾ ਹੈ ਮੇਰੇ ਨਾਲ ਔਖਾ ਹੁੰਦਾ, ਪਰ ਸਿਆਣਾ ਸੀ। ਕਹਿਣ ਲੱਗਾ, ਗਿਆਨੀ ਜੀ! ਤੁਹਾਡੀ ਗੱਲ ਸਮਝ ਵਿਚ ਆਈ ਹੈ। ਤੁਸੀਂ ਠੀਕ ਆਖਦੇ ਹੋ। ਜਿਥੇ ਕੋਈ ਰੱਬ ਦੀ ਚਰਚਾ ਨਾ ਹੋਵੇ, ਕੋਈ ਗਾਇਨ ਨਾ ਹੋਵੇ, ਕੋਈ ਸੁਣਨਾ ਨਾ ਹੋਵੇ, ਉਹਨਾਂ ਇੱਟਾਂ ਦੀ ਢੇਰੀ ਨੂੰ ਮੰਦਰ ਥੋੜੀ ਆਖਾਂਗੇ। ਸੋ ਮੈਂ ਅਰਜ਼ ਕਰਾਂ, ਜਿਥੇ ਬੈਠ ਕੇ ਨਾਮ ਜੱਪੀਏ, ਜੱਪਦਿਆਂ-ਜੱਪਦਿਆਂ ਉਹ ਜਗ੍ਹਾ ਸ਼ਕਤੀਸ਼ਾਲੀ ਹੋ ਜਾਂਦੀ ਹੈ। ਭਗਤ ਕਬੀਰ ਨੇ ਆਪਣੇ ਇਕ ਪਾਵਨ ਪਵਿੱਤਰ ਸਲੋਕ ਰਾਹੀਂ ਐਸਾ ਕਹਿ ਦਿੱਤਾ ਕਿ–

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥

(ਅੰਗ ੯੬੫)

ਜਿਸ ਥਾਂ ਸਤਿਸੰਗ ਹੋ ਰਿਹਾ ਹੈ ਤੇ ਸਾਧਨਾ ਕਰਨ ਵਾਲੇ ਸਾਧਕ ਬੈਠੇ ਹਨ ਤੇ ਪ੍ਰਭੂ ਨਾਮ ਦਾ ਉਚਾਰਣ ਕਰ ਰਹੇ ਹਨ ਤੇ ਸੁਣ ਰਹੇ ਹਨ, ਜੇਕਰ ਉਥੇ ਇਕ ਚੋਰ ਆ ਜਾਏ ਤਾਂ ਉਹਦਾ ਵੀ ਮਨ ਬਦਲ ਜਾਏਗਾ। ਚੋਰ ਵੀ ਸਾਧੂ ਹੋ ਜਾਏਗਾ। ਸਭ ਤੋਂ ਵੱਡਾ ਪਾਪ ਹੁੰਦਾ ਹੈ ਧਾਰਮਿਕ ਮੰਦਰ ਵਿਚ ਕੋਈ ਦੁਨਿਆਵੀ ਗੱਲ ਕਰਨੀ। ਮੈਂ ਤਾਂ ਕਈ ਦਫ਼ਾ ਦੇਖਦਾ ਹਾਂ, ਕਈ ਯਾਤਰੂ ਪੁੰਨ ਤੇ ਇਥੇ ਬਹੁਤ ਘੱਟ ਕਰਦੇ ਹਨ, ਪਾਪ ਬਹੁਤ ਜ਼ਿਆਦਾ ਕਰਦੇ ਹਨ। ਪ੍ਰਕਰਮਾ ਵਿਚ ਜਾ ਰਹੇ ਹਨ, ਪਰਿਵਾਰ ਦੀ ਗੱਲ, ਬਜ਼ਾਰ ਦੀ ਗੱਲ। ਪੁਰਖਾ! ਬਜ਼ਾਰ ਦੀ ਗੱਲ ਬਜ਼ਾਰ

ਵਿੱਚ ਕਰ ਲੈ। ਪਰਿਵਾਰ ਦੀ ਗੱਲ ਪਰਿਵਾਰ ਵਿਚ ਕਰ ਲੈ। ਇਥੇ ਆਣ ਕੇ ਗੁਰੂ ਨਾਨਕ ਦੀ ਗੱਲ, ਗੁਰੂ ਅਰਜਨ ਦੇਵ ਜੀ ਦੀ ਗੱਲ ਕਰ। ਬਜ਼ਾਰ ਦੀਆਂ ਗੱਲਾਂ ਪ੍ਰਕਰਮਾ ਵਿਚ, ਪਰਿਵਾਰ ਦੀਆਂ ਗੱਲਾਂ ਪ੍ਰਕਰਮਾ ਵਿਚ, ਠੱਠੇ ਮਜ਼ਾਕ ਪ੍ਰਕਰਮਾ ਵਿਚ ਤਾਂ ਖ਼ਿਆਲ ਆਉਂਦਾ ਹੈ ਕਿ ਪੁੰਨ ਤਾਂ ਕੋਈ ਕਮਾਇਆ ਨਹੀਂ, ਪਾਪ ਦੀ ਪੰਡ ਸਿਰ ਦੇ ਉੱਤੇ ਚੁੱਕਦੇ ਪਏ ਹਨ। ਬੋਝ ਪਾਈ ਜਾਂਦੇ ਹਨ। ਕਿਸੇ ਪਵਿੱਤਰ ਅਸਥਾਨ ਦੇ ਵਿਚ ਇਸ ਤਰ੍ਹਾਂ ਦੁਨੀਆਵੀ ਗੱਲਾਂ ਕਰਨੀਆਂ ਉਸ ਪਵਿੱਤਰ ਵਾਇਬਰੇਸ਼ਨ ਨੂੰ ਕੱਟਣ ਵਾਲੀ ਗੱਲ ਹੈ।

ਖ਼ੈਰ! ਅੱਜ ਦਾ ਜੋ ਪਾਵਨ ਪਵਿੱਤਰ ਵਾਕ ਆਇਆ ਹੈ, ਉਸ ਵਿਚ ਸਤਿਸੰਗਿ ਦੀ ਮਹਿਮਾ ਹੈ। ਸਾਧੂ ਸੰਗਤ ਦੀ ਮਹਿਮਾ ਹੈ। ਗੁਰੂ ਸੰਗਤ ਦੀ ਮਹਿਮਾ ਹੈ ਅਤੇ ਜਿਸ ਢੰਗ ਨਾਲ ਇਹ ਮਹਿਮਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਿਆਨ ਕੀਤੀ ਹੈ, ਪਦੇ ਚਾਰ ਹਨ, ਸਿਲਸਿਲੇਵਾਰ ਅੱਖਰੀ ਅਰਥ ਕਰਦਿਆਂ ਵੀ ਕਾਫ਼ੀ ਸਮਾਂ ਲੱਗਣਾ ਹੈ, ਇਸ ਵਾਸਤੇ ਮੈਂ ਹੋਰ ਬਹੁਤਾ ਵਿਸਥਾਰ ਨਾ ਕਰਾਂ। ਆਪ ਅੱਖਰੀ ਅਰਥ ਸਰਵਨ ਕਰਨ ਦੀ ਕ੍ਰਿਪਾਲਤਾ ਕਰਨੀ।

ਇਕ ਦਫ਼ਾ ਪਿਆਰ ਨਾਲ ਆਖੋ ਸਤਿਨਾਮ ਸ੍ਰੀ ਵਾਹਿਗੁਰੂ !

ਧਨਾਸਰੀ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ॥

ਗੁਰੂ ਘਰ ਦਾ ਇਹ ਮੰਗਲਾ ਚਰਨ ਹੈ। ਧਨਾਸਰੀ ਰਾਗ ਦੇ ਅੰਦਰ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਉਚਾਰਣ ਕੀਤਾ ਹੋਇਆ ਇਹ ਵਾਕ ੴ ਸਤਿਗੁਰ ਪ੍ਰਸਾਦਿ॥ ਗੁਰ ਪ੍ਰਸਾਦਿ ਦੇ ਉੱਤੇ ਚਾਹੇ ਛੋਟਾ ਮੰਗਲ ਹੈ, ਚਾਹੇ ਵੱਡਾ ਮੰਗਲ ਹੈ। ਚਾਹੇ ਛੋਟੇ ਰੂਪ ਦੇ ਵਿਚ ਮੂਲ ਮੰਤਰ ਹੈ, ਚਾਹੇ ਵੱਡੇ ਰੂਪ ਦੇ ਵਿਚ ਮੂਲ ਮੰਤਰ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਆਉਂਦਾ ਹੈ। ਇਥੇ ਉਹ ਮੋਹਰ ਲਾ ਦੇਂਦੇ ਹਨ ਅਤੇ ਇਹ ਸੈਂਕੜੇ ਥਾਵਾਂ ਵਿਚ ਤਾਂ ਛੋਟੇ ਰੂਪ ਵਿਚ ਆਇਆ ਹੈ ੴ ਗੁਰ ਪ੍ਰਸਾਦਿ॥ ਪਰ ਲਗਭਗ ਬੱਤੀ ਚੌਂਤੀ ਦਫ਼ਾ ਵੱਡੇ ਰੂਪ ਵਿਚ ਆਇਆ ਹੈ-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਡੇ ਗੁਰੂ ਹਨ। ਬਾਰ ਬਾਰ ਇਹ ਮੂਲ ਮੰਤਰ ਇਸ ਢੰਗ ਨਾਲ ਆਇਆ ਹੈ ਤਾਂ ਸਾਹਿਬ ਇਥੇ ਕਹਿੰਦੇ ਹਨ ਉਹ ਅਕਾਲ ਪੁਰਖ ਇਕ ਹੈ। ਉਸ ਤੋਂ ਉੱਤਪਤੀ ਹੋ ਰਹੀ ਹੈ, ਪਾਲਣਾ ਹੋ ਰਹੀ ਹੈ, ਨਾਸ ਹੋ ਰਿਹਾ ਹੈ। ਉਹ ਸਤਿ ਸਰੂਪ ਹੈ। ਉਹ ਗੁਰੂ ਹੈ। ਪ੍ਰਕਾਸ਼ ਦੇਣ ਵਾਲਾ ਹੈ। ਅਧਿਆਤਮਕ ਚਾਨਣਾ ਦੇਣ ਵਾਲਾ ਹੈ ਅਤੇ ਪ੍ਰਸਾਦਿ ਹੈ, ਉਹ ਦਿਆਲੂ ਹੈ, ਦਇਆ ਦੀ ਮੂਰਤੀ ਹੈ। ਦਇਆ ਦਾ ਸਾਗਰ ਹੈ। ਪ੍ਰਸਾਦਿ 'ਤੇ ਗੱਲ ਬਾਰ ਬਾਰ ਮੁਕਾਈ ਹੈ। ਅਰੰਭਤਾ ਇਕ ਤੋਂ ਅਤੇ ਸਮਾਪਤੀ ਪ੍ਰਸਾਦਿ 'ਤੇ। ਉਹ ਜੋ ਇਕ ਹੈ ਉਹਦੇ ਸਾਰੇ ਗੁਣ ਦੱਸਦੇ ਹੋਏ ਫਿਰ ਸਤਿਗੁਰੂ ਕਹਿੰਦੇ ਹਨ ਪ੍ਰਸਾਦਿ, ਉਹ ਤਾਂ ਕਰੁਣਾ ਹੈ,

ਉਹ ਤਾਂ ਦਇਆ ਹੈ। ਉਹ ਤਾਂ ਬਖ਼ਸ਼ਿਸ਼ ਹੈ। ਉਹ ਤਾਂ ਰਹਿਮਤ ਹੈ। ਉਹ ਤਾਂ ਕ੍ਰਿਪਾ ਹੈ।

ਅੰਦਾਜ਼ਾ ਲਾਇਆ ਹੈ ਇਕ ਸੂਫ਼ੀ ਫ਼ਕੀਰ ਨੇ। ਉਹ ਕਹਿੰਦਾ ਹੈ ਮੇਰੇ ਮਨ ਵਿਚ ਇਕ ਖ਼ਿਆਲ ਪੈਦਾ ਹੋਇਆ ਕਿ ਪ੍ਰਮਾਤਮਾ ਵਿਚ ਦਇਆ ਕਿਤਨੀ ਹੈ, ਰਹਿਮਤ ਕਿਤਨੀ ਹੈ, ਪ੍ਰਸਾਦਿ ਕਿਤਨਾ ਹੈ, ਮੈਂ ਇਹਨੂੰ ਜ਼ਰਾ ਨਾਪ ਤੋਲ ਲਵਾਂ। ਕਹਿੰਦਾ ਹੈ, ਐ ਖ਼ੁਦਾ! ਤੇਰੀ ਕਰੁਣਾ ਨਾਪਣ ਲਈ ਮੈਂ ਤੇਰੇ ਇਮਤਿਹਾਨ ਦੇ ਤੌਰ 'ਤੇ ਸੌ ਸਾਲ ਤੱਕ ਗੁਨਾਹ ਕਰਾਂਗਾ ਅਤੇ ਹਰ ਤਰ੍ਹਾਂ ਦੇ ਗੁਨਾਹ ਕਰਾਂਗਾ। ਸੌ ਸਾਲ ਤੱਕ ਜ਼ਿੰਦਾ ਰਿਹਾ, ਜੇਕਰ ਤੂੰ ਮੈਨੂੰ ਇਤਨੀ ਜ਼ਿੰਦਗੀ ਦਿੱਤੀ ਤਾਂ ਮੈਂ ਜਾਣ ਬੁੱਝ ਕੇ ਗੁਨਾਹ ਕਰਨੇ ਹਨ ਅਤੇ ਹਰ ਤਰ੍ਹਾਂ ਦੇ ਪਾਪ ਕਰਨੇ ਹਨ। ਫਿਰ ਇਕ ਪਲੜੇ ਦੇ ਵਿਚ ਮੈਂ ਆਪਣੇ ਸੌ ਸਾਲ ਦੇ ਗੁਨਾਹ ਰੱਖਾਂਗਾ ਤੇ ਦੂਸਰੇ ਪਲੜੇ ਦੇ ਵਿਚ ਤੇਰੀ ਇਕ ਪਲ ਦੀ ਰਹਿਮਤ ਰੱਖਾਂਗਾ। ਮੈਂ ਤੋਲਾਂਗਾ। ਹੇ ਖ਼ੁਦਾ! ਮੈਨੂੰ ਇੰਝ ਜਾਪਦਾ ਹੈ, ਮੇਰੇ ਸੌ ਸਾਲ ਦੇ ਗੁਨਾਹ ਹੀ ਇਕ ਪੱਲ ਦੀ ਰਹਿਮਤ ਦੇ ਸਾਹਮਣੇ ਕੁਝ ਵੀ ਨਹੀਂ। ਤੇਰੀ ਰਹਿਮਤ ਇਤਨੀ ਮਹਾਨ ਹੈ ਕਿ ਤੇਰੀ ਇਕ ਪੱਲ ਦੀ ਰਹਿਮਤ ਸੌ ਸਾਲਾਂ ਦੇ ਗੁਨਾਹਾਂ ਨੂੰ ਵੀ ਮਿਟਾ ਦੇਂਦੀ ਹੈ, ਖ਼ਤਮ ਕਰ ਦੇਂਦੀ ਹੈ। ਤੂੰ ਇਤਨਾ ਬਖ਼ਸ਼ਿੰਦ ਹੈਂ, ਤੂੰ ਇਤਨਾ ਰਹਿਮਤ ਦਾ ਸਾਗਰ ਹੈਂ। ਇਕ ਉਸਤਾਦ ਸ਼ਾਇਰ ਕਹਿੰਦੇ ਹਨ–

ਕ੍ਰਿਸ਼ਮਾ ਰਹਿਮਤੇ ਸ਼ਾਹ ਕਾ ਜਬ ਦੇਖਾ ਹਸ਼ਰ ਨੇ।
ਚੀਕ ਉਠਾ ਹਰ ਬੇਗੁਨਾਹ ਮੈਂ ਭੀ ਗੁਨਾਹਗਾਰੋਂ ਮੇਂ।

ਜਦ ਉਸ ਦੀ ਬਖ਼ਸ਼ਿਸ਼ ਦੇਖੀ। ਜਦ ਉਸ ਦੀ ਰਹਿਮਤ ਦੇਖੀ। ਜਦ ਉਸ ਦੀ ਕਰੁਣਾ ਦੇਖੀ ਤਾਂ ਹਰ ਬੇਗੁਨਾਹ ਬੰਦਾ ਜਿਸ ਨੇ ਕਦੀ ਗੁਨਾਹ ਨਹੀਂ ਕੀਤੇ ਸਨ, ਉਹ ਵੀ ਹੱਥ ਜੋੜ ਕੇ ਕਹਿਣ ਲੱਗਾ, ਖ਼ੁਦਾ! ਅਸੀਂ ਵੀ ਗੁਨਾਹਗਾਰ ਹਾਂ। ਅਸੀਂ ਵੀ ਪਾਪੀ ਹਾਂ। ਤੂੰ ਇਤਨਾ ਬਖ਼ਸ਼ਿੰਦ ਹੈਂ, ਤੂੰ ਇਤਨਾ ਕਰੁਣਾ ਦਾ ਸਾਗਰ ਹੈਂ, ਤੂੰ ਇਤਨਾ ਪ੍ਰਸਾਦਿ ਹੈਂ, ਤੂੰ ਇਤਨਾ ਦਇਆ ਦੀ ਮੂਰਤੀ ਹੈਂ। ਸੋ ਬਾਰ ਬਾਰ ਅਕਾਲ ਪੁਰਖ ਦੇ ਇਹਨਾਂ ਦੈਵੀ ਗੁਣਾਂ ਨੂੰ ਮੂਲ ਮੰਤਰ ਦੇ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਵਿਚ ਸਾਡੇ ਸਾਹਮਣੇ ਰੱਖਿਆ ਗਿਆ ਤਾਂਕਿ ਚੇਤੇ ਰਹੇ ਕਿ ਇਹ ਉਸ ਅਕਾਲ ਪੁਰਖ ਦੇ ਬੁਨਿਆਦੀ ਗੁਣ ਹਨ। ਇਹ ਉਸ ਅਕਾਲ ਪੁਰਖ ਦੇ ਦੈਵੀ ਗੁਣ ਹਨ।

ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ॥

ਦੀਨਾਂ ਦਾ ਰੱਖਿਅਕ ਤੇ ਦਇਆ ਦੀ ਮੂਰਤੀ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਹਨ ਜਿੰਨ੍ਹਾਂ ਦੀ ਸੰਗਤ ਵਿਚ ਬੈਠ ਕੇ ਅਕਾਲ ਪੁਰਖ ਦਾ ਗਾਇਨ ਅਰੰਭ ਕੀਤਾ। ਉਹਦੀ ਸਿਫਤੋ-ਸਲਾਹ ਗਾਇਨ ਕੀਤੀ। ਦਰਅਸਲ ਗੁਰਬਾਣੀ ਤੋਂ ਬਿਨਾਂ ਕਿਸ ਤਰ੍ਹਾਂ ਗਾਇਨ ਕਰੋਗੇ ਕਿ ਉਸ ਦੇ ਗੁਣ ਕੀ ਹਨ। ਗੁਰੂ ਸ਼ਬਦ ਤੋਂ ਹੀ ਬੋਧ ਮਿਲੇਗਾ। ਆਪਣੇ ਬੋਲ ਬੜੇ ਕਮਜ਼ੋਰ ਹਨ। ਆਪਣੀ ਜ਼ਬਾਨ ਬੜੀ ਕਮਜ਼ੋਰ ਹੈ। ਸਾਡੇ ਬੋਲ ਪਹੁੰਚਣ ਵੀ ਨਹੀਂ ਲੱਗੇ।

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥

ਕੀ ਬੋਲੀਏ ਜਿਸ ਨੂੰ ਸੁਣਕੇ ਪਿਆਰ ਪਾਵੇ, ਖ਼ੁਸ਼ ਹੋਵੇ ਤੇ ਪ੍ਰਸੰਨਤਾ ਜ਼ਾਹਿਰ ਕਰੇ। ਸਾਡੀ ਜ਼ਬਾਨ ਛੋਟੀ, ਸਾਡੇ ਬੋਲ ਛੋਟੇ। ਆਤਮ ਅਭਿਆਸੀ ਤਾਂ ਕਹਿੰਦੇ ਹਨ ਕਿ ਖਸਮ ਨੂੰ ਕੋਈ ਪ੍ਰਸੰਨ ਕਰ ਸਕਦਾ ਹੈ। ਖਸਮ ਦੇ ਬੋਲਾਂ ਨਾਲ ਪ੍ਰਮਾਤਮਾ ਤੱਕ ਕੋਈ ਪਹੁੰਚ ਸਕਦਾ ਹੈ ਤਾਂ ਪ੍ਰਮਾਤਮਾ ਦੇ ਹੀ ਬੋਲਾਂ ਨਾਲ, ਆਪਣੇ ਬੋਲਾਂ ਨਾਲ ਨਹੀਂ। ਪ੍ਰਮਾਤਮਾ ਤੱਕ ਕੋਈ ਪਹੁੰਚ ਸਕਦਾ ਹੈ ਤਾਂ ਪ੍ਰਮਾਤਮਾ ਦੇ ਹੀ ਪੈਰਾਂ ਨਾਲ, ਆਪਣੇ ਪੈਰਾਂ ਨਾਲ ਨਹੀਂ। ਪ੍ਰਮਾਤਮਾ ਦਾ ਕੋਈ ਦਾਮਨ ਪਕੜ ਸਕਦਾ ਹੈ ਤਾਂ ਪ੍ਰਮਾਤਮਾ ਦੇ ਹੱਥਾਂ ਨਾਲ, ਆਪਣੇ ਹੱਥਾਂ ਨਾਲ ਨਹੀਂ। ਕਹਿਣ ਦਾ ਜਿਹੜਾ ਇਹ ਢੰਗ ਹੈ, ਇਹ ਬੋਲ ਤਾਂ ਸਾਰੇ ਖਸਮ ਦੇ ਹਨ-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਅੰਗ ੭੨੨)

ਖਸਮ ਦੇ ਬੋਲ ਹੀ ਖਸਮ ਤੱਕ ਪਹੁੰਚਾਣਗੇ। ਪੁਰਖਾ! ਤੂੰ ਆਪ ਜਿਤਨਾ ਵੀ ਸਿਆਣਾ ਹੋਵੇਂ ਤੇਰੇ ਬੋਲ ਵੱਧ ਤੋਂ ਵੱਧ ਥੋੜ੍ਹੀ ਜਿਹੀ ਦੂਰੀ 'ਤੇ ਜਾਣਗੇ। ਥੋੜ੍ਹੀ ਜਿਹੀ ਬੁਲੰਦੀ 'ਤੇ ਜਾਣਗੇ ਫਿਰ ਬੁੱਝਣਗੇ। ਕਿਤਨੀ ਮਹਾਨ ਕਵਿਤਾ ਹੋਵੇ, ਸ਼ਾਇਰ ਹੋਵੇ ਪਰ ਖਿਮਾ ਕਰਨੀ, ਫਿਰ ਵੀ ਉਹਦੀ ਬੁਲੰਦੀ ਦੀ ਆਪਣੀ ਸੀਮਾ ਹੈ, ਥੱਲੇ ਗਿਰ ਜਾਂਦੀ ਹੈ ਅਤੇ ਉਹਦਾ ਪ੍ਰਤੱਖਸ਼ ਰੂਪ ਇਹ ਹੈ ਕਿ ਜੇਕਰ ਕੋਈ ਇਕ ਕਵੀ ਤੁਹਾਨੂੰ ਇਹ ਆਖੇ ਕਿ ਸੁਣਾਈ ਹੋਈ ਕਵਿਤਾ ਇਹ ਤੁਹਾਨੂੰ ਮੈਂ ਦੁਬਾਰਾ ਸੁਣਾਉਣ ਲੱਗਾ ਹਾਂ ਤਾਂ ਅੱਧਾ ਰੱਸ ਤਾਂ ਖੋਹ ਗਿਆ। ਹੁਣ ਉਹ ਫਿਰ ਤੁਹਾਨੂੰ ਆਖੇ ਕਿ ਮੈਂ ਤੀਜੀ ਵਾਰ ਸੁਣਾਉਣ ਲੱਗਾ ਹਾਂ ਤਾਂ ਬਹੁਤ ਸਾਰੇ ਰੱਸ ਖੋਹੇ ਗਏ। ਨੱਬੇ ਫ਼ੀਸਦੀ ਖੋਹੇ ਗਏ। ਥੋੜ੍ਹਾ ਜਿਹਾ ਬੱਚ ਗਿਆ ਤਾਂ ਉਹ ਢੀਠਪਣੇ 'ਤੇ ਉਤਰ ਆਵੇ ਤੇ ਆਖੇ ਕਿ ਹੁਣ ਮੈਂ ਤੁਹਾਨੂੰ ਚੌਥੀ ਵਾਰ ਸੁਣਾਣੀ ਹੈ ਤਾਂ ਸਾਰਾ ਰੱਸ ਖੋਹ ਗਿਆ। ਕਿਸੇ ਨੇ ਵੀ ਨਹੀਂ ਸੁਣਨੀ। ਜੇ ਹੋਰ ਢੀਠ ਹੋ ਜਾਏ ਤੇ ਆਖੇ ਹੁਣ ਮੈਂ ਤੁਹਾਨੂੰ ਪੰਜਵੀਂ ਵਾਰ ਸੁਣਾਣੀ ਹੈ ਤਾਂ ਸ਼ਾਇਦ ਤੁਸੀਂ ਵੀ ਆਖੋਗੇ ਕਿ ਠੀਕ ਹੈ ਫਿਰ ਹੁਣ ਤੂੰ ਦੀਵਾਰਾਂ ਨੂੰ ਹੀ ਸੁਣਾ। ਅਸੀਂ ਚਲੇ ਹਾਂ। ਗੱਲ ਖੋਹ ਗਈ। ਜਿਸ ਕਵਿਤਾ ਨੂੰ ਪੰਜਵੀਂ ਵਾਰ ਸੁਣਦਿਆਂ ਹੀ ਰੱਸ ਖੋਹ ਜਾਏ, ਅਨੰਦ ਖੋਹ ਜਾਏ, ਉਸ ਕਵਿਤਾ ਦੀ ਪਰਵਾਜ਼ ਕੋਈ ਬਹੁਤ ਉੱਚੀ ਨਹੀਂ ਸੀ। ਜਿਸ ਬੋਲ ਨੂੰ ਪੜ੍ਹੀਏ, ਜੱਪੀਏ, ਸੁਣੀਏ, ਨਾ ਉਹ ਕਦੀ ਪੁਰਾਣਾ ਹੋਵੇ, ਨਾ ਓਹਦਾ ਕਦੀ ਰੱਸ ਘਟੇ, ਬਸ ਉਹੀ ਖਸਮ ਦੇ ਬੋਲ ਹਨ।

ਸਦੀਆਂ ਤੋਂ ਭਗਤ ਜਨ ਸਤਿਗੁਰੂ ਦੀ ਇਸ ਪਾਵਨ ਬਾਣੀ ਨੂੰ ਪੜ੍ਹਦੇ ਪਏ ਹਨ। ਅਭਿਆਸੀ ਕਹਿੰਦੇ ਹਨ ਕਿ ਜੋ ਅੱਜ ਪੜ੍ਹਨ ਦਾ ਅਨੰਦ ਆਇਆ, ਕੱਲ ਹੋਰ ਆਇਆ, ਪਰਸੋਂ ਹੋਰ ਆਇਆ। ਅਨੰਦ ਵਧਿਆ, ਰੱਸ ਵਧਿਆ ਹੈ, ਘਟਿਆ ਨਹੀਂ ਹੈ ਅਤੇ ਜੇ ਰੱਸ ਵੱਧਦਾ ਗਿਆ ਤਾਂ ਪਰਮ ਰੱਸਾਂ ਦੀ ਥਾਂ ਜੋ ਪ੍ਰਮਾਤਮਾ ਹੈ ਇਕ ਦਿਨ ਸੁਰਤ ਉਥੇ ਪਹੁੰਚ ਜਾਂਦੀ ਹੈ ਤੇ ਖਸਮ ਦੇ ਬੋਲ ਹੀ ਖਸਮ ਤੱਕ ਪਹੁੰਚਾਣਗੇ।

ਇਤਨੀ ਮੈਂ ਅਰਜ਼ ਕਰਾਂ, ਗੁਰੂ-ਸ਼ਬਦ ਕੀ ਹੈ? ਪ੍ਰਭੂ ਦੇ ਬੋਲ। ਇਸ ਨੂੰ ਮੈਂ ਅਕਸਰ ਇੰਝ ਬਿਆਨ ਕਰਦਾ ਹੁੰਦਾ ਹਾਂ ਕਿ ਸਾਗਰ ਜਦ ਰਹਿਮਤ ਦੇ ਘਰ ਵਿਚ ਆਉਂਦਾ ਹੈ ਤਾਂ ਬਦਲ ਬਣ ਕੇ ਬਰਸਦਾ ਹੈ। ਥਾਂ-ਥਾਂ 'ਤੇ ਧਰਤੀ ਨੂੰ ਸਰਸਬਜ਼ ਕਰਦਾ ਹੈ। ਪ੍ਰਮਾਤਮਾ ਜਦ ਰਹਿਮਤ ਦੇ ਘਰ ਵਿਚ ਆਉਂਦਾ ਹੈ ਤਾਂ ਉਹ ਸ਼ਬਦ ਬਣ ਕੇ ਬਰਸਦਾ ਹੈ, ਇਸ ਵਾਸਤੇ ਸ਼ਬਦ ਤੇ ਪ੍ਰਮਾਤਮਾ ਵਿਚ ਅੰਤਰ ਨਹੀਂ। ਕਹਿ ਦਿੱਤਾ ਕਿ ਗੁਰੂ ਤੇ ਅਕਾਲ ਪੁਰਖ ਵਿਚ ਕੋਈ ਅੰਤਰ ਨਹੀਂ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥

(ਅੰਗ ੧੩੯੫)

ਹਰ ਗੁਰੂ ਦੀ ਕਾਇਆ ਨੂੰ ਇਸ ਤਰ੍ਹਾਂ ਸਮਝ ਲੈਣਾ ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਹਨ ਤੇ ਗੁਰੂ ਰੂਪ ਹੈ। ਇਹ ਅੱਖਰ, ਇਹ ਸ਼ਬਦ ਹੁਣ ਇਹ ਕਾਇਆ ਜੋ ਕਾਗ਼ਜ਼ਾਂ ਦੀ ਹੈ, ਇਸ ਦੇ ਉੱਤੇ ਸ਼ਬਦ ਲਿਖੇ ਹੋਏ ਹਨ, ਅੱਖਰ ਲਿਖੇ ਹੋਏ ਹਨ। ਇਸ ਤੋਂ ਪਹਿਲੇ ਉਹ ਕਾਇਆ ਸੀ ਜੋ ਪੰਜ ਤੱਤਾਂ ਦੀ ਬਣੀ ਹੋਈ ਸੀ। ਕਾਗ਼ਜ਼ ਵੀ ਮਿੱਟੀ 'ਚੋਂ ਬਣਦਾ ਹੈ, ਕਾਇਆ ਵੀ ਮਿੱਟੀ ਸੀ। ਇਤਨੀ ਮੈਂ ਅਰਜ਼ ਕਰਾਂ, ਪਾਣੀ ਦੇ ਸੰਯੋਗ ਤੋਂ ਬਿਨਾਂ ਵੀ ਕਾਗ਼ਜ਼ ਨਹੀਂ ਬਣਦਾ। ਤਾਂ ਇਸ ਤਰ੍ਹਾਂ ਕਾਇਆ ਵਿਚ ਪਾਣੀ ਵੀ ਹੈ, ਸਭ ਕੁਛ ਦੇ ਮਿਸ਼ਰਣ ਨਾਲ ਕਾਗ਼ਜ਼ ਬਣਦਾ ਹੈ। ਕਾਗ਼ਜ਼ ਦੇ ਉੱਤੇ ਸ਼ਬਦ ਲਿਖਿਆ ਤਾਂ ਦੇਹੀ ਨੂੰ ਹੀ ਇਕ ਕਾਗ਼ਜ਼ ਸਮਝਣ ਲਈ ਸਤਿਗੁਰੂ ਨੇ ਆਪ ਹੀ ਕਿਹਾ-

ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ॥

(ਅੰਗ ੬੬੨)

ਹੈ ਹੀ ਕਾਇਆ ਕਾਗ਼ਜ਼, ਹੋਰ ਕੀ ਹੈ? ਫ਼ਰਕ ਸਿਰਫ਼ ਇਤਨਾ ਹੈ ਕਿ ਇਸ ਕਾਗ਼ਜ਼ ਦੇ ਉੱਤੇ ਕਿਸੇ ਦੇ ਆਪਣੇ ਬੋਲ ਲਿਖੇ ਹੋਏ ਹਨ। ਇਸ ਕਾਗ਼ਜ਼ ਦੇ ਉੱਤੇ ਕਿਧਰੇ ਖਸਮ ਦੇ ਬੋਲ ਲਿਖੇ ਹੋਏ ਹਨ। ਇਸ ਕਾਇਆ ਦੇ ਕਾਗ਼ਜ਼ ਉੱਤੇ ਕੀ ਲਿਖਿਆ ਹੋਇਆ ਹੈ, ਇਹ ਮਨੁੱਖ ਦੀ ਗੁਫ਼ਤਗੂ ਤੋਂ ਹੀ ਪਤਾ ਚੱਲ ਜਾਏਗਾ। ਅੱਠ ਦੱਸ ਦਿਨ ਉਸ ਦੇ ਕੋਲ ਬੈਠੋ, ਉਸ ਦੀ ਗੁਫ਼ਤਗੂ ਸੁਣ ਕੇ ਪਤਾ ਚੱਲ ਜਾਏਗਾ। ਇਕ ਕਾਗ਼ਜ਼ ਦਾ ਨਾਂ ਸੀ ਨਾਨਕ। ਉਹਦੇ ਉੱਤੇ ਜੋ ਲਿਖਿਆ ਹੋਇਆ ਸੀ, ਉਹ ਗੁਰੂ ਸ਼ਬਦ ਸੀ। ਅਕਾਲ ਪੁਰਖ ਦੇ ਬਚਨ ਸਨ। ਖਸਮ ਦੀ ਬਾਣੀ ਸੀ। ਜੇਕਰ ਕਾਗ਼ਜ਼ ਉੱਤੇ ਖਸਮ ਦੇ ਬੋਲ ਲਿਖੇ ਹੋਏ ਹਨ ਤਾਂ ਕਾਗ਼ਜ਼ ਸਤਿਕਾਰਨੇ ਯੋਗ ਹੈ। ਜਿਵੇਂ ਰਵੀਦਾਸ ਜੀ ਮਹਾਰਾਜ ਕਹਿੰਦੇ ਹਨ-

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥

(ਅੰਗ ੧੨੯੩)

ਭਗਵੰਤ ਦੀ ਮਹਿਮਾ ਜਦ ਅਪਵਿੱਤਰ ਕਾਗ਼ਜ਼ ਦੇ ਉਪਰ ਵੀ ਲਿਖ ਦਿੱਤੀ ਜਾਂਦੀ ਹੈ ਤਾਂ ਉਹ ਕਾਗ਼ਜ਼ ਪੂਜਣ ਯੋਗ ਹੋ ਜਾਂਦਾ ਹੈ। ਸਜਦਾ ਕਰਨ ਯੋਗ ਹੋ ਜਾਂਦਾ ਹੈ। ਜਿਸ ਕਾਇਆ ਰੂਪੀ ਕਾਗ਼ਜ਼ ਦੇ ਉੱਤੇ ਖਸਮ ਦੇ ਬੋਲ ਲਿਖੇ ਗਏ, ਉਹ ਕਾਇਆ ਪੂਜਨੀਕ ਹੋ ਗਈ, ਸਤਿਕਾਰਨੇ ਯੋਗ ਹੋ ਗਈ, ਮੱਥਾ ਟੇਕਣੇ ਯੋਗ ਹੋ ਗਈ। ਉਸ ਕਾਇਆ ਦਾ ਸਨਮਾਨ, ਉਸ ਕਾਇਆ ਦੀ ਮਹਾਨਤਾ ਅਤੇ ਧੰਨ ਉਹ ਕਾਗ਼ਜ਼ ਜਿਸ ਨੂੰ ਪ੍ਰਮਾਤਮਾ ਨੇ ਚੁਣਿਆ ਕਿ ਮੈਂ ਇਥੇ ਹੀ ਆਪਣੇ ਬੋਲ ਲਿਖਣੇ ਹਨ। ਧੰਨ ਉਹ ਕਾਇਆ ਜਿਸ ਕਾਇਆ ਨੂੰ ਅਕਾਲ ਪੁਰਖ ਨੇ ਚੁਣਿਆ ਕਿ ਮੈਂ ਇਹਦੇ ਰਾਹੀਂ ਬੋਲਣਾ ਹੈ। ਧੰਨ ਹੈ ਉਹ ਕਾਗ਼ਜ਼ ਜਿਸ 'ਤੇ ਖਸਮ ਦੇ ਬੋਲ ਲਿਖੇ।

ਇਤਨੀ ਮੈਂ ਅਰਜ਼ ਕਰ ਦਿਆਂ, ਇਸਨੂੰ ਇਸ ਰੂਪ ਵਿਚ ਲੈਣਾ। ਜੇਕਰ ਇਸ ਰੂਪ ਵਿਚ ਨਾ ਲਉਗੇ ਤਾਂ ਬਹੁਤ ਜਲਦੀ ਗੁਰੂ ਨੇ ਫਿਟਕਾਰ ਕੇ ਰੱਖ ਦੇਣਾ ਹੈ। ਤਾਂ ਖਸਮ ਦੇ ਬੋਲ ਹੀ ਖਸਮ ਤੱਕ ਪਹੁੰਚਾ ਸਕਦੇ ਹਨ। ਅਕਾਲ ਪੁਰਖ ਦੇ ਬੋਲ ਹੀ ਅਕਾਲ ਪੁਰਖ ਤੱਕ ਪਹੁੰਚਾ ਸਕਦੇ ਹਨ। ਆਪਣੇ ਬੋਲ ਵਿਚ ਇਤਨੀ ਤਾਕਤ ਨਹੀਂ। ਆਪਣੇ ਤੀਰਾਂ ਵਿਚ ਇਤਨੀ ਸ਼ਕਤੀ ਨਹੀਂ ਕਿ ਖਿੱਚ ਕੇ ਚਲਾਈਏ। ਥੋੜ੍ਹੀ ਦੂਰੀ ਤੱਕ ਜਾਣਗੇ, ਰਹਿ ਜਾਣਗੇ। ਉਹਨਾਂ ਦੀ ਪਰਵਾਜ਼ ਕੋਈ ਬਹੁਤ ਉੱਚੀ ਨਹੀਂ ਹੁੰਦੀ। ਜਿਵੇਂ ਇਕ ਦੋ ਉਦਾਹਰਣ ਤੁਹਾਡੇ ਸਾਹਮਣੇ ਰੱਖੇ ਹਨ। ਬਾਣੀ ਸਤਿਗੁਰਾਂ ਰਚੀ ਤੇ ਹੋਰ ਬਹੁਤ ਸਾਰਿਆਂ ਨੇ ਰਚੀ ਅਤੇ ਉਹਨਾਂ ਗੁਰਬਾਣੀ ਹੋਣ ਦਾ ਦਾਅਵਾ ਵੀ ਕੀਤਾ। ਕਹਿੰਦੇ ਹਨ ਮਿਹਰਵਾਨ ਨੇ ਵੀ ਕੁਛ ਰਚਨਾ ਰੱਚੀ ਸੀ। ਪ੍ਰਿਥਵੀ ਚੰਦ ਨੇ ਵੀ ਰਚ ਦਿੱਤੀ ਸੀ। ਗੱਲ ਤਾਂ ਕੁਝ ਵੀ ਨਾ ਬਣੀ। ਰਹਿ ਗਈ। ਬੋਲ ਤਾਂ ਰਹਿ ਗਏ। ਦਰਅਸਲ ਇਹ ਖਸਮ ਦੇ ਬੋਲ ਹਨ। ਪ੍ਰਭੂ ਦੇ ਬੋਲ ਹਨ ਤੇ ਇਹਨਾਂ ਬੋਲਾਂ ਦੇ ਆਸਰੇ 'ਤੇ ਹੀ ਪ੍ਰਮਾਤਮਾ ਦਾ ਜਾਪ ਕਰਨਾ ਹੈ। ਗਾਇਨ ਕਰਨਾ ਹੈ। ਪ੍ਰਮਾਤਮਾ ਤੱਕ ਪਹੁੰਚਣ ਦਾ ਇਕ ਜ਼ਰੀਆ ਹੈ ਤਾਂ ਸਾਹਿਬ ਕਹਿੰਦੇ ਹਨ ਇਹਨਾਂ ਬੋਲਾਂ ਵਿਚ ਹੈ ਦਇਆ, ਬਖ਼ਸ਼ਿਸ਼, ਰਹਿਮਤ। ਜੇਕਰ ਕੋਈ ਇਹਨਾਂ ਬੋਲਾਂ ਦੇ ਨੇੜੇ ਆਏ, ਕੋਈ ਵੀ ਇਹਨਾਂ ਸ਼ਬਦਾਂ ਦੇ ਨੇੜੇ ਆਏ, ਉਹ ਦਇਆ ਤੇ ਬਖ਼ਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਰਹਿਮਤ ਦਾ ਪਾਤਰ ਬਣ ਜਾਂਦਾ ਹੈ। ਸਾਹਿਬ ਕਹਿੰਦੇ ਹਨ ਕਿ ਉਹ ਸਤਿਗੁਰੂ ਅਕਾਲ ਪੁਰਖ ਦੀਨਾਂ ਉੱਤੇ ਦਇਆ ਕਰਨ ਵਾਲਾ, ਰੱਖਿਆ ਕਰਨ ਵਾਲਾ ਹੈ, ਜਿਸਦੀ ਸੰਗਤ ਵਿਚ ਬੈਠ ਕੇ ਉਸ ਅਕਾਲ ਪੁਰਖ ਦਾ ਗਾਇਨ ਚਲਿਆ, ਉਸ ਦੀ ਉਪਮਾ ਚਲੀ।

ਅੰਮ੍ਰਿਤ ਹਰਿ ਕਾ ਨਾਮ ਸਾਧਸੰਗਿ ਰਾਵੀਐ ਜੀਉ॥

ਗੁਰੂ ਦੀ ਸੰਗਤ ਵਿਚ ਬੈਠ ਕੇ ਉਹ ਜੋ ਅੰਮ੍ਰਿਤਮਈ ਪਰੀਪੂਰਨ ਪ੍ਰਮਾਤਮਾ ਦਾ ਨਾਮ ਹੈ, ਉਸ ਨੂੰ ਗਾਇਨ ਕੀਤਾ। ਉਸ ਦੀ ਸਿਫਤ-ਸਲਾਹ ਨਾਲ ਉਚਾਰਣ ਕਰਨ ਦਾ ਤੌਰ ਤਰੀਕਾ ਮਿਲਿਆ।

ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ॥

ਇਸ ਵਾਸਤੇ ਤੂੰ ਉੱਦਮ ਕਰ, ਉਪਰਾਲਾ ਕਰ ਸਾਧ ਸੰਗਤ ਵਿਚ ਜਾਣ ਦਾ ਤਾਕਿ ਤੇਰੀ ਜਨਮ ਤੇ ਮਰਨ ਦੀ ਤਲਾਸ਼ ਮਿਟੇ। ਜਨਮ ਤੇ ਮਰਨ ਦੀ ਫਾਹੀ ਕੱਟੇ।

ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ॥

ਜਿਸ ਦੇ ਮਸਤਕ ਉੱਤੇ ਧੁਰ ਕਰਮਾਂ ਦਾ ਇਹ ਲੇਖ ਲਿਖਿਆ ਹੋਇਆ ਹੈ ਭਾਵ ਜਿਸਦੇ ਪੂਰਬਲੇ ਸੰਸਕਾਰ ਹਨ। ਇਤਨੀ ਮੈਂ ਅਰਜ਼ ਕਰਾਂ ਅਤੇ ਇਹ ਚੇਤੇ ਰੱਖਣ ਵਾਲੀ ਗੱਲ ਹੈ, ਕਿਉਂਕਿ ਗੁਰੂ ਸ਼ਬਦ ਵਿਚ ਬਾਰ ਬਾਰ ਇਹ ਗੱਲ ਆ ਜਾਏਗੀ-ਜਿਹਦੀ ਪ੍ਰਾਲੱਬਧ ਹੈ, ਜਿਹਦਾ ਧੁਰ ਕਰਮ ਹੈ। ਧੁਰਿ ਇਸ ਤੋਂ ਪਹਿਲੇ ਦਾ, ਜਿਹਦਾ ਪੂਰਬਲਾ ਕਰਮ ਹੈ। ਜਿਸਨੇ ਕੱਲ ਕੁਝ ਬੋਇਆ ਹੈ ਜ਼ਮੀਨ ਵਿਚ ਤੇ ਅੱਜ ਵੱਢਿਆ ਹੈ ਅਤੇ ਜਿਸਨੇ ਕੱਲ ਕੁਝ ਬੋਇਆ ਨਹੀਂ, ਅੱਜ ਕੀ ਵੱਢੇਗਾ। ਇਕ ਦਿਨ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ। ਇਕ ਮਹੀਨਾ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ। ਇਕ ਸਾਲ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ। ਪੰਜਾਹ ਸਾਲ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ ਅਤੇ ਇਕ ਜਨਮ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ। ਇਕ ਕਰੋੜ ਜਨਮ ਪਹਿਲੇ ਜੋ ਬੀਜਿਆ ਹੈ, ਉਹ ਵੀ ਪੂਰਬਲਾ ਹੈ।

ਬੀਜਦੇ ਤਾਂ ਅਸੀਂ ਰੋਜ਼ ਰਹਿੰਦੇ ਹਾਂ ਤੇ ਜੀਵਨ ਛੋਟਾ ਹੁੰਦਾ ਜਾ ਰਿਹਾ ਹੈ। ਅੰਤਮ ਸਮੇਂ ਤੱਕ ਅਸੀਂ ਬੀਜਦੇ ਰਹਿੰਦੇ ਹਾਂ। ਜਦ ਚੋਲਾ ਛੋਟਾ ਹੋ ਗਿਆ, ਝੋਲੀ ਛੋਟੀ ਹੋ ਗਈ ਤੇ ਬੋਇਆ ਬਹੁਤ ਕੁਝ। ਉਹਨੂੰ ਵੱਢਣ ਲਈ, ਖਾਣ ਲਈ ਪ੍ਰਮਾਤਮਾ ਫਿਰ ਝੋਲੀ ਦੇਂਦਾ ਹੈ। ਬੀਜ ਸ਼ੁਭ ਬੋਂਦੇ ਰਹੇ ਤੇ ਜੀਵਨ ਦਾ ਚੋਲਾ ਇਕ ਦਿਨ ਖ਼ਤਮ ਹੋ ਗਿਆ ਤੇ ਫਲ ਉਸ ਦੇ ਪ੍ਰਾਪਤ ਨਾ ਕਰ ਸਕੇ।

ਅਗਲੇ ਜਨਮ ਵਿਚ ਮਿਲੇਗਾ। ਪਹਿਚਾਣ ਕੀ ਹੋਵੇਗੀ। ਸਾਰ ਕੁਤਾਵਲੀ ਦੇ ਕਰਤਾ ਨੇ ਲਿਖਿਆ ਹੈ ਕਿ ਸੱਤ ਗੱਲਾਂ ਜਿਸਨੂੰ ਜਮਾਂਦਰੂ ਮਿਲ ਜਾਣ ਤਾਂ ਸਮਝ ਲੈਣਾ, ਇਹਦਾ ਪੂਰਬਲਾ ਬੋਇਆ ਹੋਇਆ ਬੀਜ ਹੈ ਨਹੀਂ ਤਾਂ ਕੁਝ ਹੋ ਨਹੀਂ ਸਕਦਾ। ਇਹ ਸੱਤ ਗੱਲਾਂ ਇੰਝ ਉਸ ਨੇ ਲਿਖੀਆਂ ਹਨ। ਇਹ ਵੀ ਪੂਰਬਲੇ ਪੁੰਨ ਪ੍ਰਤਾਪ ਹਨ ਕਿਸੇ ਚੰਗੇ ਘਰ ਵਿਚ ਜਨਮ ਹੋ ਗਿਆ। ਚੰਗੀ ਮਾਂ ਦੁਆਰਾ, ਚੰਗੇ ਪਿਤਾ ਦੁਆਰਾ, ਚੰਗੀਆਂ ਭੈਣਾਂ ਮਿਲੀਆਂ, ਚੰਗੇ ਭਰਾ ਮਿਲੇ। ਘਰ ਦਾ ਮਾਹੌਲ ਚੰਗਾ ਮਿਲਿਆ ਤੇ ਜਨਮ ਤੋਂ ਹੀ ਸਾਰੇ ਸੁੱਖ ਮਿਲੇ। ਜਨਮ ਤੋਂ ਹੀ ਜਿੰਨੇ ਭੌਤਿਕ ਸੁੱਖ ਚਾਹੀਦੇ ਸਨ, ਉਹ ਜਨਮ ਤੋਂ ਹੀ ਮਿਲ ਗਏ ਤੇ ਜਿਤਨੀ ਧਾਰਮਿਕ ਪ੍ਰੇਰਨਾ ਚਾਹੀਦੀ ਸੀ, ਉਹ ਜਨਮ ਤੋਂ ਹੀ ਮਿਲ ਗਈ।

ਮਾਂ ਬਾਪ ਤੋਂ, ਘਰ ਦੇ ਪਰਿਵਾਰ ਤੋਂ, ਇਹ ਵੀ ਪੂਰਬਲਾ ਸੰਜੋਗ ਹੈ ਕਿ ਜਨਮ ਤੋਂ ਹੀ ਧਾਰਮਿਕ ਪ੍ਰੇਰਨਾ ਮਿਲ ਜਾਏ। ਐਸੇ ਪਰਿਵਾਰ ਵਿਚ ਜਨਮ ਹੋਵੇ ਅਤੇ ਜਨਮ ਤੋਂ ਹੀ ਸਾਰੇ

ਸੁੱਖ ਉਪਲੱਬਧ ਹੋਣ। ਇਹ ਮਹਾਂਪੁਰਸ਼ ਕਹਿੰਦਾ ਹੈ ਕਿ ਪੂਰਬਲੇ ਪੁੰਨ ਪ੍ਰਤਾਪ ਤੋਂ ਬਿਨਾਂ ਨਹੀਂ ਹੁੰਦਾ। ਇਕ ਦਾ ਐਸੇ ਘਰ ਵਿਚ ਜਨਮ ਹੋਇਆ। ਨਾ ਜਨਮ ਤੋਂ ਦੁਨੀਆਵੀ ਸਹੂਲਤਾਂ ਹਨ, ਨਾ ਧਾਰਮਿਕ ਪ੍ਰੇਰਨਾ ਹੈ। ਕੁਝ ਵੀ ਨਹੀਂ। ਸਾਰੀਆਂ ਔਕੜਾਂ ਜਨਮ ਤੋਂ ਹਨ।

ਇਕ ਉਦਾਰਹਣ ਮੈਂ ਦੇ ਦਿਆਂ ਫੁੱਟ ਪਾਥ 'ਤੇ ਇਕ ਭਿਖਾਰਣ ਭਿਖਾਰੀ ਦੀ। ਇਕ ਦੇਸ ਵਿਚ ਕਰੋੜਾਂ ਬੰਦੇ ਫੁੱਟਪਾਥ 'ਤੇ ਹੀ ਸੌਂਦੇ ਹਨ ਤੇ ਫੁੱਟਪਾਥ 'ਤੇ ਇਕ ਬੱਚੇ ਦਾ ਜਨਮ ਹੋ ਗਿਆ। ਹੁਣ ਵਿਚਾਰਾ ਜਨਮ ਤੋਂ ਹੀ ਭਿਖਾਰੀ ਹੈ। ਮਾਂ ਨੇ ਦਿਨ ਭਰ ਜੋ ਟੁੱਕੜੇ ਮੰਗੇ ਹਨ, ਉਹ ਖਾਧੇ ਹਨ। ਉਸ ਨਾਲ ਜੋ ਬਣਿਆ ਦੁੱਧ ਹੈ, ਉਹੀ ਉਹ ਪੀ ਰਿਹਾ ਹੈ ਤੇ ਜਨਮ ਤਾਂ ਭਿਖਾਰੀ ਹੈ। ਦੁਨੀਆਵੀ ਕੋਈ ਸੁੱਖ ਮਿਲ ਸਕਣ, ਜਨਮ ਤੋਂ ਇਸ ਨੂੰ ਉਪਲਬੱਧ ਨਹੀਂ ਹਨ। ਧਰਮ ਦੀ ਪ੍ਰੇਰਨਾ ਵੀ ਜਨਮ ਤੋਂ ਨਹੀਂ ਹੈ। ਨਾ ਕੋਈ ਮਾਂ ਤੋਂ ਪ੍ਰੇਰਨਾ, ਨਾ ਕੋਈ ਪਿਉ ਤੋਂ, ਕਿਸੇ ਵੀ ਤਰ੍ਹਾਂ ਦੀ ਪ੍ਰੇਰਨਾ ਨਹੀਂ। ਕਿਸੇ ਚੰਗੇ ਘਰ ਜਨਮ ਹੋ ਜਾਣਾ, ਮਹਾਂਪੁਰਸ਼ ਕਹਿੰਦਾ ਹੈ, ਇਹ ਪੂਰਬਲਾ ਪੁੰਨ ਪ੍ਰਤਾਪ ਹੈ। ਤਨ ਦਾ ਖ਼ੂਬਸੂਰਤ ਹੋ ਜਾਣਾ, ਤਨ ਵਿਚ ਆਕਰਸ਼ਣ ਹੋਵੇ, ਦੂਜੇ ਨੂੰ ਪ੍ਰਭਾਵਿਤ ਕਰੇ, ਨੈਣ ਨਕਸ਼ ਸਾਰੇ ਸੁੰਦਰ ਹੋਣ ਅਤੇ ਸਾਰਾ ਸਰੀਰ ਸਡੌਲ ਹੋਵੇ। ਸਾਹਿਬਾਂ ਦੀ ਬਾਣੀ ਵੀ ਕਹਿੰਦੀ ਹੈ-

ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥

ਤਨ ਦਾ ਸੁਹੱਪਣ ਪ੍ਰਭੂ ਦੀ ਬਖ਼ਸ਼ਿਸ਼ ਹੈ। ਪੂਰਬਲਾ ਪੁੰਨ ਪ੍ਰਤਾਪ ਹੈ। ਇਤਨੀ ਮੈਂ ਅਰਜ਼ ਕਰ ਦਿਆਂ ਕਿ ਬੜੀ ਜ਼ਮੀਨ ਤੇ ਜਾਇਦਾਦ ਦਾ ਮਾਲਕ ਹੋਵੇ, ਤਰ੍ਹਾਂ ਤਰ੍ਹਾਂ ਦੇ ਉਹਦੇ ਕੋਲ ਭੋਗ ਹੋਵਣ ਤੇ ਭੋਗਾਂ ਨੂੰ ਭੋਗਣ ਦੀ ਅੰਦਰ ਸ਼ਕਤੀ ਵੀ ਹੋਵੇ। ਕਈਆਂ ਦੇ ਘਰ ਅੰਨ ਹੈ, ਪਚਾਣ ਦੀ ਸ਼ਕਤੀ ਕੋਈ ਨਹੀਂ। ਕਈਆਂ ਕੋਲ ਪਚਾਣ ਵਾਸਤੇ ਮਿਹਦਾ ਤਾਂ ਹੈ ਪਰ ਅੰਨ ਹੀ ਕੋਈ ਨਹੀਂ, ਪਦਾਰਥ ਹੀ ਕੋਈ ਨਹੀਂ। ਇਹ ਆਮ ਦੇਖਣ ਨੂੰ ਮਿਲਦਾ ਹੈ। ਕੋਈ ਵਿਪਤਾ ਹੀ ਨਾ ਹੋਵੇ। ਹਰ ਵਿਪਤਾ ਬਾਹਰੋਂ ਹੀ ਚੱਲੀ ਜਾਏ। ਘਰ ਤੱਕ ਵਿਪਤਾ ਪਹੁੰਚੇ ਹੀ ਨਾ, ਇਹ ਵੀ ਕਿਤੇ ਕਿਤੇ ਦੇਖਣ ਨੂੰ ਮਿਲਦਾ ਹੈ। ਕੁਝ ਬੰਦੇ ਐਸੇ ਦੇਖੇ ਹਨ ਕੰਮ ਤਾਂ ਇਕ ਕਰਦੇ ਹਨ, ਮੁਸੀਬਤਾਂ ਹਜ਼ਾਰਾਂ ਖੜੀਆਂ ਹੋ ਜਾਂਦੀਆਂ ਹਨ। ਸਾਹਿਬਾਂ ਦੀ ਬਾਣੀ ਵੀ ਹੈ-

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥

(ਅੰਗ ੫੨੪)

ਕੁਝ ਐਸੇ ਵੀ ਹਨ, ਸੋਨੇ ਨੂੰ ਹੱਥ ਲਗਾਉਂਦੇ ਹਨ, ਮਿੱਟੀ ਹੋ ਜਾਂਦਾ ਹੈ। ਇਧਰ ਸੋਨੇ ਨੂੰ ਹੱਥ ਲਾਇਆ, ਮਿੱਟੀ ਹੋ ਗਿਆ। ਇਧਰ ਹੀਰਿਆਂ ਨੂੰ ਹੱਥ ਪਾਇਆ, ਇਧਰ ਪੱਥਰ ਹੋ ਗਿਆ। ਇਧਰ ਕਿਸੇ ਕੰਮ ਨੂੰ ਹੱਥ ਪਾਇਆ, ਕੰਮ ਹੀ ਵਿਗੜ ਗਿਆ। ਪਰ ਕੁਝ ਹੱਥ ਐਸੇ ਵੀ ਹਨ, ਬਸ ਸਿਰਫ਼ ਛੂਹਣ ਦੀ ਦੇਰ ਹੈ, ਕੰਮ ਸਿਰੇ ਚੜ੍ਹਦੇ ਹਨ। ਖ਼ੈਰ! ਸੰਖੇਪ ਵਿਚ ਮੈਂ

ਅਰਜ਼ ਕਰਾਂ, ਸਾਹਿਬ ਕਹਿੰਦੇ ਹਨ ਕਿ ਵਿਪਤਾ ਤੋਂ ਰਹਿਤ ਹੋਵੇ। ਜਨਮ ਤੋਂ ਵਿਦਵਾਨ ਵੀ ਹੋਵੇ, ਤੀਖਣ ਬੁੱਧੀ ਦਾ ਵੀ ਹੋਵੇ। ਉਹਦੇ ਕੋਲ ਅਨੁਭਵ ਵੀ ਹੋਵੇ ਜਮਾਂਦਰੂ। ਥੋੜ੍ਹਾ ਸਮਝਾਇਆ ਜਾਵੇ ਤੇ ਬਹੁਤਾ ਸਮਝ ਲਵੇ। ਨਹੀਂ ਤਾਂ ਕਈ ਐਸੇ ਹਨ, ਬਹੁਤਾ ਸਮਝਾਉ ਤੇ ਥੋੜ੍ਹਾ ਵੀ ਨਹੀਂ ਸਮਝਦੇ। ਥੋੜ੍ਹਾ ਸਮਝਾਇਆ ਜਾਵੇ, ਬਹੁਤਾ ਹੀ ਸਮਝ ਲਵੇ। ਐਸੀ ਸਿਖਸ਼ਾ ਬੁੱਧੀ ਹੋਵੇ। ਪੰਡਿਤ ਵਿਦਵਾਨ ਹੋਵੇ। ਦੇਹੀ ਕੰਚਨ ਵਰਗੀ ਹੋਵੇ। ਕੋਈ ਰੋਗ ਨਾ ਹੋਵੇ।

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥

ਕਲਗੀਧਰ ਪਾਤਿਸ਼ਾਹ ਨੇ ਵੀ ਲਿਖਿਆ ਹੈ-

ਸਦਾ ਰਹੇ ਕੰਚਨ ਸਿਉ ਕਾਇਆ ਘਾਲ ਨਾ ਕਬਹੂ ਬਿਆਪੇ॥

ਜਿਸ ਹਿਰਦੇ ਦੇ ਵਿਚ ਪਰੀਪੂਰਨ ਪ੍ਰਮਾਤਮਾ ਦਾ ਨਾਮ ਹਰ ਵਕਤ ਚੱਲੇ, ਕਲਗੀਧਰ ਪਾਤਿਸ਼ਾਹ ਕਹਿੰਦੇ ਹਨ ਕਿ ਉਹ ਕਾਇਆ ਤਾਂ ਹਰ ਵਕਤ ਕੰਚਨ ਵਰਗੀ ਰਹੇਗੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਵਾਕ, ਉਹਨਾਂ ਦਾ ਪਾਵਨ ਪਵਿੱਤਰ ਸ਼ਬਦ ਹੈ-

ਸਦਾ ਰਹੇ ਕੰਚਨ ਸਿਉ ਕਾਇਆ ਘਾਲ ਨਾ ਕਬਹੂ ਬਿਆਪੇ॥

ਇਸ ਪੰਗਤੀ ਨੇ ਮੈਨੂੰ ਥੋੜ੍ਹਾ ਜਿਹਾ ਕੁਝ ਖੋਜਣ 'ਤੇ ਮਜਬੂਰ ਵੀ ਕੀਤਾ ਸੀ। ਕਿਸੇ ਵਕਤ ਵਿਚਾਰ ਆਪ ਜੀ ਦੇ ਸਾਹਮਣੇ ਰੱਖਾਂਗਾ ਸ਼ਾਇਦ। ਕਹਿੰਦੇ ਹਨ- ਐਸਾ ਨਹੀਂ ਕਿ ਇਕ ਦਿਨ ਕੰਚਨ ਹੋਵੇਗੀ, ਦੋ ਦਿਨ ਕੰਚਨ ਹੋਵੇਗੀ,

ਸਦਾ ਰਹੇ ਕੰਚਨ ਸਿਉ ਕਾਇਆ ਘਾਲ ਨਾ ਕਬਹੂ ਬਿਆਪੇ॥

ਮੁਰਝਾਏਗੀ ਨਹੀਂ ਅਤੇ ਦੇਹੀ ਸਦੀਵੀ ਤੌਰ 'ਤੇ ਕੰਚਨ ਵਰਗੀ ਰਹੇਗੀ। ਉਹ ਵਿਦਵਾਨ ਹੋਵੇਗਾ, ਪੰਡਿਤ ਹੋਵੇਗਾ, ਪਰ ਪੂਰਬਲੇ ਪੁੰਨ ਪ੍ਰਤਾਪ ਨਾਲ ਦੇਹੀ ਅਰੋਗ ਹੋਵੇਗੀ ਅਤੇ ਜਨਮ ਤੋਂ ਲੈ ਕੇ ਅੰਤ ਸਮੇਂ ਤੱਕ ਅਰੋਗ ਰਹੇਗੀ। ਪੂਰਬਲੇ ਪੁੰਨ ਪ੍ਰਤਾਪ, ਪੂਰਬਲਾ ਬੋਇਆ ਹੋਇਆ ਬੀਜ ਨਾਸ ਨਹੀਂ ਹੋਇਆ।

ਜੇਕਰ ਕੋਈ ਜਨਮ ਤੋਂ ਹੀ ਕਰੂਪ ਪੈਦਾ ਹੋ ਜਾਵੇ ਤਾਂ ਹੁਣ ਕੋਈ ਲੱਕਸ ਸਾਬਣ ਦੇ ਨਾਲ ਥੋੜ੍ਹਾ ਨੈਣ ਨਕਸ਼ ਠੀਕ ਕਰਾਂਗੇ। ਜਿਵੇਂ ਅਖ਼ਬਾਰਾਂ ਵਿਚ ਆਉਂਦਾ ਹੈ ਕਿ ਬਈ ਇਸ ਸਾਬਣ ਦੇ ਨਾਲ ਇਸ਼ਨਾਨ ਕਰੋ ਤਾਂ ਬੰਦਾ ਖ਼ੂਬਸੂਰਤ ਹੋ ਜਾਂਦਾ ਹੈ। ਫੇਰ ਤਾਂ ਰੱਬ ਕੁਝ ਵੀ ਨਹੀਂ। ਫੇਰ ਤਾਂ ਰੱਬ ਸਾਬਣ ਬਣ ਗਿਆ। ਸਾਬਣ ਨਾਲ ਸਿਰਫ਼ ਮੈਲ ਉਤਰਦੀ ਹੈ। ਕੋਈ ਬੰਦਾ ਖ਼ੂਬਸੂਰਤ ਨਹੀਂ ਹੁੰਦਾ। ਨਾ ਕੋਈ ਨੈਣ ਨਕਸ਼ ਠੀਕ ਹੁੰਦੇ ਹਨ, ਪਰ ਐਡਵਰਟਾਇਜ਼ਮੈਂਟ ਐਸਾ ਹੁੰਦਾ ਹੈ ਕਿ ਬੰਦਾ ਪ੍ਰਭਾਵਿਤ ਹੋ ਜਾਂਦਾ ਹੈ ਕਿ ਸ਼ਾਇਦ ਇਸ ਸਾਬਣ ਨਾਲ ਹੀ ਬੰਦਾ ਖ਼ੂਬਸੂਰਤ ਹੋ ਜਾਂਦਾ ਹੋਵੇਗਾ। ਇਸ ਲਈ ਸਾਰੀਆਂ ਕੰਪਨੀਆਂ ਜ਼ੋਰ ਲਾਉਂਦੀਆਂ ਹਨ। ਬੰਦਾ ਤਾਂ ਰੋਜ਼ ਹੀ ਸਾਬਣ ਖ਼ਰੀਦਦਾ ਹੈ, ਜਿਹਦੇ ਬਾਰੇ ਰੋਜ਼ ਅਖ਼ਬਾਰਾਂ ਵਿਚ ਪੜ੍ਹਦਾ ਹੈ। ਟੀ. ਵੀ. ਵਿਚ ਦੇਖਦਾ ਹੈ। ਰੇਡੀਉ ਵਿਚ ਸੁਣਦਾ ਹੈ।

ਵਪਾਰੀਆਂ ਦੀ ਸਮਝ ਵਿਚ ਗੱਲ ਆ ਗਈ ਹੈ ਬਈ ਇਕ ਪਦਾਰਥ ਦਾ ਬਾਰ ਬਾਰ ਜ਼ਿਕਰ ਕਰੀਏ ਤਾਂ ਬੰਦਾ ਪ੍ਰਭਾਵਿਤ ਹੋ ਜਾਂਦਾ ਹੈ। ਇਹ ਸੰਤਾਂ ਦੀ ਵੀ ਸਮਝ ਵਿਚ ਆਈ ਸੀ ਗੱਲ ਕਿ ਪ੍ਰਮਾਤਮਾ ਦੇ ਗੁਣ ਹਰ ਇਕ ਸਤਿਸੰਗੀਆਂ ਦੇ ਸਾਹਮਣੇ ਰੱਖੀਏ ਤਾਂਕਿ ਪ੍ਰਮਾਤਮਾ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਜਾਣ। ਈਸ਼ਵਰ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਜਾਣ, ਕਿਉਂਕਿ ਜਿਹੜੀ ਚੀਜ਼ ਬਾਰ ਬਾਰ ਸਾਹਮਣੇ ਆਵੇ ਆਖ਼ਰ ਮਨ ਪ੍ਰਭਾਵਿਤ ਹੋ ਹੀ ਜਾਂਦਾ ਹੈ। ਲਾਜ਼ਮੀ ਹੀ ਹੋ ਜਾਂਦਾ ਹੈ। ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਦੇ ਧੁਰਿ ਦਰਗਾਹ ਤੋਂ ਪੂਰਬਲੇ ਕਰਮ ਨਾਲ ਚਲੇ ਹਨ, ਉਹਨਾਂ ਨੇ ਸਾਧੂ ਦੀ ਸੰਗਤ ਵਿਚ ਬੈਠ ਕੇ, ਗੁਰੂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੀ ਅਰਾਧਨਾ ਕੀਤੀ। ਸੱਚ ਦੀ ਸਿਖਸ਼ਾ ਨੂੰ ਧਾਰਨ ਕੀਤਾ।

ਭੈ ਭਰਮ ਨਾਠੇ ਛੂਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ॥

ਗਾਉਂਦਿਆਂ ਗਾਉਂਦਿਆਂ ਸਾਰੇ ਭਰਮ ਨਾਸ ਹੋ ਗਏ, ਸਾਰੇ ਭੈਅ ਮਿੱਟ ਗਏ। ਦੁੱਖਾਂ ਦੀ ਗੰਢ ਖੁੱਲ੍ਹ ਗਈ, ਭਾਵ ਸਾਰੇ ਦੁੱਖ ਨਾਸ ਹੋ ਗਏ ਅਤੇ ਇਸ ਤਰੀਕੇ ਨਾਲ ਜੀਵ-ਆਤਮਾ ਜਮਾਂ ਦੇ ਮਾਰਗ 'ਤੇ ਨਹੀਂ ਗਈ, ਭਾਵ ਜਨਮ ਮਰਣ ਦੇ ਗੇੜੇ ਵਿਚ ਨਹੀਂ ਗਈ।

ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ॥੧॥

ਹੇ ਪ੍ਰਭੂ! ਤੂੰ ਰਹਿਮਤ ਕਰ, ਬਖ਼ਸ਼ਿਸ਼ ਕਰ, ਕ੍ਰਿਪਾ ਧਾਰਨ ਕਰ ਤਾਂਕਿ ਹਰ ਵਕਤ ਤੇਰੇ ਗੁਣਾਂ ਦਾ ਉਚਾਰਣ ਕਰਦੇ ਰਹੀਏ। ਹਰ ਵਕਤ ਤੇਰੇ ਗੁਣ ਗਾਉਂਦੇ ਰਹੀਏ।

ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ॥

ਉਹ ਜੋ ਮਾਇਆ ਤੋਂ ਰਹਿਤ ਹੈ ਅਤੇ ਜੋ ਮਹਾਨ ਹਸਤੀ ਵਾਲਾ ਹੈ, ਜੋ ਸਾਰਿਆਂ ਦੀ ਟੇਕ ਹੈ, ਸਾਰਿਆਂ ਦਾ ਆਸਰਾ ਹੈ, ਹੇ ਪ੍ਰਭੂ! ਤੂੰ ਨਿਧਰਿਆਂ ਦੀ ਧਿਰ ਹੈਂ। ਤੇਰਾ ਨਾਮ ਅਟੱਲ ਹੈ। ਮਾਇਆ ਤੋਂ ਰਹਿਤ ਹੈ, ਨਿਰਲੇਪ ਹੈ। ਤੇਰੀ ਐਸੀ ਹਸਤੀ ਹੈ-

ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ॥

ਤੂੰ ਹਰ ਤਰ੍ਹਾਂ ਦੀ ਦਾਤ ਨੂੰ ਦੇਣ ਵਾਲਾ ਦਾਤਾ ਹੈਂ। ਸਾਰੇ ਦੁੱਖਾਂ ਨੂੰ ਤੂੰ ਨਾਸ ਕਰਨ ਵਾਲਾ ਹੈਂ ਤੇ ਸਾਰੇ ਸੁੱਖਾਂ ਨੂੰ ਤੂੰ ਝੋਲੀ ਵਿਚ ਪਾਉਣ ਵਾਲਾ ਹੈਂ।

ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ॥

ਜਿਸ ਦਿਨ ਦਾ ਮੈਂ ਸਾਧੂ ਦੀ ਸ਼ਰਨ ਵਿਚ ਆਇਆ ਹਾਂ, ਸਤਿਸੰਗ ਵਿਚ ਆਇਆ ਹਾਂ, ਗੁਰੂ ਦੀ ਸੰਗਤ ਵਿਚ ਬੈਠਾ ਹਾਂ, ਮੈਨੂੰ ਸੁੱਖਾਂ ਦੇ ਦੇਣ ਵਾਲੇ ਮਾਲਕ ਦੀ ਪ੍ਰਾਪਤੀ ਹੋਈ ਹੈ। ਉਹਦੀ ਸ਼ਰਨ ਨਸੀਬ ਹੋਈ ਹੈ।

ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ॥

ਇਕ ਪਲ ਦੇ ਵਿਚ, ਇਕ ਛਿਨ ਦੇ ਵਿਚ ਸੰਸਾਰ ਸਾਗਰ ਤੋਂ ਪਾਰ ਹੋ ਗਏ, ਗੁਰੂ ਦੀ

ਸੰਗਤ ਦਾ ਸਦਕਾ ਭਾਵ ਸੰਸਾਰ ਦੇ ਹੁਣ ਕੋਈ ਦੁੱਖ ਨਾ ਵਿਆਪੇ। ਸੰਸਾਰ ਦੇ ਕਿਸੇ ਭੈਅ ਨੇ ਡੋਬਿਆ ਨਹੀਂ ਤੇ ਪਾਰਲੇ ਕੰਢੇ 'ਤੇ ਪਹੁੰਚਾ ਦਿੱਤਾ।

ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ॥

ਜਿਸ ਦਿਨ ਦਾ ਗੁਰੂ ਦਾ ਗਿਆਨ ਅੱਖਾਂ ਵਿਚ ਪਾਇਆ ਤਾਂ ਹੁਣ ਅੱਖਾਂ ਜਿਸ ਪਾਸੇ ਵੀ ਦੇਖਦੀਆਂ ਹਨ, ਪ੍ਰਮਾਤਮਾ ਵਿਆਪਕ ਦਿਖਾਈ ਦੇਂਦਾ ਹੈ। ਹਰ ਪਾਸੇ ਰੰਮਿਆ ਹੋਇਆ ਦਿਖਾਈ ਦੇਂਦਾ ਹੈ।

ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ॥ ੨॥

ਇਸ ਵਾਸਤੇ ਸਾਹਿਬ ਕਹਿੰਦੇ ਹਨ ਕਿ ਮੇਰੀ ਬੇਨਤੀ ਹੈ, ਸਦਾ ਉਸ ਅਕਾਲ ਪੁਰਖ ਦਾ ਸਿਮਰਨ ਕਰੀਏ, ਜੋ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਤੇ ਸਾਰੇ ਸੁੱਖਾਂ ਦੇ ਪ੍ਰਕਾਸ਼ ਕਰਨ ਵਾਲਾ ਹੈ।

ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ॥

ਉਸ ਅਕਾਲ ਪੁਰਖ ਨੇ ਆਪ ਬਖ਼ਸ਼ਿਸ਼ ਕੀਤੀ ਹੈ, ਰਹਿਮਤ ਕੀਤੀ ਹੈ ਤੇ ਆਪਣੇ ਲੜ ਲਾ ਲਿਆ ਹੈ।

ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ॥

ਹੇ ਪਰੀਪੂਰਨ ਪ੍ਰਮਾਤਮਾ! ਤੂੰ ਤਾਂ ਅਗੰਮ ਹੈਂ, ਅਪਾਰ ਹੈਂ, ਪਰ ਤੇਰੇ ਸਾਹਮਣੇ ਮੈਂ ਬਿਲਕੁਲ ਨਿਗੂਣਾ ਜਿਹਾ ਤਰ੍ਹਾਂ ਤਰ੍ਹਾਂ ਦੇ ਔਗੁਣਾਂ ਦੇ ਨਾਲ ਭਰਿਆ ਹੋਇਆ ਹਾਂ।

ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ॥

ਹੇ ਪਰੀਪੂਰਨ ਪ੍ਰਮਾਤਮਾ! ਤੂੰ ਸਦਾ ਆਪਣੇ ਸੰਗਿ ਰੱਖ, ਆਪਣੇ ਕੋਲ ਰੱਖ। ਇਹ ਬਿਰਧ ਹੈ ਤੇਰਾ, ਇਹ ਸੁਭਾਵ ਹੈ ਤੇਰਾ। ਇਸ ਵਾਸਤੇ ਸਦਾ ਤੂੰ ਆਪਣੇ ਨਿਕਟ ਰੱਖ। ਇਸ ਨਿਰਗੁਣਹਾਰੇ ਨੂੰ, ਇਸ ਔਗੁਣਹਾਰੇ ਨੂੰ ਹਮੇਸ਼ਾ ਆਪਣੇ ਨਿਕਟ ਰੱਖ।

ਜੀਅ ਜੰਤੁ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ॥

ਸਾਰੇ ਜੀਵ ਤੇਰੇ ਬਣਾਏ ਹੋਏ ਤੇਰੇ ਵੱਸ ਵਿਚ ਹਨ। ਫਿਰ ਤੂੰ ਸਾਰਿਆਂ ਦੀ ਸੰਭਾਲ ਵੀ ਕਰਦਾ ਹੈਂ। ਸਾਰਿਆਂ ਦੀ ਸਾਰ ਵੀ ਲੈਂਦਾ ਹੈਂ। ਹਰ ਇਕ ਜੀਵ ਦੇ ਉੱਤੇ ਤੇਰੀ ਨਿਗਾਹ ਹੈ। ਹਰ ਇਕ ਜੀਵ ਦੀ ਤੂੰ ਬੇਨਤੀ ਸੁਣ ਰਿਹਾ ਹੈਂ। ਤੂੰ ਸਾਰਿਆਂ ਦੀ ਸੰਭਾਲ ਵੀ ਕਰ ਰਿਹਾ ਹੈਂ।

ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ॥

ਸਾਹਿਬ ਕਹਿੰਦੇ ਹਨ ਕਿ ਜੱਪਦਿਆਂ ਜਪਦਿਆਂ, ਗੁਰੂ ਦੀ ਸੰਗਤ ਵਿਚ ਬੈਠਦਿਆਂ-ਬੈਠਦਿਆਂ, ਗਾਉਂਦਿਆਂ-ਗਾਉਂਦਿਆਂ ਇਕ ਗੱਲ ਦੀ ਸਮਝ ਆ ਗਈ ਕਿ ਤੂੰ ਪਰੀਪੂਰਨ ਪ੍ਰਮਾਤਮਾ ਆਪ ਹੀ ਕਰਤਾ ਹੈਂ ਤੇ ਕ੍ਰਿਤ ਵਿਚ ਬੈਠ ਕੇ ਹਰ ਪਦਾਰਥ ਦੇ ਭੋਗਣ ਵਾਲਾ, ਹਰ

ਤਰ੍ਹਾਂ ਦੀ ਵਿਚਾਰ ਨੂੰ ਤੂੰ ਆਪ ਹੀ ਵਿਚਾਰਨ ਵਾਲਾ ਹੈਂ।

ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ॥ ੩॥

ਸਾਹਿਬ ਕਹਿੰਦੇ ਹਨ ਕਿ ਉਹਦੇ ਗੁਣ ਗਾ-ਗਾ ਕੇ ਹੀ ਅਧਿਆਤਮਕ ਜੀਵਨ ਪ੍ਰਾਪਤ ਹੋਇਆ ਹੈ ਅਤੇ ਜੀਅ ਰਹੇ ਹਾਂ। ਸਦਾ ਉਸ ਬਨਵਾਰੀ ਨੂੰ, ਸਦਾ ਉਸ ਬਨ ਬਨ ਵਿਚ ਰੰਮੇ ਹੋਏ ਪ੍ਰਮਾਤਮਾ ਨੂੰ ਗਾਇਨ ਕਰੀਏ। ਉਹੀ ਅਧਿਆਤਮਕ ਜੀਵਨ ਹੈ। ਉਹੀ ਜ਼ਿੰਦਗੀ ਹੈ।

ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ॥

ਸਾਹਿਬ ਕਹਿੰਦੇ ਹਨ, ਤੇਰੇ ਦਰਸ਼ਨਾਂ ਨੂੰ ਅੱਖਾਂ ਤੋਂ ਪਰੇ ਪੂਰਨ ਤੌਰ 'ਤੇ ਵੇਖਣਾ ਕਠਿਨ ਹੈ। ਅਪਰਮ ਅਪਾਰ ਇਹ ਤੇਰੇ ਦਰਸ਼ਨ ਅਤੀ ਸੁੰਦਰ, ਅਤੀ ਅਨੂਪਮ ਹਨ।

ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ॥

ਦਿਨ ਰਾਤ ਤੇਰੇ ਸੇਵਕ ਤੇਰਾ ਨਾਮ ਜੱਪਦੇ ਹਨ। ਨਾ ਤਾਂ ਤੇਰਾ ਮੁੱਲ ਹੈ, ਨਾ ਹੀ ਤੈਨੂੰ ਕੋਈ ਤੋਲਿਆ ਜਾ ਸਕਦਾ ਹੈ, ਭਾਵ ਤੂੰ ਪੈਸਿਆਂ ਤੋਂ ਪਰੇ ਹੈਂ। ਗਿਣਤੀ ਤੋਂ ਪਰੇ ਹੈਂ, ਤੋਲਣ ਤੋਂ ਪਰੇ ਹੈਂ, ਨਾਪਣ ਤੋਂ ਪਰੇ ਹੈਂ। ਇਸ ਤਰ੍ਹਾਂ ਦਾ ਤੂੰ ਅਮੁੱਲ ਅਤੇ ਅਤੁੱਲ ਹੈਂ।

ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ॥

ਜਿੰਨ੍ਹਾਂ ਉਪਰ ਤੇਰੀ ਬਖ਼ਸ਼ਿਸ਼ ਹੋਈ ਹੈ, ਰਹਿਮਤ ਹੋਈ ਹੈ, ਉਹ ਤੇਰੇ ਰੱਸ ਵਿਚ ਲੀਨ ਹੋ ਗਏ ਹਨ। ਤੇਰੇ ਰੱਸ ਦਾ ਅਨੰਦ ਮਾਣ ਰਹੇ ਹਨ।

ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ॥

ਜਿੰਨ੍ਹਾਂ ਦੀ ਪ੍ਰਾਲਬੱਧ ਜਾਗੀ ਹੈ, ਉਹ ਗੁਰੂ ਦੇ ਚਰਨਾਂ ਨਾਲ ਜੁੜ ਕੇ ਸਦੀਵੀ ਜਾਗਰਤ ਅਵੱਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਹਰ ਵਕਤ ਸੁਚੇਤ ਰਹਿੰਦੇ ਹਨ ਕਿ ਕੋਈ ਅਨਰਥ ਨਾ ਹੋ ਜਾਵੇ, ਕੋਈ ਅਸ਼ੁੱਭ ਬੋਲ ਨਾ ਬੋਲਿਆ ਜਾਏ, ਕਿਤੇ ਪੈਰ ਥਿੜਕ ਨਾ ਜਾਣ। ਕੋਈ ਹੱਥ ਗ਼ਲਤ ਕੰਮ ਨਾ ਕਰਨ। ਇਸ ਤਰੀਕੇ ਨਾਲ ਉਹ ਸੁਚੇਤ ਰਹਿ ਰਹੇ ਹਨ। ਹਰ ਵਕਤ ਸਾਵਧਾਨ ਰਹਿੰਦੇ ਹਨ।

ਸਦ ਸਦਾ ਸਿੰਮ੍ਰਤਬ੍ਯ ਸੁਆਮੀ ਸਾਸਿ ਸਾਸਿ ਗੁਣ ਬੋਲਈ॥

ਸਾਹਿਬ ਕਹਿੰਦੇ ਹਨ, ਇਸ ਤਰ੍ਹਾਂ ਦੇ ਜਿਹੜੇ ਪੁਰਖ ਹਨ, ਸਵਾਸ ਸਵਾਸ ਪ੍ਰਭੂ ਦਾ ਨਾਮ ਜਪਦੇ ਹਨ, ਹਰ ਵਕਤ ਉਸਦੀ ਯਾਦ ਵਿਚ ਰਹਿੰਦੇ ਹਨ। ਹਰ ਵਕਤ ਉਸਦੀ ਸਿਮਰਤੀ ਵਿਚ ਰਹਿੰਦੇ ਹਨ।

ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ॥ ੪॥ ੧॥

ਇਸ ਵਾਸਤੇ ਸਤਿਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪਰੀਪੂਰਨ ਪ੍ਰਮਾਤਮਾ! ਇਸ ਤਰ੍ਹਾਂ ਦੇ ਜੋ ਸਤਿਸੰਗੀ ਹਨ, ਇਸ ਤਰ੍ਹਾਂ ਦੇ ਜੋ ਸਾਧੂ ਗੁਰੂ ਹਨ, ਉਹਦੇ ਚਰਨਾਂ ਦੀ ਖ਼ਾਕ,

ਉਹਦੇ ਕਦਮਾਂ ਦੀ ਖ਼ਾਕ ਮੈਨੂੰ ਪ੍ਰਾਪਤ ਹੋਵੇ, ਮੈਨੂੰ ਨਸੀਬ ਹੋਵੇ, ਤਾਂਕਿ ਉਸ ਦਾ ਸਦਕਾ ਸਦੀਵੀ ਮੈਂ ਤੇਰੇ ਗੁਣ ਗਾਇਨ ਕਰਦਾ ਰਹਾਂ।

ਭੁੱਲਾਂ ਚੁੱਕਾਂ ਦੀ ਮੁਆਫ਼ੀ। ਅੱਗੇ ਜਿਵੇਂ ਗੁਰੂ ਬਾਬੇ ਨੇ ਬਖ਼ਸ਼ਿਸ਼ ਕੀਤੀ। ਸਾਰਿਆਂ ਦਾ ਧੰਨਵਾਦ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

☆☆☆